ISSN 2394-8507
ਭੇਟਾ : ₹ ੫/-

ਮਾਸਿਕ

ਗੁਰਮਤਿ ਪ੍ਰਕਾਸ਼

ਜਿਲਦ : ੬੯ ਸਾਵਣ-ਭਾਦੋਂ ਸੰਮਤ ਨਾਨਕਸ਼ਾਹੀ ੫੫੭ ਅਗਸਤ ੨੦੨੫ ਅੰਕ : ੫
Vol. : 69 August 2025 Issue : 5



ਗੁਰਦੁਆਰਾ
ਬਾਬਾ ਅਟੱਲ ਰਾਇ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਸਾਵਣ-ਭਾਦੋਂ, ਸੰਮਤ ਨਾਨਕਸ਼ਾਹੀ ੫੫੭ ਅਗਸਤ 2025

ਜਿਲਦ ੬੯ (Vol. 69) ਅੰਕ ੦੫ (Issue 05)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	S 5	ਸਾਲਾਨਾ	S 1250
ਸਾਲਾਨਾ	S 50	ਪੰਜ ਸਾਲ	S 5000
ਪੰਜ ਸਾਲ	S 250	ਲਾਈਫ਼	10000
ਲਾਈਫ਼	S 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੬
ਸ੍ਰੀ ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਪਿਛੋਕੜ	-ਡਾ. ਧਰਮ ਸਿੰਘ	੮
ਪਹਿਲਾ ਸਿੱਖ ਹੁਕਮਰਾਨ: ਬਾਬਾ ਬੰਦਾ ਸਿੰਘ ਬਹਾਦਰ	-ਪ੍ਰੋ. ਕਿਰਪਾਲ ਸਿੰਘ ਬਡੂੰਗਰ	੧੩
ਅਗਸਤ ਅਤੇ ਸਤੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੨੦
ਬਾਣੀ ਮਦ ਤੇ ਹੋਛਾ ਮਦ	-ਪ੍ਰਿੰਸੀਪਲ ਨਰਿੰਦਰ ਸਿੰਘ ਸੋਚ	੨੧
'ਏਕ ਗ੍ਰੰਥ - ਏਕ ਪੰਥ': ਸੇਵਾ ਜਾਂ ਸਾਜ਼ਿਸ਼	-ਸ. ਗੁਰਚਰਨਜੀਤ ਸਿੰਘ ਲਾਂਬਾ	੨੫
ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ...	-ਡਾ. ਸਤਿੰਦਰ ਸਿੰਘ	੨੭
ਅਕਲੀ ਸਾਹਿਬੁ ਸੇਵੀਐ...	-ਭਾਈ ਰੇਸ਼ਮ ਸਿੰਘ	੩੪
ਸੇਵਾ	-ਡਾ. ਰਾਜਵਿੰਦਰ ਸਿੰਘ ਜੋਗਾ	੪੨
ਹੱਥ-ਲਿਖਤ ਜਨਮ ਸਾਖੀ ਖਰੜਿਆਂ ਦੀ ਚਿਤਰਨ ਪਰੰਪਰਾ	-ਡਾ. ਜਸਵਿੰਦਰ ਸਿੰਘ	੪੫
ਬਹੁਪੱਖੀ ਸ਼ਖ਼ਸੀਅਤ: ਗਿਆਨੀ ਸੋਹਣ ਸਿੰਘ ਸੀਤਲ	-ਸ੍ਰੀ ਰਮੇਸ਼ ਬੱਗਾ ਚੋਹਲਾ	੫੬
ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ.	-ਸ੍ਰੀ ਦਲਜੀਤ ਰਾਏ ਕਾਲੀਆ	੬੦
ਕਵੀਸ਼ਰ ਪੰਡਿਤ ਮੋਹਣ ਸਿੰਘ ਘਰਿਆਲਾ	-ਸ. ਜਸਵੰਤ ਸਿੰਘ	੬੭
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੂਟੈ ਪਾਲਿ	-ਡਾ. ਸ਼ਿਆਮ ਸੁੰਦਰ ਦੀਪਤੀ	੭੨
ਅਗਸਤ ਮਹੀਨੇ ਨਾਲ ਸੰਬੰਧਿਤ	-ਡਾ. ਗੁਰਪ੍ਰੀਤ ਸਿੰਘ	੭੫
ਸ਼ਖ਼ਸੀਅਤਾਂ ਅਤੇ ਦਿਹਾੜੇ:- (ਮਹਾਰਾਣੀ ਜਿੰਦਾਂ..., ਭਗਤ ਪੂਰਨ ਸਿੰਘ ਜੀ, ਮੋਰਚਾ ਗੁਰੂ ਕਾ ਬਾਗ, ਸ. ਠਾਕੁਰ ਸਿੰਘ ਸੰਧਾਵਾਲੀਆ, ਗਿਆਨੀ ਗਰਜਾ ਸਿੰਘ, ਸ. ਸੇਵਾ ਸਿੰਘ ਠੀਕਰੀਵਾਲਾ, ਭਾਈ ਕਾਨ੍ਹ ਸਿੰਘ ਨਾਭਾ)		
ਬਿਹਾਗੜੇ ਕੀ ਵਾਰ ਮਹਲਾ ੪	-ਮਾ. ਬਲਬੀਰ ਸਿੰਘ ਹੰਸਪਾਲ	੮੫
ਸਿੱਖ ਸਾਹਿਤ ਦੇ ਰੂ-ਬ-ਰੂ ੩	-ਡਾ. ਰਣਜੀਤ ਕੌਰ ਪੰਨਵਾਂ	੮੭
ਬੱਚਿਆਂ ਦਾ ਕਾਲਮ: (ਮਨ ਦੀ ਹਾਜ਼ਰੀ)	-ਸ. ਸੁਖਦੇਵ ਸਿੰਘ ਸ਼ਾਂਤ	੮੯
ਖ਼ਬਰਨਾਮਾ		੯੦

ਗੁਰਬਾਣੀ ਵਿਚਾਰ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਅੰਦਰ ਭਾਦਰੋਂ ਦੇ ਮਹੀਨੇ ਦੀ ਸਖ਼ਤ ਤੇ ਮੌਸਮੀ ਮੁਸ਼ਕਲਾਂ ਵਾਲੀ ਰੁੱਤ ਨੂੰ ਪਿੱਠਭੂਮੀ ਵਿਚ ਰੱਖਦੇ ਹੋਏ ਮਨੁੱਖ-ਮਾਤਰ ਨੂੰ ਮੌਤ ਦੀ ਅਟੱਲਤਾ ਅਤੇ ਪਰਵਾਰਿਕ ਰਿਸ਼ਤਿਆਂ ਦੀ ਅਸਾਰਤਾ ਤੇ ਪਰਿਵਰਤਨਸ਼ੀਲਤਾ ਬਾਰੇ ਦੱਸਦਿਆਂ ਪ੍ਰਭੂ-ਨਾਮ ਦੇ ਮੂਲ ਤੱਤ ਨੂੰ ਜਾਣਨ ਤੇ ਪਛਾਣਨ ਵਾਸਤੇ ਪ੍ਰੇਰਨਾ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਸ ਜੀਵ ਇਸਤਰੀ ਤੋਂ ਉਸ ਦਾ ਜੀਵਨ-ਮਾਰਗ ਖੁੰਝ ਗਿਆ, ਉਸ ਦੀ ਹਾਲਤ ਉਹੀ ਹੈ ਜੋ ਭਾਦਰੋਂ ਮਹੀਨੇ ਦੇ ਭਰਮਾਊ ਗੇੜਿਆਂ ਵਿਚ ਫਸ ਜਾਣ ਵਾਲੇ ਮਨੁੱਖ ਦੀ ਹੁੰਦੀ ਹੈ। ਉਸ ਜੀਵ-ਇਸਤਰੀ ਨੇ ਪ੍ਰਭੂ-ਪਤੀ ਨੂੰ ਭੁਲਾ ਕੇ ਦੂਸਰੇ ਨਾਲ ਪਿਆਰ ਪਾ ਲਿਆ। ਫਿਰ ਜੀਵ-ਇਸਤਰੀ ਨੇ ਭਾਵੇਂ ਲੱਖਾਂ ਹਾਰ-ਸ਼ਿੰਗਾਰ ਕੀਤੇ ਪਰ ਉਹ ਕਿਸੇ ਕੰਮ ਨਾ ਆਏ। ਹਾਰ-ਸ਼ਿੰਗਾਰ ਤਾਂ ਪ੍ਰਭੂ-ਪਤੀ ਨੂੰ ਰਿਝਾਉਣ ਵਾਸਤੇ ਕਰਨੇ ਸਨ। ਸੂਖ਼ਮ ਰਮਜ਼ ਹੈ ਕਿ ਹਾਰ-ਸ਼ਿੰਗਾਰ ਮਨੁੱਖ-ਰੂਪੀ ਜੀਵ-ਇਸਤਰੀ ਦੇ ਨਿਰਮਲ ਸੁੰਦਰ ਆਚਰਣਕ ਗੁਣ ਹਨ। ਪ੍ਰਭੂ ਪ੍ਰੀਤਮ ਜੀ ਗੁਣਾਂ-ਰੂਪੀ ਹਾਰ-ਸ਼ਿੰਗਾਰ ਦੁਆਰਾ ਹੀ ਪ੍ਰਸੰਨ ਹੋ ਸਕਦੇ ਹਨ। ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਦਿਨ ਮਨੁੱਖੀ ਸਰੀਰ ਨੇ ਖ਼ਤਮ ਹੋ ਜਾਣਾ ਹੁੰਦਾ ਹੈ, ਇਨਸਾਨ ਨੂੰ ਉਸ ਵੇਲੇ ਹੀ ਇਸ ਦਾ ਪਤਾ ਚੱਲਦਾ ਹੈ। ਸਰੀਰ 'ਚੋਂ ਜੀਵ-ਆਤਮਾ ਨੂੰ ਲੈ ਜਾਣ ਵਾਲੇ ਕਿਸੇ ਨੂੰ ਥਹੁ-ਪਤਾ ਨਹੀਂ ਦੱਸਦੇ ਕਿ ਉਹ ਉਸ ਨੂੰ ਕਿੱਥੇ ਲੈ ਚੱਲੇ ਹਨ। ਵੱਧ ਤੋਂ ਵੱਧ ਮੋਹ-ਪਿਆਰ ਜਤਾਉਣ ਵਾਲੇ ਵੀ ਉਸ ਘੜੀ ਜਾਣ ਵਾਲੇ ਜੀਵ ਦਾ ਸਾਥ ਛੱਡ ਖਲੋਂਦੇ ਹਨ, ਜਿਨ੍ਹਾਂ ਨਾਲ ਉਸ ਜੀਵ ਨੇ ਬੜਾ ਮੋਹ ਲਾ ਲਿਆ ਹੁੰਦਾ ਹੈ। ਜੀਵ ਇਸ ਅੰਤਲੇ ਸਮੇਂ ਰੁਖ਼ਸਤ ਹੋਣ ਵੇਲੇ ਆਪਣੇ ਦੁਆਰਾ, ਹੱਦੋਂ ਵੱਧ ਸੰਸਾਰਿਕ ਮੋਹ ਕਰਕੇ, ਜੀਵਨ ਉਦੇਸ਼ ਪੂਰਾ ਕਰਨ ਵੱਲ ਧਿਆਨ ਨਾ ਦੇਣ ਦਾ ਦੁੱਖ ਮਨਾਉਂਦਾ ਹੈ। ਹੱਥ ਮਰੋੜਦਾ ਹੈ। ਉਸ ਦਾ ਸਾਰਾ ਸਰੀਰ ਕੰਬਦਾ ਹੈ। ਉਸ ਦਾ ਸਾਧਾਰਨ ਰੰਗ ਪਹਿਲਾਂ ਚਿੱਟੇ ਅਤੇ ਫਿਰ ਕਾਲੇ ਵਿਚ ਬਦਲ ਜਾਂਦਾ ਹੈ। ਪਰੰਤੂ ਹੁਣ ਦੁੱਖ ਮਨਾਉਣ ਨਾਲ ਕੀ ਹੋ ਸਕਦਾ ਹੈ? ਪਰਮਾਤਮਾ ਵੱਲੋਂ ਮਿਲਿਆ ਇਹ ਸਰੀਰ ਤਾਂ ਇਨਸਾਨੀ ਕਰਮਾਂ ਨੂੰ ਬੀਜਣ ਅਤੇ ਪਏ ਬੀਜ ਅਨੁਸਾਰ ਹੀ ਵੱਢੀ ਜਾ ਸਕਣ ਵਾਲੀ ਫ਼ਸਲ ਵਾਲਾ ਖੇਤ ਹੈ। ਹੇ ਨਾਨਕ! ਜੋ ਪ੍ਰਭੂ ਦੀ ਸ਼ਰਣ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਪ੍ਰਭੂ ਚਰਨ ਰੂਪ ਜਹਾਜ਼ (ਵਿਚ ਚੜ੍ਹਾ) ਦਿੰਦਾ ਹੈ। ਆਪ ਦੇ ਚਰਨ ਹੀ ਸੰਸਾਰ-ਸਾਗਰ ਤੋਂ ਪਾਰ ਲਿਜਾਣ ਵਾਲਾ ਜਹਾਜ਼ ਹਨ। ਉਹ ਇਨਸਾਨ ਜੋ ਸੱਚੇ ਰੂਹਾਨੀ ਪੱਥ-ਪ੍ਰਦਰਸ਼ਕ ਗੁਰੂ ਦੀ ਅਗਵਾਈ ਮੰਨ ਲੈਂਦੇ ਹਨ, ਉਹ ਭਾਦਰੋਂ ਮਹੀਨੇ ਵਰਗੇ ਨਰਕ ਵਿਚ ਨਹੀਂ ਪਾਏ ਜਾਂਦੇ। ■

ਸੰਪਾਦਕੀ...

ਬਾਣੀ ਗੁਰੂ ਗੁਰੂ ਹੈ ਬਾਣੀ...

ਅੱਜ ਦਾ ਮਨੁੱਖ ਕੁਦਰਤ ਵਿਚ ਵਾਪਰ ਰਹੀਆਂ ਛੋਟੀਆਂ-ਵੱਡੀਆਂ ਤਮਾਮ ਘਟਨਾਵਾਂ ਨੂੰ ਸਮਝਣ ਦੇ ਸਮਰੱਥ ਹੋ ਚੁੱਕਾ ਹੈ। ਇਸ ਬੌਧਿਕ ਸੁਚੇਤਤਾ ਦਾ ਸਿਹਰਾ ਬੇਸ਼ੱਕ ਵਿਗਿਆਨ ਦੇ ਸਿਰ ਵੀ ਬੰਨ੍ਹਿਆ ਜਾਂਦਾ ਹੈ, ਪਰ ਗੁਰੂ ਸਾਹਿਬਾਨ ਨੇ ਅੱਜ ਤੋਂ ਲਗਪਗ ਪੰਜ ਸੌ ਸਾਲ ਪਹਿਲਾਂ ਹੀ ਬ੍ਰਹਿਮੰਡੀ ਪੱਧਰ 'ਤੇ ਵਾਪਰ ਰਹੀਆਂ ਕ੍ਰਿਆਵਾਂ ਅਤੇ ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਆਪਣਾ ਸਪੱਸ਼ਟ ਨਜ਼ਰੀਆ ਦੱਸ ਕੇ ਇਸ ਪ੍ਰਥਾਇ ਪ੍ਰਚਲਿਤ ਭ੍ਰਾਂਤੀਆਂ ਨੂੰ ਖਤਮ ਕਰਨ ਦਾ ਯਤਨ ਕੀਤਾ ਸੀ। ਸਮਾਜ ਅੰਦਰ ਪ੍ਰਚਲਿਤ ਭਰਮ-ਮੂਲਕ ਰਸਮਾਂ ਦਾ ਖੰਡਨ ਕਰ ਕੇ ਸਾਨੂੰ ਨਿਰੋਈ ਜੀਵਨ-ਜਾਚ ਦੇ ਧਾਰਨੀ ਬਣਾਇਆ। ਗਿਆਨ ਦੇ ਅਥਾਹ ਸਾਗਰ ਗੁਰਬਾਣੀ ਦੀ ਰਚਨਾ ਕਰ ਕੇ ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਦੀਆਂ ਦੀਵਾਰਾਂ ਨੂੰ ਤੋੜਿਆ ਅਤੇ ਨਿਰੋਏ ਸਮਾਜ ਦੀ ਸਿਰਜਣਾ ਕੀਤੀ।

ਸਾਡੇ ਕੋਲ ਅਥਾਹ ਅਧਿਆਤਮਕ ਗਿਆਨ ਦਾ ਸੋਮਾ ਗੁਰਬਾਣੀ ਦੇ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਵਾਲਾ ਕੋਈ ਵੀ ਸਿੱਖ ਵਹਿਮਾਂ-ਭਰਮਾਂ ਦੀ ਦਲਦਲ ਵਿਚ ਨਹੀਂ ਫਸ ਸਕਦਾ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਵਿੱਚੋਂ ਇਨ੍ਹਾਂ ਭਰਮਾਂ-ਪਖੰਡਾਂ ਨੂੰ ਦੂਰ ਕਰਨ ਲਈ ਉਪਦੇਸ਼ ਪੱਖੋਂ ਕੋਈ ਕਸਰ ਨਹੀਂ ਛੱਡੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ ਤੋਂ ਵਾਂਝੇ ਮਨੁੱਖ ਦੀ ਮੱਤ ਰੂਪੀ ਬਾਂਸ ਹੀ ਖੋਖਲਾ ਹੈ, ਤਾਂ ਉਪਦੇਸ਼ ਰੂਪੀ ਫੂਕ ਬਿਨਾ ਕੋਈ ਗਿਆਨ ਦਾ ਨਾਦ ਛੇੜੇ ਲੰਘ ਜਾਵੇਗੀ ਅਤੇ ਗੁਰੂ ਦੇ ਗਿਆਨ ਤੋਂ ਬਿਨਾ ਵਹਿਮਾਂ-ਭਰਮਾਂ, ਪਖੰਡਾਂ ਦੇ ਅੰਧਕਾਰ ਵਿਚ ਹੀ ਫਸਿਆ ਰਹੇਗਾ।

*ਸੰਸਾਰ ਅੰਦਰ ਫੈਲੇ ਇਨ੍ਹਾਂ ਵਹਿਮਾਂ-ਭਰਮਾਂ, ਪਖੰਡਾਂ ਦੀ ਜਦੋਂ ਗੱਲ ਚੱਲਦੀ ਹੈ ਤਾਂ ਇਸ ਮਾਨਸਿਕ ਕਮਜ਼ੋਰੀ ਲਈ ਪ੍ਰਚਾਰ ਦੀ ਕਮੀ ਨੂੰ ਜ਼ਿੰਮੇਦਾਰ ਠਹਿਰ ਦਿੱਤਾ ਜਾਂਦਾ ਹੈ, ਪਰ ਇਸ ਸਭ ਕਾਸੇ ਦਾ ਅਸਲ ਕਾਰਨ ਸਾਡੀ **ਹਾਥ ਦੀਪ ਕੂਐ ਪੜੈ** ਵਾਲੀ ਦਸ਼ਾ ਜਾਪਦੀ ਹੈ। ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਪ੍ਰਤੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ, ਸਭਾ-ਸੁਸਾਇਟੀਆਂ ਆਪੋ-ਆਪਣੀ ਸਮਰੱਥਾ ਅਨੁਸਾਰ ਨਿਰੰਤਰ ਯਤਨਸ਼ੀਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਵਿਸ਼ੇਸ਼ ਰੂਪ ਵਿਚ ਧਰਮ ਪ੍ਰਚਾਰ ਲਹਿਰ ਚਲਾਈ ਜਾ ਰਹੀ ਹੈ।*

ਗੁਰੂ ਦੇ ਸਿੱਖ ਹੋਣ ਦੇ ਨਾਤੇ ਸਾਡਾ ਵਿਅਕਤੀਗਤ ਫਰਜ਼ ਵੀ ਬਣਦਾ ਹੈ ਕਿ ਅਸੀਂ ਵੱਧ ਤੋਂ ਵੱਧ ਗੁਰਬਾਣੀ ਅਤੇ ਗੁਰਮਤਿ ਸਾਹਿਤ ਆਪ ਪੜ੍ਹੀਏ ਅਤੇ ਆਪਣੇ ਬੱਚਿਆਂ ਅੰਦਰ ਵੀ ਪੜ੍ਹਨ ਦੀ ਰੁਚੀ ਪੈਦਾ ਕਰੀਏ। ਕੀ ਅੱਜ ਅਸੀਂ ਇੰਨੇ ਅਵੇਸਲੇ ਹੋ ਗਏ ਹਾਂ ਕਿ ਅਸੀਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਤੋਂ ਵੀ ਅਣਜਾਣ ਹਾਂ। ਸਿੱਖ ਰਹਿਤ ਮਰਯਾਦਾ

ਅੰਦਰ ਗੁਰਮਤਿ ਦੀ ਰਹਿਣੀ ਬਾਰੇ ਗੱਲ ਕਰਦਿਆਂ ਬਿਲਕੁੱਲ ਸਪੱਸ਼ਟ ਲਿਖਿਆ ਹੋਇਆ ਹੈ ਕਿ ਸਿੱਖ ਨੇ:

ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ-ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ। ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।. . . ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ,ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉੱਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਛੁੱਟ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਪੀਰ, ਬ੍ਰਾਹਮਣ, ਪੁੱਛਣਾ . . . ਆਦਿ ਉੱਤੇ ਨਿਸ਼ਚਾ ਨਹੀਂ ਕਰਨਾ।

ਇਸ ਤੋਂ ਇਲਾਵਾ ਅਸੀਂ ਅੱਜ ਵੀ ਜਾਤ-ਪਾਤ ਤੇ ਉਚ-ਨੀਚ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਾਂ, ਇਹ ਸਭ ਕੁਝ ਹੱਥ ਵਿਚ ਦੀਵਾ ਹੁੰਦਿਆਂ ਖੂਹ ਵਿਚ ਡਿੱਗਣ ਵਾਲੀ ਗੱਲ ਹੈ। ਅੱਜ ਕਿੱਥੇ ਖੜੀ ਹੈ ਸਾਡੀ ਮਾਨਸਿਕ ਅਵਸਥਾ? ਕੀ ਇਹ ਸਭ ਕੁਝ ਕਰਕੇ ਅਸੀਂ ਆਪਣੇ ਆਪ ਨੂੰ ਅੱਜ ਵੀ ਮਨੁੱਖੀ ਵਿਕਾਸ ਦੇ ਮੁਢਲੇ ਪੜਾਅ ਉੱਪਰ ਹੀ ਖੜ੍ਹੇ ਮਹਿਸੂਸ ਨਹੀਂ ਕਰਦੇ?

ਅਸਲ ਵਿਚ ਇਹ ਵਹਿਮ, ਭਰਮ, ਪਖੰਡ ਆਦਿ ਕਮਜ਼ੋਰ ਮਾਨਸਿਕਤਾ ਦੀ ਹੀ ਉਪਜ ਹਨ, ਜੋ ਵਿਅਕਤੀ, ਉਸ ਦੇ ਪਰਵਾਰ ਅਤੇ ਸਮਾਜ ਦਾ ਤਵਾਜਨ ਵਿਗਾੜਦੇ ਹਨ। ਇਨ੍ਹਾਂ ਸਾਰੇ ਭਰਮ-ਭੁਲੇਖਿਆਂ ਦਾ ਗੁਰਬਾਣੀ ਹੀ ਅਸਲ ਸਮਾਧਾਨ ਹੈ। ਗੁਰਬਾਣੀ ਹੀ ਮਨੁੱਖੀ ਸੁਰਤ ਨੂੰ ਬਲਵਾਨ ਕਰ ਕੇ ਇਨ੍ਹਾਂ ਵਹਿਮਾਂ-ਭਰਮਾਂ ਪਖੰਡਾਂ ਤੋਂ ਨਿਜਾਤ ਦਿਵਾ ਸਕਦੀ ਹੈ। ਗੁਰਬਾਣੀ ਪੜ੍ਹਨ, ਸੁਣਨ ਅਤੇ ਮੰਨਣ ਨਾਲ ਹੀ ਆਤਮਿਕ ਬਲ ਪੈਦਾ ਹੋਵੇਗਾ ਅਤੇ ਇਹ ਆਤਮਿਕ ਬਲ ਹੀ ਮਾਨਸਿਕ ਕਮਜ਼ੋਰੀਆਂ ਨੂੰ ਦੂਰ ਕਰ ਕੇ ਨਿਰੋਈ ਗੁਰਮਤਿ ਜੀਵਨ-ਜਾਚ ਦੇ ਧਾਰਨੀ ਹੋਣ ਵਿਚ ਸਹਾਈ ਹੋਵੇਗਾ, ਕਿਉਂਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ- ***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*** *ਭਾਵ ਕਿ ਗੁਰੂ ਦੀ ਬਾਣੀ ਹੀ ਸਿੱਖ ਦਾ ਗੁਰੂ ਹੈ। ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਹੈ। ਗੁਰਬਾਣੀ ਉਚਾਰਨ ਕਰਦਾ ਹੋਇਆ ਜੋ ਗੁਰੂ ਦਾ ਸੇਵਕ ਬਾਣੀ 'ਤੇ ਸ਼ਰਧਾ ਧਾਰਦਾ ਹੈ ਗੁਰੂ ਉਸ ਸਿੱਖ ਨੂੰ ਯਕੀਨੀ ਤੌਰ 'ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।*

ਸੋ ਆਓ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨਾ ਦਿਵਸ ਮੌਕੇ ਪ੍ਰਣ ਕਰੀਏ ਕਿ ਅਸੀਂ ਗੁਰਬਾਣੀ ਦੇ ਦੱਸੇ ਮਾਰਗ ਉੱਤੇ ਚਲਾਂਗੇ ਅਤੇ ਗਾਹੇ-ਬਗਾਹੇ ਕੋਈ ਵੀ ਅਜਿਹਾ ਕਰਮ ਨਹੀਂ ਕਰਾਂਗੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀਆਂ ਸਿੱਖਿਆਵਾਂ ਦੇ ਉਲਟ ਹੋਵੇ। ■

ਸ੍ਰੀ ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਪਿਛੋਕੜ

*-ਡਾ. ਧਰਮ ਸਿੰਘ**

ਬਾਣੀ ਰਚਣ, ਭਗਤ ਬਾਣੀ ਇਕੱਠੀ ਕਰਨ ਅਤੇ ਫਿਰ ਇਸ ਸਾਰੇ ਸੰਗ੍ਰਹਿ ਨੂੰ ਇਕ ਪ੍ਰਸਤਾਵਿਤ ਗ੍ਰੰਥ ਤਿਆਰ ਕਰਨ ਦੀ ਯੋਜਨਾ ਤਹਿਤ ਅਗਲੇ ਗੁਰੂ ਸਾਹਿਬ ਤਕ ਪੁੱਜਦਾ ਕਰਨ ਦਾ ਵਿਚਾਰ, ਨਿਰਸੰਦੇਹ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ। ਇਸ ਵਿਚਾਰ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦੀ ਨੀਂਹ ਰੱਖੀ, ਕਿਉਂਕਿ ਧਰਮ ਗ੍ਰੰਥ ਕਿਸੇ ਵੀ ਧਰਮ ਨੂੰ ਪ੍ਰਚਲਿਤ ਕਰਨ ਅਤੇ ਉਸ ਨੂੰ ਸਿਧਾਂਤਕ ਸੇਧ ਦੇਣ ਵਿਚ ਅਤਿਅੰਤ ਮਹੱਤਵਪੂਰਨ ਸਥਾਨ ਰੱਖਦਾ ਹੈ। ਧਰਮ ਗ੍ਰੰਥ ਤੋਂ ਬਿਨਾਂ ਧਰਮ ਨਹੀਂ ਚੱਲ ਸਕਦੇ। ਧਰਮ ਗ੍ਰੰਥ ਵਿਚਲੇ ਵਿਚਾਰ ਹੀ ਇਕ ਧਰਮ ਨੂੰ ਦੂਜੇ ਤੋਂ ਨਿਖੇੜ ਕੇ ਉਸ ਦੀ ਵੱਖਰਤਾ ਕਾਇਮ ਰਖਦੇ ਹਨ। ਕਿਸੇ ਵੀ ਵਿਚਾਰਧਾਰਾ ਦੀ ਸਾਰਥਿਕਤਾ ਦੀ ਪਰਖ ਇਸ ਗੱਲ ਤੋਂ ਕੀਤੀ ਜਾਂਦੀ ਹੈ ਕਿ ਉਸ ਨੇ ਕਿਸ ਕਿਸਮ ਦਾ ਵਿਅਕਤੀ ਅਤੇ ਸਮਾਜ ਪੈਦਾ ਕੀਤਾ ਹੈ। ਭਗਵਤ ਗੀਤਾ, ਕੁਰਾਨ ਸ਼ਰੀਫ਼, ਧਮਪਦ ਅਤੇ ਹੋਰ ਧਰਮ ਗ੍ਰੰਥ ਉਪਰੋਕਤ ਲੋੜਾਂ ਵਿੱਚੋਂ ਹੀ ਪੈਦਾ ਹੋਏ ਮੰਨੇ ਜਾ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਵੀ ਮੱਧਕਾਲੀਨ ਧਰਮ ਗ੍ਰੰਥਾਂ ਦੀ ਪਰੰਪਰਾ ਵਿਚ ਹੀ ਰੱਖਿਆ ਜਾ ਸਕਦਾ ਹੈ, ਕਿਉਂਕਿ ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੁਆਰਾ ਨਿਰਧਾਰਿਤ ਬੁਨਿਆਦੀ ਸਿਧਾਂਤ ਅਤੇ ਇਕ ਆਦਰਸ਼ਕ ਸਿੱਖ (ਗੁਰਮੁਖ) ਦੀ ਜੀਵਨ-ਜਾਚ ਦੇ ਗੁਰ ਦੱਸੇ ਗਏ ਹਨ। ਸੰਖੇਪ ਵਿਚ ਕਹਿਣਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਸਿੱਖ ਦੀ ਦੀਨ ਤੇ ਦੁਨੀਆ ਦੀ ਹਰ ਪੱਖੋਂ ਅਗਵਾਈ ਕਰਨ ਵਾਲਾ ਪਹਿਲਾ ਰਹਿਤਨਾਮਾ ਹੈ। ਇਕ ਸਿੱਖ ਲਈ ਕਿੰਨੇ ਸਪੱਸ਼ਟ ਨਿਰਦੇਸ਼ ਹਨ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)

* #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮

ਇਤਿਹਾਸ ਵਿਚ ਸਮੇਂ-ਸਮੇਂ ਕਈ ਸੰਕਟ ਪੈਦਾ ਹੋਏ ਹਨ, ਇਨ੍ਹਾਂ ਵਿੱਚੋਂ ਸਭ ਤੋਂ ਪੁਰਾਣਾ ਤੇ ਤਿੱਖਾ 'ਸੱਭਿਆਚਾਰਕ ਸੰਕਟ' ਹੈ। ਸੱਭਿਆਚਾਰਕ ਸੰਕਟ ਇਕ ਬਹੁਪੱਖੀ ਵਰਤਾਰਾ ਹੈ, ਪਰ ਅਸੀਂ ਇੱਥੇ ਇਸ ਦੇ ਕੇਵਲ ਭਾਸ਼ਾਈ ਪ੍ਰਸੰਗ ਦੀ ਹੀ ਗੱਲ ਕਰਨੀ ਚਾਹਾਂਗੇ। ਉਸ ਸਮੇਂ ਲੋਕਾਂ ਵੱਲੋਂ ਆਪਣੀ ਜ਼ਬਾਨ ਦੀ ਕਦਰ ਨਾ ਕਰਨ ਅਤੇ ਹੁਕਮਰਾਨਾਂ ਦੀ ਜ਼ਬਾਨ ਨੂੰ ਆਪਣੀ ਜ਼ਬਾਨ ਸਮਝ ਲੈਣ ਦੀ ਭੁੱਲ ਵੱਲ ਸਭ ਤੋਂ ਪਹਿਲਾ ਸੰਕੇਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਵਿਚ ਕੀਤਾ ਹੈ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੧)

ਇਕ ਥਾਂ ਹੋਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਖੱਤਰੀਆਂ ਵੱਲੋਂ ਆਪਣੇ ਪਰੰਪਰਾਗਤ-ਕਰਮ ਨੂੰ ਤਿਆਗ ਕੇ ਮੁਸਲਮਾਨਾਂ ਦੇ ਸੱਭਿਆਚਾਰ ਅਤੇ ਉਨ੍ਹਾਂ ਦੀ ਭਾਸ਼ਾ ਦੇ ਦਿਲ-ਦਾਦਾ ਬਣ ਬੈਠਣ ਉੱਪਰ ਵਿਅੰਗ ਕੱਸਦੇ ਹੋਏ ਕਹਿੰਦੇ ਹਨ ਕਿ ਮੁਸਲਮਾਨਾਂ ਦੀ ਰਾਜਨੀਤਕ ਗ਼ੁਲਾਮੀ ਨੇ ਖੱਤਰੀਆਂ ਨੂੰ ਜ਼ਿਹਨੀ ਤੌਰ ਉੱਤੇ ਵੀ ਗ਼ੁਲਾਮ ਬਣਾ ਛੱਡਿਆ ਹੈ। ਉਨ੍ਹਾਂ ਨੇ ਮੁਸਲਮਾਨਾਂ ਦੀ ਬੋਲੀ (ਫ਼ਾਰਸੀ) ਗ੍ਰਹਿਣ ਕਰ ਲਈ ਹੈ। ਇਕ ਪਾਸੇ ਮੁਸਲਮਾਨਾਂ ਨੂੰ ਮਲੇਛ ਆਖਣਾ ਤੇ ਦੂਜੇ ਪਾਸੇ ਆਪਣੀ ਬੋਲੀ ਵੱਲੋਂ ਬੇਮੁਖ ਹੋ ਕੇ ਉਨ੍ਹਾਂ ਦੀ ਬੋਲੀ ਨੂੰ ਅਪਣਾਅ ਲੈਣਾ ਕਿਧਰ ਦੀ ਦਾਨਾਈ ਹੈ? ਖੱਤਰੀਆਂ ਦਾ ਤਾਂ ਫ਼ਰਜ਼ ਇਹ ਸੀ ਕਿ ਉਹ ਆਪਣੇ ਦੇਸ਼ ਦੇ ਧਰਮ, ਸੱਭਿਆਚਾਰ ਅਤੇ ਬੋਲੀ ਨੂੰ ਬਚਾਅ ਕੇ ਰੱਖਦੇ, ਪਰ ਉਨ੍ਹਾਂ ਦੀ ਅਣਗਹਿਲੀ ਕਰਕੇ ਆਮ ਜਨਤਾ ਧੜਾਧੜ ਇਸਲਾਮ ਦੇ ਪ੍ਰਭਾਵ ਹੇਠ ਆ ਰਹੀ ਸੀ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)

ਬਾਣੀ ਇਕ ਭਾਸ਼ਾਈ ਰਚਨਾ ਹੈ, ਇਸ ਲਈ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਭਾਸ਼ਾਈ ਸੰਕਲਪ ਨੂੰ ਜਾਣਨਾ ਨਿਹਾਇਤ ਜ਼ਰੂਰੀ ਹੈ। ਬਾਣੀ ਮਨੁੱਖਾਂ ਦੇ ਕਲਿਆਣ ਹਿੱਤ ਲਿਖੀ ਗਈ, ਇਸ ਲਈ ਇਹ ਸਮੂਹ ਨੂੰ ਸੰਬੋਧਿਤ ਵੀ ਹੈ। ਸਿੱਖ ਧਰਮ ਇਕ ਸਮੂਹਿਕ ਧਰਮ ਹੈ, ਵਿਅਕਤੀਗਤ ਧਰਮ ਨਹੀਂ। ਸਮੂਹ ਅਥਵਾ ਲੋਕਾਂ ਦੀ ਭਾਸ਼ਾ ਵਿਚ ਹੀ ਬਾਣੀ ਰਚਨਾ ਕਰਨਾ ਗੁਰੂ ਨਾਨਕ ਸਾਹਿਬ ਦਾ ਭਾਸ਼ਾ ਸੰਕਲਪ ਸੀ, ਇਸੇ ਲਈ ਉਹ ਫੁਰਮਾਉਂਦੇ ਹਨ ਕਿ ਜਿਹੜੀ ਗੱਲ ਮੈਂ ਕਹਿ ਰਿਹਾ ਹਾਂ, ਉਹ ਸਾਰੇ ਸੁਣੋ:

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

ਇਕ ਥਾਂ ਹੋਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਮ ਜਪਣ ਦੀ ਵਿਧੀ ਨੂੰ ਇਕ ਸਮੂਹਿਕ ਕਰਮ ਦੱਸਦੇ ਹਨ:

ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ॥
ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੦)*

ਬ੍ਰਾਹਮਣਾਂ ਦੇ ਧਰਮ ਕਰਮ ਦੇ ਕੰਮਾਂ ਵਿਚ ਆਪਣੀ ਇਜਾਰਾਦਾਰੀ ਕਾਇਮ ਰੱਖਣ ਲਈ ਬਾਣੀ (ਗ੍ਰੰਥਾਂ), ਭਾਸ਼ਾ ਅਤੇ ਲਿਪੀ ਬਾਰੇ ਕਈ ਮਿੱਥਾਂ ਪ੍ਰਚਲਿਤ ਕਰ ਰੱਖੀਆਂ ਸਨ। ਇਨ੍ਹਾਂ ਵਿਚ ਇਕ ਮਿੱਥ ਇਹ ਵੀ ਸੀ ਕਿ ਹਿੰਦੂ ਧਰਮ ਗ੍ਰੰਥ ਸੰਸਕ੍ਰਿਤ ਵਿਚ ਹੋਣ ਕਰਕੇ ਇਹ ਦੇਵ ਬਾਣੀ ਹੈ, ਸੰਸਕ੍ਰਿਤ ਦੇਵ ਭਾਸ਼ਾ ਹੈ ਅਤੇ ਦੇਵਨਾਗਰੀ ਦੇਵ ਲਿਪੀ ਹੈ। ਇਨ੍ਹਾਂ ਵਿਚ 'ਦੇਵ' ਸ਼ਬਦ ਗੌਰਤਲਬ ਹੈ। ਅਜਿਹਾ ਕਰਕੇ ਚਤੁਰ ਬ੍ਰਾਹਮਣਾਂ ਨੇ ਇਨ੍ਹਾਂ ਨਾਲ ਦਿੱਬਤਾ (divinity) ਅਤੇ ਪਵਿੱਤਰਤਾ ਜੋੜ ਦਿੱਤੀ। ਇਸੇ ਧਾਰਨਾ ਅਧੀਨ ਹੀ ਇਨ੍ਹਾਂ ਤੋਂ ਬਿਨਾਂ ਕਿਸੇ ਵੀ ਹੋਰ ਗ੍ਰੰਥ, ਭਾਸ਼ਾ ਅਤੇ ਲਿਪੀ ਵਿਚ ਲਿਖੀ ਗਈ ਚੀਜ਼ ਪਵਿੱਤਰ ਨਾ ਹੋਣ ਕਰਕੇ ਧਰਮ ਕਰਮ ਦੇ ਕੰਮਾਂ ਲਈ ਪ੍ਰਵਾਨ ਨਹੀਂ ਸੀ ਹੋ ਸਕਦੀ। ਬ੍ਰਾਹਮਣਾਂ ਨੇ ਸੰਸਕ੍ਰਿਤ ਤੋਂ ਵਿਕਸਿਤ ਹੋਈਆਂ ਭਾਸ਼ਾਵਾਂ ਨੂੰ ਅਪਭ੍ਰੰਸ਼ ਦਾ ਨਾਂ ਦਿੱਤਾ, ਜਿਸ ਦਾ ਸ਼ਾਬਦਿਕ ਅਰਥ ਹੈ: ਗਿਰਨਾ, ਡਿੱਗਣਾ ਜਾਂ ਵਿਗੜਿਆ ਹੋਇਆ।[੧] ਉਪਰੋਕਤ ਸਵਰਣ ਭਾਂਤ ਦੀਆਂ ਮਿੱਥਾਂ ਨੂੰ ਤੋੜ ਕੇ ਲੋਕਾਂ ਦੀ ਭਾਸ਼ਾ ਵਿਚ ਰਚੀਆਂ ਗਈਆਂ ਰਚਨਾਵਾਂ (ਗ੍ਰੰਥ) ਨੂੰ ਪ੍ਰਵਾਨਗੀ ਦਿਵਾਉਣੀ ਗੁਰੂ ਸਾਹਿਬਾਨ ਦੇ ਲੋਕ-ਕਲਿਆਣ ਦੇ ਆਸ਼ਿਆਂ ਵਿੱਚੋਂ ਇਕ ਪ੍ਰਮੁੱਖ ਆਸ਼ਾ ਸੀ। ਇੱਥੇ ਇਹ ਦੁਹਰਾਉਣ ਦੀ ਲੋੜ ਨਹੀਂ ਕਿ ਗੁਰੂ ਸਾਹਿਬਾਨ ਨੇ ਬੇਸ਼ੁਮਾਰ ਉਨ੍ਹਾਂ ਮਿੱਥਾਂ ਦਾ ਖੰਡਨ ਕੀਤਾ, ਜੋ ਤਤਕਾਲੀ ਧਰਮ, ਸਮਾਜ ਤੇ ਸੱਭਿਆਚਾਰ ਲਈ ਹਾਨੀਕਾਰਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇਸੇ ਮਿੱਥ-ਖੰਡਨ ਦਾ ਇਕ ਨਿੱਗਰ ਉਪਰਾਲਾ ਹੈ।

ਗੁਰੂ ਸਾਹਿਬਾਨ ਨੇ ਸ਼ਬਦ/ਬਾਣੀ/ਗੁਰਬਾਣੀ ਅਤੇ ਪੋਥੀ ਆਦਿ ਸ਼ਬਦ ਵਰਤ ਕੇ ਜਿਗਿਆਸੂ ਦੇ ਮਨ ਵਿਚ ਉੱਠਣ ਵਾਲੇ ਤਮਾਮ ਭਰਮਾਂ ਦਾ ਨਿਵਾਰਣ ਕੀਤਾ ਹੈ।

ਇੱਥੇ ਇਹ ਖ਼ਾਸ ਕਰਕੇ ਉਲੇਖਯੋਗ ਹੈ ਕਿ ਗੁਰਬਾਣੀ ਦੇ ਮਹੱਤਵ ਨੂੰ ਦ੍ਰਿੜ੍ਹ ਕਰਨ-ਕਰਾਉਣ ਦਾ ਅਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਸ਼ੁਰੂ ਕਰ ਦਿੱਤਾ ਸੀ, ਜੋ ਪਿਛਲੇ ਗੁਰੂ ਸਾਹਿਬਾਨ ਤਕ ਵੀ ਜਾਰੀ ਰਿਹਾ। ਉਦਾਹਰਨ ਵਜੋਂ ਹੇਠ ਲਿਖੀਆਂ ਪੰਕਤੀਆਂ ਵੇਖੋ:

-ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥
ਜਿਨਿ ਪੀਤੀ ਤਿਸੁ ਮੋਖ ਦੁਆਰ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੫)*
-ਸਭਿ ਨਾਦ ਬੇਦ ਗੁਰਬਾਣੀ॥
ਮਨੁ ਰਾਤਾ ਸਾਰਿਗਪਾਣੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੯)*
-ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੫)

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਸਲੋਕ ਇਸ ਪ੍ਰਥਾਇ ਇਸ ਤਰ੍ਹਾਂ ਹੈ:

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੩)

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਪੜ੍ਹਨ, ਸੁਣਨ ਅਤੇ ਜਾਣਨ ਦਾ ਮਹਾਤਮ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ:

ਗੁਰਬਾਣੀ ਸੁਣਿ ਮੈਲੁ ਗਵਾਏ॥ ਸਹਜੇ ਹਰਿ ਨਾਮੁ ਮੰਨਿ ਵਸਾਏ॥੧॥ ਰਹਾਉ॥
ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ॥ ਅੰਤਰਿ ਸਾਂਤਿ ਸਹਜਿ ਸੁਖੁ ਪਾਏ॥...
ਨ ਸਬਦੁ ਬੂਝੈ ਨ ਜਾਣੈ ਬਾਣੀ॥ ਮਨਮੁਖਿ ਅੰਧੇ ਦੁਖਿ ਵਿਹਾਣੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੫)

ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਬਾਣੀ ਵਿਚ ਹਰ ਪ੍ਰਕਾਰ ਦੇ ਅੰਮ੍ਰਿਤ ਪਏ ਹਨ ਅਤੇ ਸਤਿਗੁਰੂ ਦੀ ਬਾਣੀ ਨੂੰ ਹਰਫ਼-ਬ-ਹਰਫ਼ ਸੱਚ ਮੰਨਣ ਦੀ ਤਾਕੀਦ ਕੀਤੀ ਗਈ ਹੈ, ਕਿਉਂਕਿ ਇਹ ਦੈਵੀ ਬਚਨ ਹਨ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

ਸ਼ਬਦ/ਬਾਣੀ/ਗੁਰਬਾਣੀ/ਪੋਥੀ ਦੀ ਮਹਿਮਾ ਵਿਚ ਸਭ ਤੋਂ ਵੱਧ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ। ਉਨ੍ਹਾਂ ਨੇ ਇਸ ਨੂੰ 'ਧੁਰ ਕੀ ਬਾਣੀ' ਅਤੇ *'ਸਗਲੀ ਚਿੰਤ ਮਿਟਾਈ'* ਵਾਲੀ ਕਹਿਣ ਦੇ ਨਾਲ-ਨਾਲ ਇਸ ਨੂੰ ਗਾਉਣ, ਸੁਣਨ, ਮੰਨਣ, ਜਾਣਨ (ਬੁੱਝਣ) ਅਤੇ ਕਮਾਉਣ ਵਾਲਿਆਂ ਦੀ ਗਤੀ ਕਰਨ ਵਾਲੀ ਵੀ ਕਿਹਾ ਹੈ। ਗੁਰਬਾਣੀ ਨੂੰ ਹਰ ਪ੍ਰਕਾਰ ਦੇ ਗਿਆਨ ਦਾ ਸੋਮਾ ਮੰਨ ਕੇ ਇਸ ਵਿੱਚੋਂ ਹੀ ਸਭ ਕੁਝ ਤਲਾਸ਼ ਕਰਨ ਦੀ ਨਸੀਹਤ ਬਾਰ-ਬਾਰ ਕੀਤੀ ਗਈ ਹੈ। ਗੁਰਬਾਣੀ ਪਿਉ-ਦਾਦੇ ਦਾ ਖ਼ਜ਼ਾਨਾ ਸੀ, ਜਿਸ ਉੱਪਰ ਹਰ ਅਕੀਦਤਮੰਦ ਦਾ ਬਰਾਬਰ ਅਧਿਕਾਰ ਸੀ।

ਗੁਰੂ ਸਾਹਿਬਾਨ ਦੇ ਲੋਕ-ਮੁੱਖਤਾ ਅਤੇ ਬਾਣੀ ਵਿਚਲੀ ਲੋਕ-ਯੋਗਤਾ ਦੇ ਇਸ ਸੰਕਲਪ ਨੂੰ ਪਿਛਲੇਰੇ ਸਿੱਖ ਲੇਖਕਾਂ ਨੇ ਵੀ ਆਪਣੇ ਆਪਣੇ ਅੰਦਾਜ਼ ਵਿਚ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਅਠਾਰ੍ਹਵੀਂ ਸਦੀ ਵਿਚ ਰਚੀ ਗਈ 'ਸਿੱਖਾਂ ਦੀ ਭਗਤਮਾਲਾ' ਸਿੱਖ ਧਰਮ, ਸਮਾਜ ਅਤੇ ਸੱਭਿਆਚਾਰ ਨੂੰ ਸਮਝਣ ਲਈ ਇਕ ਅਤਿਅੰਤ ਮਹੱਤਵਪੂਰਨ ਰਚਨਾ ਹੈ। ਇਸ ਵਿਚਲੀ ਇਕ ਸਾਖੀ ਅਜਿਹੀ ਹੈ ਜੋ ਬ੍ਰਾਹਮਣਾਂ ਵੱਲੋਂ ਬਹੁਤ ਪ੍ਰਚਾਰੀ ਗਈ ਸੰਸਕ੍ਰਿਤ ਵਾਲੀ ਮਿੱਥ ਦਾ ਬੜੇ ਜ਼ੋਰਦਾਰ ਪਰ ਦਲੀਲਮਈ ਢੰਗ ਨਾਲ ਖੰਡਨ ਕਰਦੀ ਹੈ। ਸਾਖੀ ਅਨੁਸਾਰ ਕਸ਼ਮੀਰ ਦੇ ਪੰਡਿਤ ਸਿੱਖਾਂ ਨੂੰ ਬਾਣੀ ਨਹੀਂ ਸਨ ਪੜ੍ਹਨ ਦਿੰਦੇ, ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਇਹ ਸੰਸਕ੍ਰਿਤ ਦੇ ਟਾਕਰੇ ਤੇ ਮਨੁੱਖੀ ਭਾਸ਼ਾ ਵਿਚ ਹੋਣ ਕਰਕੇ ਪਵਿੱਤਰ ਨਹੀਂ ਸੀ, ਇਸ ਲਈ ਧਰਮ-ਕਰਮ ਦੇ ਕੰਮਾਂ ਲਈ ਪ੍ਰਮਾਣਿਕ ਨਹੀਂ ਸੀ। ਆਪਣੀ

ਫ਼ਰਿਆਦ ਲੈ ਕੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸ੍ਰੀ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੂੰ ਆਪਣੀ ਇਹ ਸਮੱਸਿਆ ਦੱਸੀ। ਗੁਰੂ ਜੀ ਨੇ ਉਨ੍ਹਾਂ ਦੇ ਮੋਢੀ ਮਾਧੋਦਾਸ ਨੂੰ ਦੋ ਗੱਲਾਂ ਕਹੀਆਂ। ਪਹਿਲੀ ਇਹ ਕਿ ਉਹ ਪੰਡਿਤਾਂ ਨੂੰ ਪੁੱਛਣ ਕਿ ਉਹ ਸੰਸਕ੍ਰਿਤ ਗ੍ਰੰਥਾਂ ਦੀ ਵਿਆਖਿਆ ਕਿਸ ਭਾਸ਼ਾ ਵਿਚ ਕਰਦੇ ਹਨ, ਕਿਉਂਕਿ ਆਮ ਲੋਕ ਤਾਂ ਸੰਸਕ੍ਰਿਤ ਸਮਝਦੇ ਨਹੀਂ? ਦੂਜੀ ਇਹ ਕਿ ਜੇਕਰ ਘਿਉ ਨੂੰ ਭਾਵੇਂ ਧਾਤ ਦੇ ਬਰਤਨ ਵਿਚ ਪਾਇਆ ਜਾਵੇ, ਭਾਵੇਂ ਮਿੱਟੀ ਦੇ ਬਰਤਨ ਵਿਚ, ਕੀ ਇਸ ਨਾਲ ਘਿਉ ਦੀ ਪਵਿੱਤਰਤਾ ਅਤੇ ਗੁਣਵੱਤਾ ਵਿਚ ਕੋਈ ਫ਼ਰਕ ਆਉਂਦਾ ਹੈ? ਮਹੱਤਵਪੂਰਨ ਗੱਲ ਵਸਤੂ ਦੀ ਹੈ, ਭਾਂਡੇ ਦੀ ਨਹੀਂ। ਵਿਚਾਰ ਜਾਂ ਸਿੱਧਾਂਤ ਮੁੱਲਵਾਨ ਹਨ, ਭਾਸ਼ਾ ਨਹੀਂ। ਮੂਲ ਸਾਖੀ ਇਸ ਤਰ੍ਹਾਂ ਚਲਦੀ ਹੈ:-

ਸਿੱਖਾਂ ਅਰਦਾਸਿ ਕੀਤੀ ਸਚੇ ਪਾਤਸ਼ਾਹ ਜੀ। ਕਸ਼ਮੀਰ ਵਿਚ ਜੋ, ਪੰਡਿਤ ਹੈਨਿ ਸੋ ਗੁਰੂ ਕੀ ਬਾਣੀ ਸਿੱਖਾਂ ਨੂੰ ਪੜਨ ਨਹੀਂ ਦਿੰਦੇ। ਕਹਿੰਦੇ ਹੈਨਿ ਜੇ ਸੰਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਨੁੱਖ ਬਾਣੀ ਹੈ ਤੇ ਤੁਸਾ ਨਮਿਤ ਕਰਮ ਛੋਡਿ ਦਿੱਤੇ ਹੈਨਿ। ਅਸੀਂ ਤੁਹਾਡੇ ਨਾਲ ਵਰਤਣਿ ਨਹੀਂ ਰਖਦੇ । ਤਾਂ ਮਾਧੋ ਸੋਢੀ ਨੂੰ ਆਗਿਆ ਹੋਈ ਤੇਰੇ ਬਚਨਾਂ ਵਿਚ ਮੈਂ ਬਲ ਪਾਇਆ ਹੈ, ਤੂ ਜਾਇ ਕਸ਼ਮੀਰ ਵਿਚ ਗੁਰਸਿੱਖੀ ਦੀ ਰੀਤਿ ਚਲਾਇ। ਤਾ ਮਾਧੋ ਅਰਦਾਸਿ ਕੀਤੀ, ਜੀ ਓਹ ਕਰਮਕਾਂਡੀ ਹੈਨਿ॥ ਉਪਾਸਨਾ ਨੂੰ ਨਹੀਂ ਜਾਣਦੇ। ਬਚਨ ਹੋਇਆ ਜਾਣਦੇ ਹੈਨਿ ਪਰ ਕਮਾਵਦੇ ਨਹੀਂ। ਤੇਰੇ ਦਰਸਨ ਤੇ ਕਮਾਵੇਂਗੇ। ਜੈਸੇ ਪੰਡਿਤਾਂ ਨੂੰ ਸੰਸਕ੍ਰਿਤ ਹੈ, ਵੈਸੇ ਗੁਰ ਕੇ ਸਿੱਖਾਂ ਨੂੰ ਸ਼ਬਦ ਗੁਰੂ ਕਾ ਪਿਆਰਾ ਹੈ। ਤਾ ਮਾਧੋ ਕਸ਼ਮੀਰ ਗਇਆ, ਗੁਰ ਕੀ ਕਥਾ ਲਗੇ ਕਰਣੇ। ਤਾਂ ਪੰਡਤਾਂ ਕਹਿਆ, ਅਸੀ ਭਾਖਾ ਬਾਣੀ ਨਹੀਂ ਮੰਨਦੇ। ਤਾਂ ਭਾਈ ਮਾਧੋ ਕਹਿਆ ਘ੍ਰਿਤ ਭਾਂਵੇਂ ਧਾਤ ਦੇ ਬਾਸਨ ਮੈ ਹੋਵੇ ਭਾਵੇਂ ਮਾਟੀ ਕੇ ਬਾਸਨ ਮੈ ਹੋਵੇ, ਘ੍ਰਿਤ ਲੇਨੇ ਵਾਲਾ ਬਾਸਨ ਨਹੀ ਵੇਖਦਾ। ਤੈਸੇ ਮਹਾਰਾਜ ਤਾ ਨੇਮ ਔ ਆਤਮ ਗਿਆਨ ਭਾਵੇਂ ਸੰਸਕ੍ਰਿਤ ਦੀ ਬਾਣੀ ਵਿਚ ਹੋਵੇ ਅਤੇ ਭਾਵੇਂ ਭਾਖਾ ਵਿਚ ਏਹ ਨਾਮ ਸਰਬ ਕਾ ਕਲਿਆਣ ਕਰਦਾ ਹੈ। ਕਿਉਂ ਜੁ ਤੁਸੀਂ ਭੀ ਭਾਖਾ ਵਿਚ ਸਭਨਾ ਨੂੰ ਸਮਝਾਂਦੇ ਹੋ ਤਾਂ ਉਨ੍ਹਾਂ ਕਿਹਾ ਅਸੀ ਮੋਟੀ ਬੁਧਿ ਵਾਲਿਆਂ ਨੂੰ ਸਮਝਾਂਦੇ ਹਾਂ ਤਾਂ ਭਾਈ ਮਾਧੋ ਦਾਸ ਕਹਿਆ ਗੁਰੂ ਜੀ ਭੀ ਕਲਿਜੁਗ ਦੇ ਜੀਆਂ ਵਾਸਤੇ ਭਾਖਾ ਬਾਣੀ ਕੀਤੀ ਹੈ। ਵੇਦਾ ਕਰਕੇ ਚਤੁਰਾਈ ਪ੍ਰਾਪਤ ਹੁੰਦੀ ਹੈ, ਮਨ ਨੀਵਾ ਨਹੀਂ ਹੁੰਦਾ ਤੇ ਸ਼ਬਦ, ਕਰਕੇ ਮਨ ਨੀਵਾਂ ਹੁੰਦਾ ਹੈ।[੨]

ਹਵਾਲੇ:

੧. *ਮਹਾਨ ਕੋਸ਼*, ਪੰਨਾ ੬੬.

੨. *ਸਿੱਖਾਂ ਦੀ ਭਗਤਮਾਲਾ* (ਸੰਪਾ. ਧਰਮ ਚੰਦ ਬਾਤਿਸ਼), ਪੰਨਾ ੨੧੮.

ਚਲਦਾ...

ਜੁਲਾਈ ੨੦੨੫ ਦਾ ਬਾਕੀ:

ਪਹਿਲਾ ਸਿੱਖ ਹੁਕਮਰਾਨ: ਬਾਬਾ ਬੰਦਾ ਸਿੰਘ ਬਹਾਦਰ

*-ਪ੍ਰੋ. ਕਿਰਪਾਲ ਸਿੰਘ ਬਡੁੰਗਰ**

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਜੁਲਾਈ ੧੭੧੦ ਈ. ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਅਕਤੂਬਰ ੧੭੧੦ ਈ. ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫ਼ੌਜਾਂ ਦੇ ਕਬਜ਼ੇ ਵਿਚ ਆ ਗਏ। ਨਵੇਂ ਜਿੱਤੇ ਇਲਾਕਿਆਂ ਦੇ ਨਵੇਂ ਪ੍ਰਬੰਧਕ ਨਿਯੁਕਤ ਕੀਤੇ ਜਾਂਦੇ ਸਨ ਜੋ ਅਖੌਤੀ ਦਲਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਕਿਰਤੀਆਂ ਵਿੱਚੋਂ ਹੀ ਹੁੰਦੇ ਸਨ। ਕਮਾਲ ਇਸ ਗੱਲ ਦੀ ਸੀ ਕਿ ਜਦੋਂ ਇਹ ਨਵੇਂ ਨਿਯੁਕਤ ਪ੍ਰਬੰਧਕ ਆਪਣੇ ਇਲਾਕਿਆਂ, ਪਿੰਡਾਂ ਅਤੇ ਕਸਬਿਆਂ ਵਿਚ ਜਾਂਦੇ ਸਨ ਤਾਂ ਅਖੌਤੀ ਉੱਚ ਸ਼੍ਰੇਣੀਆਂ ਦੇ ਲੋਕ ਕਤਾਰਾਂ ਬੰਨ੍ਹ ਕੇ ਦੋਨੋਂ ਹੱਥ ਜੋੜ ਕੇ ਇਨ੍ਹਾਂ ਦਾ ਸੁਆਗਤ ਕਰਦੇ ਸਨ ਅਤੇ ਇਨ੍ਹਾਂ ਪ੍ਰਬੰਧਕਾਂ ਦਾ ਹੁਕਮ ਉਨ੍ਹਾਂ ਲਈ ਇਕ ਤਰ੍ਹਾਂ ਨਾਲ ਇਲਾਹੀ ਹੁਕਮ ਹੀ ਸੀ। ਇਹ ਉਹੀ ਦਲਿਤ ਅਤੇ ਕਿਰਤੀ ਸਨ ਜਿਨ੍ਹਾਂ ਨੂੰ ਇਹ ਅਖੌਤੀ ਉੱਚ ਸ਼੍ਰੇਣੀਆਂ ਵਾਲੇ "ਅਛੂਤ" ਕਹਿ ਕੇ ਨਫਰਤ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਮਿਸ਼ਨ ਦਾ ਇਹ ਇਕ ਹੋਰ ਹੈਰਾਨੀਕੁੰਨ ਮੁਕਾਮ ਸੀ, ਮੀਲ ਪੱਥਰ ਸੀ।

ਚੰਬਾ ਦੇ ਰਾਜੇ ਉਦੇ ਸਿੰਘ ਦੀ ਲੜਕੀ ਸੁਸ਼ੀਲ ਕੌਰ ਬਹੁਤ ਸੁੰਦਰ ਸੀ। ਉਸ ਨੂੰ ਡਰ ਸੀ ਕਿ ਉਸ ਦੀ ਲੜਕੀ ਨੂੰ ਬਹਾਦਰ ਸ਼ਾਹ ਜਬਰਦਸਤੀ ਚੁੱਕ ਲੈ ਜਾਵੇਗਾ। ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਲਕਾਰੀ ਯੋਧਾ ਅਤੇ ਇਕ ਯੋਗ ਵਰ ਸਮਝ ਕੇ ਆਪਣੀ ਲੜਕੀ ਦਾ ਅਨੰਦ ਕਾਰਜ ਬਾਬਾ ਜੀ ਨਾਲ ਕਰ ਦਿੱਤਾ। ਜਿਸ ਦੀ ਕੁੱਖੋਂ ਰਿਆਸੀ ਦੇ ਸਥਾਨ 'ਤੇ ੧੭੧੩ ਈ. ਵਿਚ ਬਾਬਾ ਅਜੈ ਸਿੰਘ ਪੈਦਾ ਹੋਇਆ।

ਅੰਤ ਅਚਾਨਕ ਹੀ ਬਾਦਸ਼ਾਹ ਵੱਲੋਂ ਪੰਜਾਬ ਦੇ ਸੂਬੇਦਾਰ ਅਬਦੁਸਮਦ ਖਾਨ, ਜਰਨੈਲ ਕਮਰਦੀਨ ਅਤੇ ਕਲਾਨੌਰ ਦੇ ਇਲਾਕੇ ਦੇ ਫੌਜਦਾਰ ਮਹਿਰਾਬ ਖਾਨ ਦੀ ਅਗਵਾਈ ਵਿਚ ੨੪੦੦੦ ਫੌਜ ਦੇ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੇ ਕਾਫੀ ਹੋਰ ਸਿੰਘ ਮੁਗ਼ਲ ਫ਼ੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਮਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਦੁਸ਼ਮਣ ਵੱਲੋਂ ਰਾਸ਼ਨ ਆਦਿ ਦੀ ਸਪਲਾਈ ਲਾਈਨ ਕੱਟ ਦੇਣ ਦੇ ਕਾਰਨ ਅਤੇ ਘੇਰਾ ਲੰਮਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਇਨਾਂ ਹਾਲਾਤ ਵਿਚ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਛੱਡਣ ਜਾਂ ਨਾ ਛੱਡਣ ਦੇ ਸੁਆਲ ਭਾਵ ਯੁੱਧ ਨੀਤੀ ਦੇ ਸਵਾਲ ਉੱਤੇ ਬਾਬਾ ਬੰਦਾ ਸਿੰਘ

* ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮-੦੫੧੦੦

ਅਤੇ ਬਾਬਾ ਬਿਨੋਦ ਸਿੰਘ ਦਰਮਿਆਨ ਮਤਭੇਦ ਪੈਦਾ ਹੋ ਗਏ। ਮਤਭੇਦਾਂ ਦਾ ਹੱਲ ਕੱਢਣ ਲਈ ਨਾਮਜ਼ਦ ਕੀਤੇ ਸਾਲਸ ਬਾਬਾ ਬਿਨੋਦ ਸਿੰਘ ਦੇ ਪੁੱਤਰ ਭਾਈ ਕਾਹਨ ਸਿੰਘ ਦੇ ਫੈਸਲੇ ਅਨੁਸਾਰ ਬਾਬਾ ਬਿਨੋਦ ਸਿੰਘ ਆਪਣੇ ਸਾਥੀਆਂ ਸਮੇਤ ਗੜ੍ਹੀ ਨੂੰ ਛੱਡ ਕੇ ਬਾਹਰ ਚਲੇ ਗਏ। ਇਸ ਦਾ ਮੁਗ਼ਲਾਂ ਨੂੰ ਲਾਭ ਹੋਇਆ। ਨਤੀਜੇ ਵਜੋਂ ਤਕਰੀਬਨ ੭੩੭ ਸਿੰਘ ਸੂਰਮਿਆਂ ਸਮੇਤ ਬਾਬਾ ਬੰਦਾ ਸਿੰਘ ਨੂੰ ੧੫ ਦਸੰਬਰ, ੧੭੧੫ ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਂਜ ਤਾਂ ਸਾਰਾ ਸਿੱਖ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ, ਪਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂ-ਕੰਡੇ ਖੜੇ ਕਰਨ ਵਾਲੀ ਸ਼ਹੀਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਲਗਪਗ ੭੩੭ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਕੇ ਫਿਰ ਪਿੰਜਰੇ ਵਿਚ ਬੰਦ ਕਰ ਕੇ ਸਖਤ ਪਹਿਰੇ ਹੇਠ ਦਿੱਲੀ ਲਿਜਾਇਆ ਗਿਆ। ਗ੍ਰਿਫ਼ਤਾਰ ਕੀਤੇ ਅਤੇ ਪਿੰਜਰੇ ਵਿਚ ਬੰਦ ਬਾਬਾ ਬੰਦਾ ਸਿੰਘ ਬਹਾਦਰ ਤੋਂ ਅਜੇ ਵੀ ਮੁਗ਼ਲ ਫੌਜੀਆਂ ਨੂੰ ਭੈਅ ਆ ਰਿਹਾ ਸੀ। ਦਿੱਲੀ ਪਹੁੰਚ ਕੇ ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ। ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ ਪਰੰਤੂ ਉਸ ਗੁਰੂ ਕੇ ਸਿੱਖ ਨੇ ਨਾ ਤਾਂ ਆਪਣਾ ਭੇਦ ਦਿੱਤਾ ਅਤੇ ਨਾ ਹੀ ਉਸ ਦਾ ਸਿਦਕ ਡੋਲਿਆ ਅਤੇ ਨਾ ਹੀ ਉਸ ਨੇ ਉਨ੍ਹਾਂ ਮੁਗ਼ਲ ਦਰਿੰਦਿਆਂ ਦੀ ਈਨ ਮੰਨੀ ਜਿਸ ਬਾਰੇ ਬਾਬਾ ਜੀ ਨੂੰ ਵਾਰ-ਵਾਰ ਕਿਹਾ ਗਿਆ ਪਰੰਤੂ ਉਹ ਤਾਂ- *"ਮੇਰਾ ਸਿਰ ਜਾਇ ਤਾਂ ਜਾਇ ਪਰ ਸਿੱਖੀ ਸਿਦਕ ਨ ਜਾਇ"* ਉੱਤੇ ਦ੍ਰਿੜ੍ਹ ਸੀ ਅਤੇ ਅੰਤ ੦੫ ਮਾਰਚ, ੧੭੧੬ ਈ. ਨੂੰ ਸਿੱਖ ਕੈਦੀਆਂ ਦਾ ਕਤਲ-ਏ-ਆਮ ਸ਼ੁਰੂ ਹੋਇਆ। ਤਕਰੀਬਨ ੧੦੦ ਸਿੱਖਾਂ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿੱਤ ਅਤੇ *ਪਹਿਲਾ ਮਰਣੁ ਕਬੂਲਿ* ਦੀ ਭਾਵਨਾ ਨਾਲ ਮੌਤ ਨੂੰ ਜੀ ਆਇਆ ਕਹਿੰਦੇ, ਖਿੜੇ ਚਿਹਰੇ ਨਾਲ ਸ਼ਹੀਦ ਹੁੰਦੇ ਰਹੇ।

ਤਕਰੀਬਨ ਤਿੰਨ ਮਹੀਨੇ ਤਕ ਅੰਤਾਂ ਦਾ ਜਬਰ, ਜ਼ੁਲਮ, ਤਸ਼ੱਦਦ ਅਤੇ ਤਸੀਹੇ ਦੇਣ ਤੋਂ ਬਾਅਦ ਵੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਦੀ ਈਨ ਨਾ ਮੰਨੀ ਅਰਥਾਤ ਦੀਨ ਮੁਹੰਮਦੀ ਕਬੂਲ ਨਾ ਕੀਤਾ ਤਾਂ ੯ ਜੂਨ, ੧੭੧੬ ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖ਼ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਮਕਬਰੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਤਰ੍ਹਾਂ ਹੋਈ- ਇਸ ਸਥਾਨ ਉੱਤੇ ਬਾਦਸ਼ਾਹ ਫ਼ਰੁੱਖਸੀਅਰ ਖੁਦ ਆ ਕੇ ਬੈਠ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜਾਮ ਪਿਲਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਬੇਟੇ ਨੂੰ ਕਤਲ ਕਰਨ ਦਾ ਡਰ ਦਿੱਤਾ ਗਿਆ। ਬਾਲਕ ਅਜੈ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਲਿਆ ਕੇ ਬਾਬਾ ਜੀ ਨੂੰ ਬੱਚੇ ਨੂੰ ਆਪਣੇ ਹੱਥੀਂ ਕਤਲ ਕਰਨ ਲਈ ਦਬਾਅ ਪਾਇਆ ਗਿਆ ਪ੍ਰੰਤੂ ਉਹ ਨਾ ਮੰਨੇ। ਅੰਤ ਤੀਕ ਉਹ ਦ੍ਰਿੜ੍ਹ ਰਹੇ। ਉਨ੍ਹਾਂ ਦੇ ਪੌਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਜੀ

ਦੇ ਮੂੰਹ ਵਿਚ ਤੁੰਨਿਆ ਗਿਆ। ਉਨ੍ਹਾਂ ਦੇ ਪੁੱਤਰ ਦੀਆਂ ਆਂਦਰਾਂ ਕੱਢ ਕੇ ਉਨ੍ਹਾਂ ਦਾ ਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਗਲ਼ ਵਿਚ ਪਾਇਆ ਗਿਆ। ਇਸ ਸਭ ਕੁਝ ਦੇ ਬਾਵਜੂਦ ਬਾਬਾ ਜੀ ਅਹਿੱਲ, ਅਡਿੱਗ, ਅਡੋਲ ਅਤੇ ਦ੍ਰਿੜ੍ਹ ਰਹੇ। ਬਾਬਾ ਜੀ ਅੰਤਲੇ ਸੁਆਸ ਤੀਕ ਆਪਣੇ ਗੁਰੂ ਪਿਤਾ ਅਤੇ ਧਰਮ ਵਿਚ ਸਿੱਦਕਦਿਲੀ ਨਾਲ ਦ੍ਰਿੜ੍ਹ ਰਹੇ। ਜਿਹੜੇ ਲੋਕ ਬਾਬਾ ਜੀ ਦੇ ਗੁਰੂ ਆਸ਼ੇ ਤੋਂ ਭਟਕ ਜਾਣ ਦਾ ਕੂੜ ਪ੍ਰਚਾਰ ਕਰ ਕੇ ਉਨ੍ਹਾਂ ਦੀ ਦੇਣ, ਕੁਰਬਾਨੀ ਅਤੇ ਲਾਸਾਨੀ ਸ਼ਹੀਦੀ ਨੂੰ ਛੁਟਿਆਉਣ ਦੀ ਕੋਹਝੀ ਸ਼ਰਾਰਤ ਕਰਦੇ ਹਨ ਇਹ ਉਨ੍ਹਾਂ ਦੇ ਮੂੰਹ ਉੱਤੇ ਇਕ ਕਰਾਰੀ ਚਪੇੜ ਹੀ ਹੈ। ਨਿਸਚੇ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਸਤਿਗੁਰਾਂ ਦਾ ਮਹਾਨ ਸਿਧਾਂਤ- *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* ਅਤੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੀ ਮਿਸਾਲ ਵੀ ਸਾਹਮਣੇ ਸੀ। ਤਸ਼ੱਦਦ, ਜ਼ਬਰ ਅਤੇ ਜ਼ੁਲਮ ਦੇ ਸਾਰੇ ਹੀਲੇ ਫੇਲ ਹੋ ਜਾਣ 'ਤੇ ਬਾਦਸ਼ਾਹ ਫ਼ਰੁੱਖਸੀਅਰ ਦੇ ਹੁਕਮ ਅਨੁਸਾਰ ਜੱਲਾਦ ਨੇ ਪਹਿਲਾਂ ਉਨ੍ਹਾਂ ਦੀਆਂ ਵਾਰੋ-ਵਾਰੀ ਅੱਖਾਂ ਕੱਢੀਆਂ। ਉਪਰੰਤ ਬਾਬਾ ਬੰਦਾ ਸਿੰਘ ਦਾ ਇੱਕ ਹੱਥ ਕੱਟਿਆ ਗਿਆ। ਫਿਰ ਦੂਜਾ ਹੱਥ ਕੱਟਿਆ ਗਿਆ। ਇਸੇ ਤਰ੍ਹਾਂ ਪਹਿਲਾਂ ਇੱਕ ਪੈਰ ਕੱਟਿਆ ਗਿਆ ਅਤੇ ਫਿਰ ਦੂਜਾ ਪੈਰ ਕੱਟਿਆ ਗਿਆ। ਫਿਰ ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਮਹਾਂਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਵੱਲੋਂ ਬੰਗਲਾ ਭਾਸ਼ਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਮਿਤ ਲਿਖੀ ਸ਼ਰਧਾਂਜਲੀ-ਨੁਮਾ ਕਵਿਤਾ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

ਬੋਟੀ ਬੋਟੀ ਕਰ ਦਿੱਤਾ ਗਿਆ,
ਬਲੀ ਯੋਧਾ ਸੀਅ ਨਾ ਆਖਦਿਆਂ।
ਦਰਬਾਰ ਵਿਚ ਹਾਜਰ ਦਰਬਾਰੀਆਂ ਅੱਖਾਂ ਮੁੰਦ ਲਈਆਂ।
ਦਰਬਾਰੀ ਸਾਰੇ ਦਰਬਾਰ ਦੇ ਡੂੰਘੀਆਂ ਸੋਚਾਂ ਵਿਚ ਡੁੱਬ ਗਏ।

ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰ ਕੇ ਟੁੱਕੜੇ-ਟੁੱਕੜੇ ਕਰ ਦਿੱਤਾ ਗਿਆ। ਸਿੱਖਾਂ ਦਾ ਪਹਿਲਾ ਹੁਕਮਰਾਨ ਇਸ ਤਰ੍ਹਾਂ ਸ਼ਹੀਦ ਹੋ ਗਿਆ। ਪਰੰਤੂ ਉਸ ਨੇ ਧਰਮ ਨਹੀਂ ਹਾਰਿਆ। ਈਨ ਨਹੀਂ ਮੰਨੀ। ਇਹ ਸ਼ਹੀਦੀ ਆਪਣੇ ਆਪ ਵਿਚ ਅਦੁੱਤੀ ਅਤੇ ਲਾਸਾਨੀ ਸੀ। ਇਹ ਗੌਰਵ, ਮਾਣ ਪਰ ਅਸਚਰਜਤਾ ਵਾਲੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਸ ਸਾਰੇ ਜ਼ੁਲਮ-ਓ-ਸਿਤਮ ਦੌਰਾਨ ਪੂਰੀ ਤਰ੍ਹਾਂ ਪੂਰੇ ਸਹਿਜ ਵਿਚ ਅਹਿੱਲ ਅਤੇ ਅਡੋਲ ਰਹੇ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖ ਸ਼ਹੀਦੀ ਸਿਧਾਂਤ ਅਤੇ ਵਿਰਾਸਤ ਉੱਤੇ ਪੂਰਾ ਪਹਿਰਾ ਦਿੱਤਾ। ਉਹ ਸੱਚਮੁਚ ਹੀ ਗੁਰੂ ਸਾਹਿਬ ਦਾ 'ਹੁਕਮੀ ਬੰਦਾ' ਹੋ ਨਿੱਬੜਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਅਤੇ ਅਦੁੱਤੀ ਸ਼ਹੀਦੀ ਨੇ ਸਿੱਖ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਜੋੜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੀ ਦਿੱਲੀ ਵਿਚ ਸ਼ਹੀਦੀ ਉਪਰੰਤ ਜਿਹੜੇ ਸਿੱਖ ਦਿੱਲੀ ਵਿਚ ਦੁਕਾਨਦਾਰੀ ਅਤੇ

ਪ੍ਰਚੂਨ ਦਾ ਧੰਦਾ ਕਰਦੇ ਸਨ- ''ਉਨ੍ਹਾਂ ਨੇ ਪ੍ਰਵਾਨਗੀ ਲੈ ਕੇ ਉਸ ਦੀ ਲਾਸ਼ ਚੁੱਕ ਕੇ ਸ਼ਹਿਰੋਂ ਬਾਹਰ ਲਿਜਾ ਕੇ ''ਬਾਰਾਂਪੁਲਾ'' ਦੇ ਸਥਾਨ ਉੱਤੇ ਉਸ ਦਾ ਦਾਹ ਸਸਕਾਰ ਕਰ ਦਿੱਤਾ। ''

ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਕਿ ਬੰਗਾਲੀ ਮਹਾਂਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਵੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਬਹਾਦਰੀ, ਨਿਡਰਤਾ, ਦ੍ਰਿੜ੍ਹਤਾ, ਸਿਦਕਦਿਲੀ ਅਤੇ ਲਾਮਿਸਾਲ ਕੁਰਬਾਨੀ ਅਤੇ ਲਾਸ਼ਾਨੀ ਸ਼ਹੀਦੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਉਹ ਵੀ ਆਪਣੀ ਬੰਗਲਾ ਭਾਸ਼ਾ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣਾ ''ਹਾਰਦਿਕ ਖਿਰਾਜ਼-ਏ-ਅਕੀਦਤ'' ਪੇਸ਼ ਕਰਦੇ ਹਨ। ਜਿਸ ਦਾ ਸ. ਮਨੋਹਰ ਸਿੰਘ ਮਾਰਕੋ ਵੱਲੋਂ ਕੀਤਾ ਪੰਜਾਬੀ ਅਨੁਵਾਦ ਨਿਮਨ ਅਨੁਸਾਰ ਹੈ:

ਹੁਣ ਹੋਣੀ ਹੱਥ ਆ ਗਿਆ, ਬੰਦਾ ਸਿੰਘ ਮਹਾਨ,
ਉਸ ਦੇ ਨਿੱਕੇ ਬਾਲ ਨੂੰ, ਸਾਹਵੇਂ ਕੀਤਾ ਆਣ।
ਕਾਜ਼ੀ ਕਹਿੰਦਾ, ਸਿੰਘ ਜੀ, ਇਹ ਪਕੜੋ ਕਿਰਪਾਨ,
ਕੱਟੋ ਇਸ ਦੇ ਸੀਸ ਨੂੰ, ਇਹ ਸ਼ਾਹੀ ਫੁਰਮਾਨ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪੁੱਤਰ ਨੂੰ ਖ਼ੁਦ ਕਤਲ ਕਰਨੋਂ ਠੋਕ ਕੇ ਜੁਆਬ ਦਿੱਤਾ ਤਾਂ ਕਾਜ਼ੀ ਕ੍ਰੋਧਵਾਨ ਹੋ ਗਿਆ। ਉਸ ਸਮੇਂ ਦਾ ਦ੍ਰਿਸ਼ ਮਹਾਂਕਵੀ ਟੈਗੋਰ ਜੀ ਇਉਂ ਬਿਆਨ ਕਰਦੇ ਹਨ:

ਕਾਜ਼ੀ ਹੋਇਆ ਕ੍ਰੋਧਵਾਨ, ਝੱਲ ਨ ਸਕਿਆ ਝਾਲ,
ਕੀਤਾ ਵਾਰ ਜੱਲਾਦ ਨੇ, ਤੜਫਣ ਲੱਗਾ ਬਾਲ,
ਸਫਲ ਨਾ ਤਾਂ ਵੀ ਹੋ ਸਕੀ, ਹੋਣੀ ਦੀ ਇਹ ਚਾਲ,
ਲੁੱਸ ਲੁੱਸ ਉਛਲਣ ਆਂਦਰਾਂ, ਧਰਤੀ ਲਾਲੋ ਲਾਲ,
ਲਿਖਿਆ ਏ ਇਤਿਹਾਸ ਵਿਚ ਬੰਦਾ ਰਿਹਾ ਅਹਿੱਲ,
ਕੋਹੇ ਹੋਏ ਉਸ ਬਾਲ ਦਾ, ਲੁੱਸ ਲੁੱਸ ਕਰਦਾ ਦਿਲ,
ਪਿਓ ਦੇ ਮੂੰਹ ਵਿਚ ਪਾਇਆ ਤਾਂ ਜੋ ਜਾਵੇ ਡੋਲ,
ਇਹ ਕਰੜਾ ਅਜਮਾਇਸ਼ ਸੀ, ਬੰਦਾ ਰਿਹਾ ਅਡੋਲ।

ਅਤੇ ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਦਰਦਨਾਕ ਅਤੇ ਦਿਲ-ਕੰਬਾਊ ਸ਼ਹੀਦੀ ਦਾ ਦਰਦਨਾਕ ਦ੍ਰਿਸ਼ ਵੀ ਮਹਾਂਕਵੀ ਟੈਗੋਰ ਇਉਂ ਬਿਆਨ ਕਰਦੇ ਹਨ:

ਐਸਾ ਭਿਆਨਕ ਦ੍ਰਿਸ਼ ਸੀ, ਵੇਖਣ ਵਾਲੇ ਕਹਿਣ,
ਨਾਲ ਜੰਬੂਰਾਂ ਨੋਚ ਕੇ, ਪਹਿਲਾਂ ਕੱਢੇ ਨੈਣ।
ਲਾਲ ਸਲਾਖਾਂ ਕੀਤੀਆਂ, ਇੱਕ ਇੱਕ ਅੰਗ ਜਲਾਣ,
ਫਤਹਿ ਬੁਲਾਈ ਸਿੰਘ ਨੇ, ਤਨ ਤੋਂ ਉੱਡੇ ਪ੍ਰਾਣ।

ਬਾਬਾ ਬੰਦਾ ਸਿੰਘ ਬਹਾਦਰ ਦੀ ਸੰਸਾਰ, ਦੇਸ਼, ਪੰਜਾਬ, ਖਾਸ ਕਰਕੇ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਅੰਦਰ ਸੁਤੰਤਰਤਾ,

ਵੱਖਰੀ ਅਤੇ ਵਿਲੱਖਣ ਕੌਮ ਹੋਣ ਅਤੇ ਰਾਜ ਕਰਨ ਦੀ ਭਾਵਨਾ, ਸ੍ਵੈ-ਮਾਣ ਅਤੇ ਅਜ਼ਾਦ ਜ਼ਮੀਰ ਨਾਲ ਜਿਊਣ ਦੀ ਜੁਗਤ ਅਤੇ ਅਹਿਸਾਸ ਪੈਦਾ ਕਰ ਦਿੱਤਾ। ਕੁਝ ਖੇਤਰਾਂ ਵਿਚ ਉਸ ਦੇ ਪਾਏ ਹੋਏ ਪੂਰਨੇ ਅੱਜ ਤਕ ਅਪਣਾਏ ਜਾ ਰਹੇ ਹਨ। ਉਸ ਦਾ ਪਹਿਲਾ ਕੰਮ ਸਿਰਲੱਥ ਖ਼ਾਲਸਾ ਨੂੰ ਦਰਪੇਸ਼ ਹਾਲਾਤ ਦੇ ਮੱਦੇ-ਨਜ਼ਰ ਹੋਰ ਚੰਗੀ ਤਰ੍ਹਾਂ ਸੰਗਠਿਤ ਕਰਨਾ ਸੀ। ਫ਼ੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਕੋਈ ਵੀ ਮੁਕਾਬਲਾ ਨਹੀਂ ਸੀ। ਮਿ. ਮੈਕਗਰੈਗਰ ਲਿਖਦਾ ਹੈ: "ਬਾਬਾ ਬੰਦਾ ਸਿੰਘ ਬਹਾਦਰ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਹੈ। ਉਸ ਦਾ ਨਾਮ ਪੰਜਾਬ ਤੇ ਪੰਜਾਬੋਂ ਬਾਹਰ ਮੁਗ਼ਲਾਂ ਵਿਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸੀ।" ਗੋਕਲ ਚੰਦ ਨਾਰੰਗ ਅਨੁਸਾਰ, "ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮੁਗ਼ਲਾਂ ਦੇ ਅਜਿੱਤ ਹੋਣ ਦਾ ਭਰਮ ਤੋੜਿਆ ਤੇ ਬਾਬਾ ਬੰਦਾ ਸਿੰਘ ਨੇ ਮੁਗ਼ਲਾਂ ਨੂੰ ਪੰਜਾਬ ਦੀ ਧਰਤੀ 'ਤੇ ਮਾਰ ਮੁਕਾਇਆ।"

ਉਨ੍ਹਾਂ ਨੇ ਪੰਜਾਬ ਦੇ ਵਾਹੀਕਾਰ ਕਿਸਾਨਾਂ ਨੂੰ ਭੋਇੰ ਦੇ ਮਾਲਕ ਬਣਾ ਦਿੱਤਾ। ਉਨ੍ਹਾਂ ਤੋਂ ਪਿੱਛੋਂ ਵੀ ਇਹ ਪ੍ਰਬੰਧ ਅੰਗਰੇਜ਼ਾਂ ਦੇ ਰਾਜ ਤਕ ਇਵੇਂ ਹੀ ਚਲਦਾ ਰਿਹਾ। ਉਨ੍ਹਾਂ ਨੇ ਪੰਜਾਬ ਵਿਚ ਰਾਜਨੀਤਕ ਜਾਗ੍ਰਤੀ ਲਿਆਉਣ ਦੇ ਨਾਲ-ਨਾਲ ਆਰਥਿਕ ਖੁਸ਼ਹਾਲੀ ਦਾ ਮੁੱਢ ਵੀ ਬੰਨ੍ਹ ਦਿੱਤਾ ਸੀ। ਉਨ੍ਹਾਂ ਨੇ ਪੰਜਾਬ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਸੀ। ਦੂਜਿਆਂ ਦੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਬੇਜ਼ਮੀਨੇ ਮੁਜ਼ਾਰੇ ਤੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ (ਜ਼ਿੰਮੀਦਾਰ) ਤੇ ਸਿੱਖ ਸਰਦਾਰ ਬਣਾ ਦਿੱਤਾ ਸੀ। ਇਸ ਪੱਖੋਂ ਵੀ ਪੰਜਾਬ ਬਾਬਾ ਬੰਦਾ ਸਿੰਘ ਬਹਾਦਰ ਦੀ ਦੂਰ-ਦ੍ਰਿਸ਼ਟੀ ਤੇ ਡੂੰਘੀ ਸੋਚ ਨਾਲ ਦਿੱਤੀ ਉਨ੍ਹਾਂ ਦੀ ਦੇਣ ਦਾ ਸਦਾ ਰਿਣੀ ਰਹੇਗਾ।

ਇਸ ਤਰ੍ਹਾਂ ਇਸ ਸਾਰੀ ਕਥਾ-ਵਾਰਤਾ ਵਿੱਚੋਂ ਇਹ ਸਪੱਸ਼ਟ ਹੋਇਆ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਧਰਤੀ ਉੱਤੇ ਭਾਰਤ ਦੇਸ਼ ਅੰਦਰ 'ਪਹਿਲੇ ਅਜ਼ਾਦ ਸਿੱਖ ਲੋਕ-ਰਾਜ' ਤਥਾ ਖਾਲਸਾ ਰਾਜ ਦੀ ਸਥਾਪਨਾ ਕੀਤੀ। ਚਿਰਾਂ ਦੀ ਸਮਾਜਿਕ ਅਤੇ ਰਾਜਨੀਤਕ ਗ਼ੁਲਾਮੀ ਤੋਂ ਬਾਅਦ ਲੋਕਾਂ ਨੇ ਅਜ਼ਾਦੀ ਦੀ ਹਵਾ ਵਿਚ ਸਾਹ ਲਿਆ ਅਤੇ ਅਜ਼ਾਦੀ ਦਾ ਨਿਘ ਮਾਣਿਆ। ਰਾਜਨੀਤਕ ਵਿਉਂਤਬੰਦੀ ਅਨੁਸਾਰ ਹਰ ਇਲਾਕੇ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ। ਉਹ ਪ੍ਰਬੰਧਕ ਬਹੁਤ ਦੱਬੇ-ਕੁਚਲੇ ਲੋਕਾਂ ਵਿੱਚੋਂ ਹੀ ਹੁੰਦਾ ਸੀ। ਇਸ ਤਰ੍ਹਾਂ ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਰਾਜ-ਭਾਗ ਅਤੇ ਅਜ਼ਾਦੀ ਦਾ ਅਨੰਦ ਮਾਣਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਦੇ ਆਸੇ- *"ਜਿਨ ਕੀ ਜਾਤ ਗੋਤ ਕੁਲ ਮਾਹੀ। ਸਰਦਾਰੀ ਨਹੀਂ ਭਈ ਕਦਾਂਹੀ। ਤਿਨ੍ਹ ਹੀ ਕੋ ਸਰਦਾਰ ਬਣਾਉਂ। ਤਬੈ ਗੋਬਿੰਦ ਸਿੰਘ ਨਾਮ ਕਹਾਉਂ।"* ਨੂੰ ਸੱਚ ਕਰ ਵਿਖਾਇਆ ਸੀ। ਇਤਿਹਾਸਕਾਰਾਂ ਨੇ ਠੀਕ ਹੀ ਲਿਖਿਆ ਹੈ ਕਿ ਇਹ ਭਾਰਤ ਦੀ ਧਰਤੀ ਉੱਤੇ ਦਲਿਤ ਅਤੇ ਕਿਰਤੀਆਂ ਦਾ ਇਨਕਲਾਬ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਤਹਿਤ ਵਿਚ ਤਕਰੀਬਨ ਛੇ ਸਾਲਾ ਲਈ ਜਿਹੜੇ ਇਲਾਕੇ ਆਏ ਸਨ ਉਨ੍ਹਾਂ ਇਲਾਕਿਆਂ ਵਿਚ

ਪੂਰਨ ਧਾਰਮਿਕ ਅਜ਼ਾਦੀ ਸੀ। ਕਿਸੇ ਵੀ ਧਰਮ ਦੇ ਧਾਰਮਿਕ ਚਿੰਨ੍ਹਾਂ ਜਾਂ ਧਾਰਮਿਕ ਸਥਾਨ ਨਾਲ ਕੋਈ ਛੇੜ-ਛਾੜ ਨਹੀਂ ਕੀਤੀ ਗਈ। ਸਗੋਂ ਪੂਰੀ ਸੁਰੱਖਿਆ ਪ੍ਰਦਾਨ ਕੀਤੀ। ਸਰਹਿੰਦ ਸ਼ਹਿਰ ਦੀ ਹਦੂਦ ਅੰਦਰ ਇਸਲਾਮੀ ਮੱਤ ਦਾ ਮਰਕਜ਼ 'ਰੋਜ਼ਾ ਸ਼ਰੀਫ਼' ਨੂੰ ਬਿਲਕੁਲ ਨਾ ਛੇੜਿਆ ਜਾਣਾ; ਇਹ ਧਰਮ ਨਿਰਪੱਖਤਾ ਦਾ ਸਬੂਤ ਹੈ। ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ-ਆਬਰੂ ਅਤੇ ਨਿੱਜੀ ਅਜ਼ਾਦੀ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਯਕੀਨੀ ਬਣਾਇਆ। ਸੱਚਮੁੱਚ ਹੀ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਸਤਿਗੁਰਾਂ ਵੱਲੋਂ ਦਿੱਤੇ- 'ਹਲੇਮੀ ਰਾਜ' ਦੇ ਸਿਧਾਂਤ ਉੱਤੇ ਪੂਰਾ ਉਤਰਦਾ ਹੈ। ਸਹੀ ਅਰਥਾਂ ਵਿਚ ਇਹ ਇਕ ਆਦਰਸ਼ਕ ਰਾਜ ਸੀ। ਗੁਰਮਤਿ ਵਿਚ ਜੋ ਰਾਜ ਦਾ ਸੰਕਲਪ ਦਿੱਤਾ ਗਿਆ ਹੈ ਉਹ ਐਸਾ ਰਾਜ ਹੈ ਜਿਸ ਵਿਚ ਨੰਗ, ਭੁੱਖ ਅਤੇ ਕੰਗਾਲੀ ਨਾ ਹੋਵੇ। ਜਿਸ ਵਿਚ ਹਰ ਮਨੁੱਖ ਨੂੰ ਆਪਣੇ ਅਕੀਦੇ ਅਨੁਸਾਰ ਆਪਣਾ ਧਰਮ ਪਾਲਣ ਦੀ ਖੁਲ੍ਹ ਹੋਵੇ। ਜਿਸ ਵਿਚ ਕੋਈ ਜ਼ੋਰ-ਜਬਰ ਕਰ ਕੇ ਕਿਸੇ ਨੇਕ, ਸ਼ਰੀਫ ਜਾਂ ਗਰੀਬ ਦਾ ਸੋਸ਼ਣ ਨਾ ਕਰੇ, ਉਨ੍ਹਾਂ ਨੂੰ ਤੰਗ ਪਰੇਸ਼ਾਨ ਨਾ ਕਰੇ। ਜਿਸ ਰਾਜ ਵਿਚ ਧੀਆਂ-ਭੈਣਾਂ ਦੀ ਇੱਜ਼ਤ-ਆਬਰੂ ਅਤੇ ਸੁਤੰਤਰਤਾ ਪੂਰੀ ਤਰ੍ਹਾਂ ਮਹਿਫੂਜ਼ ਹੋਵੇ। ਪੂਰੀ ਭਾਈਚਾਰਕ ਸਾਂਝ ਹੋਵੇ ਅਤੇ ਸਾਂਝੀਵਾਲਤਾ ਦਾ ਬੋਲਬਾਲਾ ਹੋਵੇ। ਭਗਤ ਰਵਿਦਾਸ ਜੀ ਦਾ 'ਬੇਗਮਪੁਰਾ ਸ਼ਹਿਰ' ਦਾ ਸਿਧਾਂਤ ਵੀ ਇਹੋ ਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਵਾਕ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥੧੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪)

ਤਥਾ

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਮੁਸਲਮਾਨਾਂ ਜਾਂ ਇਸਲਾਮ ਦਾ ਵੈਰੀ ਨਹੀਂ ਸੀ। ਉਸ ਨੇ ਕਦੀ ਵੀ ਹਜ਼ਰਤ ਮੁਹੰਮਦ ਸਾਹਿਬ ਵਿਰੁੱਧ ਕੁਝ ਨਹੀਂ ਸੀ ਕਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਤੇ ਸਿੱਖ ਸਿਧਾਂਤ ਅਨੁਸਾਰ ਜਾਲਮ ਦੇ ਜੁਲਮ ਅਤੇ ਜਾਬਰ ਦੇ ਜ਼ਬਰ ਵਿਰੁੱਧ ਸਾਰਾ ਸੰਘਰਸ਼ ਕੀਤਾ। ਉਸ ਨੇ ਮੁਸਲਮਾਨਾਂ ਉੱਤੇ ਕੋਈ ਧਾਰਮਿਕ ਪਾਬੰਦੀਆਂ ਨਹੀਂ ਸਨ ਲਾਈਆਂ। ਮੁਸਲਮਾਨਾਂ ਨੂੰ ਆਪਣੀ ਇੱਛਾ ਅਤੇ ਧਾਰਮਿਕ ਮਰਿਆਦਾ ਅਨੁਸਾਰ ਨਮਾਜ਼ ਅਤੇ ਖ਼ੁਤਬਾ ਪੜ੍ਹਨ ਦੀ ਪੂਰੀ ਖੁਲ੍ਹ ਸੀ। ਉਨ੍ਹਾਂ ਦੇ ਧਾਰਮਿਕ ਅਸਥਾਨ ਪੂਰਨ ਰੂਪ ਵਿਚ ਸੁਰੱਖਿਅਤ ਸਨ। ਇਹੋ ਕਾਰਨ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ (ਜਿੱਥੇ ਬਾਦਸ਼ਾਹ ਅਕਬਰ

ਦੀ ਤਾਜਪੋਸ਼ੀ ਹੋਈ ਸੀ ਅਤੇ ਇਹ ਮੁਗ਼ਲਾਂ ਦਾ ਚੌਥਾ ਤਖਤ ਸੀ) ਵਿਖੇ ੫੦੦੦ ਪੰਜ ਹਜ਼ਾਰ ਮੁਸਲਮਾਨ ਵੀ ਖ਼ਾਲਸਾ ਫੌਜਾਂ ਵਿਚ ਸ਼ਾਮਲ ਹੋ ਗਏ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਲਈ ਚਾਨਣ-ਮੁਨਾਰੇ ਦਾ ਕੰਮ ਕੀਤਾ ਤੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਪ੍ਰੰਤੂ ਅਤਿ ਦੁਖਦਾਇਕ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਸਾਂ 'ਖਾਲਸਾ ਪੰਥ' ਨੇ ਉਸ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੱਤਾ ਅਤੇ ਨਾ ਹੀ ਸਿੱਖ ਅਤੇ ਵਿਦੇਸ਼ੀ ਮੁਗ਼ਲ ਲਿਖਾਰੀਆਂ-ਇਤਿਹਾਸਕਾਰਾਂ ਨੇ ਆਪਣੇ ਨਿੱਜੀ ਸੁਆਰਥਾਂ, ਸਮੇਂ ਦੇ ਹਾਕਮ ਨੂੰ ਖੁਸ਼ ਕਰਨ, ਈਰਖਾ ਅਤੇ ਦਵੈਸ਼ ਕਾਰਨ ਉਸ ਨਾਲ ਇਨਸਾਫ ਕੀਤਾ ਅਤੇ ਮਨਘੜ੍ਹਤ ਅਤੇ ਫਜ਼ੂਲ ਦੀਆਂ ਕਥਾ-ਕਹਾਣੀਆਂ ਘੜ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਦਨਾਮ ਕਰਨ ਦਾ ਕੋਝਾ ਯਤਨ ਕੀਤਾ ਗਿਆ। ਜਿਵੇਂ ਫ਼ਾਰਸੀ ਦੇ ਲਫ਼ਜ਼ "ਬੰਦਾ-ਏ-ਗੁਰੂ" ਨੂੰ ਵਿਗਾੜ ਕੇ ਕਹਿ ਦਿੱਤਾ ਕਿ ਬੰਦੇ (ਬਾਬਾ ਬੰਦਾ ਸਿੰਘ ਬਹਾਦਰ) ਨੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ। ਅੱਜ ਵੀ ਕਈ ਅਖੌਤੀ ਸਿੱਖ ਵਿਦਵਾਨ ਅਤੇ ਪੰਥ-ਵਿਰੋਧੀ ਸ਼ਕਤੀਆਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ, ਪ੍ਰਾਪਤੀਆਂ ਅਤੇ ਕੁਰਬਾਨੀ ਨੂੰ ਤੋੜ-ਮਰੋੜ ਕੇ ਭੱਦੇ ਰੂਪ ਵਿਚ ਚਿਤਰਨ ਵਿਚ ਰੁਝੇ ਹੋਏ ਹਨ। ਉਹ ਆਪਣੇ ਨਿੱਜੀ ਸੁਆਰਥਾਂ ਲਈ ਪੰਥ-ਦੋਖੀ ਸ਼ਕਤੀਆਂ ਦਾ ਹੱਥ ਠੋਕਾ ਬਣੇ ਹੋਏ ਹਨ। ਅਫ਼ਸੋਸ ਅਤੇ ਦੁਖਦਾਇਕ!

ਆਓ! ਸਮੁੱਚਾ ਖਾਲਸਾ ਪੰਥ ਪੰਜਾਬੀ ਕੌਮ ਆਪਣੇ ਬੱਚਿਆਂ ਨੌਜੁਆਨ ਪੀੜ੍ਹੀ ਨੂੰ ਆਪਣੇ ਲਾਸਾਨੀ ਅਤੇ ਗੌਰਵਮਈ ਵਿਰਸੇ ਨਾਲ ਜੋੜੀਏ ਤਾਂ ਜੋ ਉਹ ਮਾੜੀਆਂ ਆਦਤਾਂ ਨੂੰ ਤਿਆਗ ਕੇ ਪੁਰਾਤਨ ਖਾਲਸੇ ਦੇ ਸ਼ਾਨਾਂਮੱਤੇ ਸਰੂਪ ਵਿਚ ਸੰਸਾਰ ਵਿਚ ਆਨ, ਸ਼ਾਨ ਅਤੇ ਸਨਮਾਨ ਨਾਲ ਨਮੂਨੇ ਦੀ ਜ਼ਿੰਦਗੀ ਜਿਉ ਸਕਣ। ਆਪਣੇ ਵਿਰਸੇ ਅਤੇ ਇਤਿਹਾਸ ਨਾਲੋਂ ਟੁੱਟੀਆਂ ਹੋਈਆਂ ਕੌਮਾਂ ਦਾ ਕੋਈ ਉੱਜਲ ਭਵਿੱਖ ਨਹੀਂ ਹੁੰਦਾ। ਠੀਕ ਹੀ ਕਿਹਾ ਹੈ, "ਜਿਨ੍ਹਾਂ ਕੌਮਾਂ ਨੂੰ ਆਪਣੇ ਵਿਰਸੇ ਦਾ ਅਹਿਸਾਸ ਨਹੀਂ ਹੁੰਦਾ। ਉਨ੍ਹਾਂ ਕੌਮਾਂ ਦਾ ਕੋਈ ਇਤਿਹਾਸ ਨਹੀਂ ਹੁੰਦਾ"।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜਾ ੧੬ ਅਕਤੂਬਰ, ਸਰਹੰਦ ਫ਼ਤਹ ਦਿਵਸ ੧੨, ੧੩ ਅਤੇ ੧੪ ਮਈ ਅਤੇ ਸ਼ਹੀਦੀ ਦਿਵਸ ੯ ਜੂਨ ਨੂੰ ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਸਹਿਯੋਗ ਨਾਲ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਚੱਪੜ ਚਿੜੀ (ਛੱਪੜ-ਝਿੜੀ) ਦੇ ਇਤਿਹਾਸਿਕ ਸਥਾਨ ਉੱਤੇ ਇਕ ਸ਼ਾਨਦਾਰ ਲਾਸਾਨੀ ਅਤੇ ਅਤੀ ਚੁੱਕਵੀਂ ਯਾਦਗਾਰ ਉਸਾਰ ਕੇ ਇਕ ਕੌਮੀ ਅਤੇ ਅੰਤਰਰਾਸ਼ਟਰੀ ਮਹਾਨ ਕਾਰਜ ਕਰ ਦਿੱਤਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ 'ਰੋਸ਼ਨ ਮਿਨਾਰ' ਦਾ ਉੱਤਮ ਕਾਰਜ ਕਰਦਾ ਰਹੇਗਾ। ਹੁਣ ਇਸ ਇਤਿਹਾਸਿਕ ਚੱਪੜ ਚਿੜੀ ਦੇ ਮੈਦਾਨ ਵਿਚ ਬੁਰਜ

ਬਾਬਾ ਬੰਦਾ ਸਿੰਘ ਬਹਾਦਰ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਜੰਗੀ ਯਾਦਗਾਰ ਦੇ ਰੂਪ ਵਿਚ ਅਲੀਸ਼ਾਨ ਯਾਦਗਾਰ ਅਤੇ ਉਨ੍ਹਾਂ ਦੇ ਸਾਥੀ ਜਰਨੈਲਾਂ ਬਾਬਾ ਆਲੀ ਸਿੰਘ, ਬਾਬਾ ਮਾਲੀ ਸਿੰਘ, ਬਾਬਾ ਰਾਮ ਸਿੰਘ ਦੀਆਂ ਯਾਦਗਾਰਾਂ ਸੁਸ਼ੋਭਿਤ ਹਨ। ਅਣਗਿਣਤ ਸੰਗਤ ਇਸ ਮਹਾਨ ਇਤਿਹਾਸਿਕ ਯਾਦਗਾਰ ਦੇ ਦਰਸ਼ਨਾਂ ਲਈ ਆਉਂਦੀ ਹੈ। ■

ਅਗਸਤ ਅਤੇ ਸਤੰਬਰ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ)	੨੪ ਸਾਵਣ ੦੮ ਅਗਸਤ
ਜੋੜ ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ)	੨੫ ਸਾਵਣ ੦੯ ਅਗਸਤ
ਭਾਰਤ ਦਾ ਅਜ਼ਾਦੀ ਦਿਵਸ	੩੧ ਸਾਵਣ ੧੫ ਅਗਸਤ
ਸ਼ਹੀਦੀ ਦਿਹਾੜਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ	੦੫ ਭਾਦੋਂ ੨੦ ਅਗਸਤ
ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	੦੯ ਭਾਦੋਂ ੨੪ ਅਗਸਤ
ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ	੧੦ ਭਾਦੋਂ ੨੫ ਅਗਸਤ
ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ	੧੧ ਭਾਦੋਂ ੨੬ ਅਗਸਤ
ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	੧੪ ਭਾਦੋਂ ੨੯ ਅਗਸਤ
ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ	
ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ (ਬਟਾਲਾ)	੧੫ ਭਾਦੋਂ ੩੦ ਅਗਸਤ
ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਜੀ	੨੧ ਭਾਦੋਂ ੦੫ ਸਤੰਬਰ
ਮੱਸੇ ਰੰਘੜ ਨੂੰ ਮੌਤ ਦੇ ਘਾਟ ਉਤਾਰਿਆ	੨੨ ਭਾਦੋਂ ੦੬ ਸਤੰਬਰ
ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ)	੨੩ ਭਾਦੋਂ ੦੭ ਸਤੰਬਰ
ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ)	੨੭ ਭਾਦੋਂ ੧੧ ਸਤੰਬਰ
ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ	੨੮ ਭਾਦੋਂ ੧੨ ਸਤੰਬਰ
ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ	੦੧ ਅੱਸੂ ੧੬ ਸਤੰਬਰ
ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ	੦੫ ਅੱਸੂ ੨੦ ਸਤੰਬਰ
ਪੂਰਨਮਾਸੀ	੨੫ ਸਾਵਣ ੦੯ ਅਗਸਤ
ਸੰਗਰਾਂਦ	੦੧ ਭਾਦੋਂ ੧੬ ਅਗਸਤ
ਮੱਸਿਆ	੦੮ ਭਾਦੋਂ ੨੩ ਅਗਸਤ
ਪੂਰਨਮਾਸੀ	੨੩ ਭਾਦੋਂ ੦੭ ਸਤੰਬਰ
ਸੰਗਰਾਂਦ	੦੧ ਅੱਸੂ ੧੬ ਸਤੰਬਰ
ਮੱਸਿਆ	੦੬ ਅੱਸੂ ੨੧ ਸਤੰਬਰ

■

ਬਾਣੀ ਮਦ ਤੇ ਹੋਛਾ ਮਦ

*-ਪ੍ਰਿੰਸੀਪਲ ਨਰਿੰਦਰ ਸਿੰਘ ਸੋਚ**

ਅਸੀਂ ਤਾਂ ਛਿੰਜਾਂ ਪਾਉਣ ਵਾਲੇ ਸਾਂ। ਅਸੀਂ ਤਾਂ ਅਖਾੜਿਆਂ ਵਿਚ ਉਤਰ ਕੇ ਫੇਰੀਆਂ ਲੈਣ ਵਾਲੇ ਪਹਿਲਵਾਨ ਸਾਂ। ਸਾਡੇ ਸਿਰ ਦੇ ਉੱਪਰ ਤਾਂ ਦੁਮਾਲਿਆਂ ਦੇ ਝੰਡੇ ਝੁਲਦੇ ਸਨ। ਅਸੀਂ ਤਾਂ ਪੰਜਾਂ ਸੂਰਮਿਆਂ ਦੀਆਂ ਮੁਸ਼ਕਾਂ ਬੱਧੀਆਂ ਹੋਈਆਂ ਸਨ। ਸਾਡੀ ਕੰਡ 'ਤੇ ਤਾਂ ਗੁਰੂ ਜੀ ਥਾਪੀਆਂ ਦੇਂਦੇ ਰੱਜਦੇ ਨਹੀਂ ਸਨ। ਸਾਡੇ ਹੱਥਾਂ ਨੂੰ ਕਿਰਤ ਤੋਂ ਵਿਹਲ ਨਹੀਂ ਸੀ ਮਿਲਦੀ। ਅਸੀਂ ਤਾਂ ਉੱਜਲੇ ਕੱਪੜੇ ਪਾ ਕੇ ਚਿੱਕੜ ਨਾਲ ਚੋਂਦੇ ਡੀਲੇ ਦੀ ਪੰਡ ਚੁਕਦੇ ਸਾਂ। ਸਾਡਾ ਚਿੱਕੜ ਤਾਂ ਕੇਸਰ ਬਣ ਕੇ ਮੀਂਹ ਵਾਂਗ ਵਰ੍ਹਦਾ ਰਿਹਾ ਹੈ। ਅਸੀਂ ਤਾਂ ਆਪਣੇ ਜੂਠੇ ਹੱਥ ਸੁੱਚੇ ਭਾਂਡੇ ਮਾਂਜ ਕੇ-ਪਵਿੱਤ੍ਰ ਕਰਨ ਵਾਲੇ ਹਾਂ। ਸਾਡੇ ਤਾਂ ਨੀਵੇਂ ਹੱਥ ਉੱਚੇ ਜੋੜਿਆਂ ਨੂੰ ਛੂਹ-ਛੂਹ ਕੇ ਗਦ-ਗਦ ਹੁੰਦੇ ਹਨ। ਅਸੀਂ ਤਾਂ ਆਪਣੇ ਸਰੀਰ ਨਾਲ ਲੰਗਰ ਦੀਆਂ ਲੱਕੜਾਂ ਦੀ ਪੰਡ ਦੀ ਵਧੇਰੇ ਸੰਭਾਲ ਕਰਨ ਵਾਲੇ ਹਾਂ। ਅਸੀਂ ਤਾਂ ਮੀਂਹ ਨਾਲ ਡਿਗਦੇ ਕੋਠਿਆਂ ਹੇਠਾਂ ਆਪਣੇ ਸਰੀਰ ਨੂੰ ਥੰਮੀ ਬਣਾ ਕੇ ਦੇਣ ਵਾਲੇ ਹਾਂ। ਅਸੀਂ ਤਾਂ ਗੁਰੂ ਜੀ ਦੇ ਨਿਸ਼ਾਨ ਹਾਂ, ਜਿੱਥੇ ਹੁਕਮ ਕੀਤਾ ਉੱਥੇ ਜੜ੍ਹਾਂ ਲਾ ਕੇ ਝੂਲਦੇ ਰਹੇ।

ਅਸੀਂ ਤਾਂ ਗੁਰੂ ਬਾਣੀ ਨੂੰ ਹੁਕਮ ਮੰਨਦੇ ਹਾਂ। ਇਹ ਹੁਕਮ ਕਿਸੇ ਬੰਦੇ ਦਾ ਨਹੀਂ, ਕਿਸੇ ਧੜੇ ਦਾ ਨਹੀਂ, ਇਹ ਅਕਾਲ ਪੁਰਖ ਦਾ ਹੁਕਮ ਹੈ। ਹੁਕਮ ਮੰਨਣ ਵਾਲੇ ਅਕਾਲ ਪੁਰਖ ਦੀ ਫੌਜ ਹੁੰਦੇ ਹਨ। ਇਨ੍ਹਾਂ ਦੇ ਹੱਥਾਂ ਵਿਚ ਧਰਮ ਧੁਜਾ ਹੈ। ਧਰਮ ਕਦੇ ਬਦਲਦਾ ਨਹੀਂ, 'ਬਾਣੀ ਧਰਮ' ਇਕ ਹੈ। ਇਸ ਦੇ ਹੁਕਮ ਅਤੇ ਨੇਮ ਸਦੀਵੀ ਹਨ।

ਸਾਡੀ ਮਤਿ ਇਕ ਕਾਗਜ਼ ਦਾ ਪੁਰਜਾ ਹੈ, ਪੁਰਜੇ ਦਾ ਕੋਈ ਮੁੱਲ ਨਹੀਂ ਹੈ। ਪੁਰਜੇ ਨੂੰ ਕੋਈ ਸੰਭਾਲਦਾ ਨਹੀਂ, ਸਿੱਧਾ ਅਪੁੱਠਾ ਕਰ ਕੇ ਕੋਈ ਉਸ ਦੀ ਪੜਤਾਲ ਨਹੀਂ ਕਰਦਾ। ਉਸ ਨਾਲ ਅਸੀਂ ਕੋਈ ਆਪਣੀ ਲੋੜ ਪੂਰੀ ਨਹੀਂ ਕਰ ਸਕਦੇ ਪਰ ਹੁਣ ਇਸ ਉੱਪਰ ਗੁਰੂ ਸਰਕਾਰ ਦੀ ਮੁਹਰ ਲੱਗ ਗਈ। ਗੁਰੂ ਸਰਕਾਰ ਦਾ ਸਿੱਕਾ ਸੰਸਾਰ ਦੇ ਸਿੱਕਿਆਂ ਨਾਲੋਂ ਵੱਖਰਾ ਹੈ, ਇਹ ਆਂਕੜਿਆਂ ਨਾਲ ਅਰੰਭ ਨਹੀਂ ਹੁੰਦਾ। ਇਸ ਦੀ ਇਕਾਈ ਅਸੰਖ ਹੈ, ਅਮੁੱਲ ਹੈ, ਅਤੁੱਟ ਹੈ, ਨਾਖੁਟ ਹੈ, ਅਨੰਤ ਹੈ, ਕੇਤੇ ਹੈ, ਅਨੀਲ ਹੈ, ਅਨਾਦਿ ਹੈ।

ਮਤਿ ਵਿਚ ਰਤਨ, ਜਵਾਹਰ ਅਤੇ ਮਾਣਕ ਪੜ੍ਹ ਕੇ ਧੋਖਾ ਨਾ ਖਾ ਜਾਣਾ। ਬਾਣੀ ਦੀ ਬੋਲੀ ਦੇ ਸਸਤੇ ਅਰਥ ਕਰਨ ਦੀ ਭੁਲ ਨਾ ਕਰ ਲੈਣੀ। ਮੋਤੀ ਮੰਦਰ ਤੇ ਰਤਨ ਜੜ੍ਹ ਚੀਜ਼ਾਂ ਜੜ੍ਹ ਹਨ। ਮੁਰਦਾ ਹਨ। ਜੀਉਂਦਿਆਂ ਨੂੰ ਮੁਰਦਾ ਕਰ ਦੇਂਦੀਆਂ ਹਨ। ਅੱਖਾਂ ਵਾਲਿਆਂ ਨੂੰ ਅੰਨ੍ਹੇ ਅਤੇ ਕੰਨਾਂ ਵਾਲਿਆਂ ਨੂੰ ਬੋਲਾ ਕਰ ਦੇਂਦੀਆਂ ਹਨ। ਇਨ੍ਹਾਂ ਦੀ ਤਹਿਜ਼ੀਬ ਹੈ, ਅੱਖਾਂ ਫੇਰ

* ਗੁਰਪੁਰਵਾਸੀ

ਲੈਣੀਆਂ, ਕੰਡ ਕਰ ਦੇਣੀ, ਪਿੱਛਾ ਭੁਲ ਜਾਣਾ, ਅੱਗਾ ਦਿਸਣਾ ਨਾ।

ਗੁਰੂ ਬਾਣੀ ਦੇ ਅਰਥ ਮਾਨਵੀ ਹਨ, ਦੈਵੀ ਹਨ, ਸੰਗਤੀ ਹਨ। ਡਿਠੇ ਤੋਂ ਅਰੰਭ ਕਰ ਕੇ ਅਣਡਿਠੈ ਵਿਚ ਪਹੁੰਚ ਜਾਂਦੇ ਹਨ ਅਤੇ ਕਾਦਰ ਤੋਂ ਚੱਲ ਕੇ ਕੁਦਰਤ ਵਿਚ ਘੁਲ-ਮਿਲ ਜਾਂਦੇ ਹਨ।

ਮਨ ਦੀ ਮਤਿ ਦਾ ਰਾਖਾ ਤਾਂ ਮਨ ਹੈ, ਗੁਰੂ ਜੀ ਦੀ ਮਤਿ ਦਾ ਰਾਖਾ ਗੁਰੂ ਹੈ। ਮਨ ਦੀ ਮਤਿ ਦੇ ਸਿਰ ਉੱਪਰ ਮਨ ਦਾ ਹੱਥ ਹੈ, ਗੁਰੂ ਜੀ ਦੀ ਮਤਿ ਉੱਪਰ ਗੁਰੂ ਦਾ ਹੱਥ ਹੈ।

ਦੋਵੇਂ ਹੱਥ ਹਨ ਪਰ ਇਨ੍ਹਾਂ ਦੋਹਾਂ ਵਿਚ ਜ਼ਮੀਨ ਅਤੇ ਅਸਮਾਨ ਦਾ ਫ਼ਰਕ ਹੈ। ਇਕ ਹੱਥ ਦੀ ਸਾਂਝ ਖਾਣ-ਪੀਣ ਅਤੇ ਪਹਿਨਣ ਤਕ ਹੈ ਪਰ ਦੂਜਾ ਹੱਥ ਗੁਰ-ਸੁਮੇਰ ਪ੍ਰਬਤ ਦਾ ਹੈ। ਇਕ ਹੱਥ ਵਿਚ ਰੱਖਿਆ ਦਾ ਅਕਾਸ਼ ਭੀ ਹੈ ਅਤੇ ਤਿੱਖਾ ਅੰਕਸ਼ ਭੀ ਹੈ। ਦੂਜਾ ਹੱਥ ਸਵਾਦ ਦੇ ਨਾਲ ਹੀ ਖਤਮ ਹੋ ਜਾਂਦਾ ਹੈ। ਗੁਰੂ ਨੂੰ ਸਿੱਖ ਆਪਣੇ ਨਾਲੋਂ ਪਿਆਰਾ ਹੈ, ਆਪਣੇ ਪਰਵਾਰ ਨਾਲੋਂ ਵੀ ਪਿਆਰਾ ਹੈ, ਸਿੱਖ ਹੀ ਗੁਰੂ ਜੀ ਦਾ ਸੱਚਾ ਪਰਵਾਰ ਹੈ।

ਗੁਰੂ ਜੀ ਨੇ ਬਾਣੀ ਦਾ ਵਿਰਸਾ ਦੇ ਕੇ ਸਿੱਖਾਂ ਨੂੰ ਨਿਹਾਲ, ਨਿਹਾਲ, ਨਿਹਾਲ ਕਰ ਦਿੱਤਾ ਹੈ। ਹਰ ਇਕ ਸਿੱਖ ਗੁਰੂ ਜੀ ਦਾ ਭਰਿਆ ਹੋਇਆ ਖ਼ਜ਼ਾਨਾ ਆਪਣੇ ਅੰਗਾਂ ਵਾਂਗ ਨਾਲ ਨਾਲ਼ ਚੁੱਕੀ ਫਿਰਦਾ ਹੈ।

ਗੁਰੂ ਜੀ ਦਾ ਇਕਰਾਰ ਭੀ ਹੈ ਅਤੇ ਪ੍ਰਣ ਭੀ ਹੈ ਕਿ ਉਹ ਹਰ ਸਮੇਂ ਸਿੱਖ ਦੇ ਅੰਗ-ਸੰਗ ਰਹੇਗਾ, ਜਿਵੇਂ ਸਾਡੇ ਸਰੀਰ ਦੇ ਅੰਗ ਹਨ। ਸਾਡੇ ਹੱਥ ਇੱਕਲੇ ਨਹੀਂ, ਇਨ੍ਹਾਂ ਵਿਚ ਮੁੱਠ ਮੀਟਣ ਅਤੇ ਖੋਲ੍ਹਣ ਵੇਲੇ ਗੁਰੂ ਜੀ ਦਾ ਭੀ ਹੱਥ ਹੁੰਦਾ ਹੈ। ਸਾਡੀਆਂ ਅੱਖਾਂ ਦੇ ਨਾਲ ਗੁਰੂ ਭੀ ਅੱਖਾਂ ਖੋਲ੍ਹਦਾ ਅਤੇ ਬੰਦ ਕਰਦਾ ਹੈ, ਨੇੜੇ ਅਤੇ ਦੂਰ ਵੇਖਦਾ ਹੈ। ਸੁਣਦਾ ਅਤੇ ਬੋਲਦਾ ਹੈ। ਗੁਰੂ ਦੀ ਅੱਖ ਦੀ ਤੇ ਸਿੱਖ ਦੀ ਅੱਖ ਦੀ ਇਕ ਨਜ਼ਰ ਹੋ ਜਾਂਦੀ ਹੈ। ਇਕੱਲੀ ਅੱਖ ਵਿਚ ਨਦਰ ਨਹੀਂ ਜਾਗਦੀ।

ਗੁਰੂ ਸਾਡਾ ਸ਼ਾਹ ਹੈ, ਉਹ ਆਪਣੇ ਪੁੱਤਰਾਂ ਨੂੰ ਨੈਣਾਂ ਦੇ ਕੰਗਾਲ ਨਹੀਂ ਵੇਖਣਾ ਚਾਹੁੰਦਾ। ਗੁਰੂ ਸਾਡਾ ਵੈਦ ਹੈ, ਉਹ ਸਾਨੂੰ ਅਰੋਗ ਰਹਿਣ ਦੇ ਪ੍ਰਹੇਜ਼ ਭੀ ਦੱਸਦਾ ਹੈ ਅਤੇ ਇਲਾਜ ਭੀ ਕਰਦਾ ਹੈ। ਗੁਰੂ ਸਾਡਾ ਪਾਰਸ ਹੈ, ਉਹ ਸਾਨੂੰ ਤੁਛ ਧਾਤਾਂ ਤੋਂ ਉੱਚਾ ਚੁਕ ਕੇ ਸੋਨਾ ਬਣਾਉਣਾ ਚਾਹੁੰਦਾ ਹੈ। ਸੋਨਾ, ਜਿਹੜਾ ਹਮੇਸ਼ਾਂ ਆਪਣੀ ਸ਼ੁੱਧਤਾ ਕਾਇਮ ਰੱਖਦਾ ਹੈ। ਗੁਰੂ ਸਾਡਾ ਜਹਾਜ਼ ਹੈ, ਉਹ ਨਹੀਂ ਚਾਹੁੰਦਾ ਕੋਈ ਸਿੱਖ ਡੁੱਬ ਕੇ ਮਰ ਜਾਏ। ਗੁਰੂ ਜੀ ਲੋਕ ਤੋਂ ਪ੍ਰਲੋਕ ਤਕ ਪਹੁੰਚ ਜਾਣ ਵਾਲੀ ਉੱਚੀ ਅਵਾਜ਼ ਵਿਚ ਆਖਦੇ ਹਨ। 'ਸਿੱਖੋ ਸੁਚੇਤ ਰਹੋ' ਨਸ਼ੇ ਦੇ ਰੂਪ ਵਿਚ ਆਪਣਾ ਭੇਖ ਬਦਲ ਕੇ ਤੁਹਾਡੇ ਅੰਦਰ ਜ਼ਹਿਰ ਨਾ ਚਲੀ ਜਾਵੇ। ਤੁਹਾਡੀ ਰੱਖਿਆ ਕਰਨ ਵਾਲੀ ਪਹਿਰੇਦਾਰ ਅਕਾਲੀ ਬਾਣੀ ਤੋਂ ਉਪਜੀ ਹੋਈ ਮਤਿ ਹੈ। ਨਸ਼ੇ ਨੇ ਅੰਦਰ ਜਾ ਕੇ ਤੁਹਾਡੀ ਮਤਿ ਨੂੰ ਸੰਘੋ ਫੜ ਲੈਣਾ ਹੈ। ਉਸ ਦੀ ਚੀਖ ਭੀ ਬਾਹਰ ਨਹੀਂ ਨਿਕਲਣ ਦੇਣੀ। ਬਚਾਓ, ਬਚਾਓ ਦੀ ਅਵਾਜ਼ ਭੀ ਗਲ ਘੁਟ ਕੇ ਮਾਰ ਦੇਣੀ ਹੈ।

ਹਰ ਇਕ ਨਸ਼ੇ ਦੇ ਜ਼ਹਿਰ ਦੇ ਆਪੋ-ਆਪਣੇ ਲੱਛਣ ਹੁੰਦੇ ਹਨ ਪਰ ਸਭ ਦਾ

ਨਿਸ਼ਾਨਾ ਇਕ ਹੁੰਦਾ ਹੈ- ਵਿਨਾਸ਼। ਨਸ਼ਾ ਅੰਦਰ ਜਾ ਕੇ ਮਨੁੱਖ ਦੇ ਪੈਰਾਂ ਹੇਠੋਂ ਰੱਬ ਦੀ ਧਰਤੀ ਖੋਹ ਲੈਂਦਾ ਹੈ। ਉਸ ਨੂੰ ਅਕਾਸ਼ ਵਿਚ ਝਟਕਾ ਦੇਂਦਾ ਹੈ। ਉਹ ਇਸ ਫਾਂਸੀ ਨੂੰ ਪੀਂਘ ਵਾਂਗ ਝੂਟਣ ਲੱਗ ਪੈਂਦਾ ਹੈ। ਜ਼ਹਿਰ ਨੇ ਜ਼ਬਾਨ ਮਰੋੜ ਦਿੱਤੀ ਹੈ, ਪਰ ਬੋਲਣ ਵੱਲੋਂ ਮਰਨਾਊਆਂ ਵਰਗਾ ਹੈ ਪਰ ਉਹ ਆਪਣੀ ਅਧਮੋਈ ਹੋਈ ਜ਼ਬਾਨ ਉੱਪਰ ਖੁਸ਼ ਹੈ। ਉਸ ਦੀ ਨਜ਼ਰ ਭੀ ਫਟ ਜਾਂਦੀ ਹੈ। ਅੱਖਾਂ ਵਿਚ ਪਾਗਲਪੁਣਾ ਤੇ ਵਹਿਸ਼ਤ ਜਾਗ ਪੈਂਦੀ ਹੈ। ਕੰਨਾਂ ਵਿੱਚੋਂ ਸੁਣਨ ਸ਼ਕਤੀ ਘੱਟ ਜਾਂਦੀ ਹੈ।

ਸਰੀਰ ਅੰਦਰ ਆਈ ਜ਼ਹਿਰ ਨੂੰ ਬਾਹਰ ਕੱਢਣ ਲਈ, ਸਰੀਰ ਦੇ ਖ਼ਤਰੇ ਵੇਲੇ ਰੱਖਿਆ ਕਰਨ ਵਾਲੀ ਸ਼ਕਤੀ ਦੀ ਫੌਜ ਮੈਦਾਨ ਵਿਚ ਕੁੱਦ ਪੈਂਦੀ ਹੈ। ਨਿਰਬਲ ਹੋਇਆ ਸਰੀਰ ਇਕ ਦਮ ਬਲਵਾਨ ਹੋਇਆ ਜਾਪਦਾ ਹੈ। ਨਸ਼ਈ ਮਨੁੱਖ ਆਪਣੇ ਸਰੀਰ ਦੇ ਘਰ ਨੂੰ ਅੱਗ ਲਾ ਕੇ ਹੋਲੀ ਮਨਾਉਣ ਲੱਗ ਪੈਂਦਾ ਹੈ।

ਰੱਬ ਨੇ ਘਾਲਣਾ ਘਾਲ ਕੇ ਮਨੁੱਖ ਪੈਦਾ ਕੀਤਾ ਹੈ। ਇਸ ਦੀਆਂ ਯੰਤਰ ਪ੍ਰਣਾਲੀਆਂ ਬਣਾਉਣ ਉੱਪਰ ਰੱਬ ਦਾ ਉਤਨਾ ਜ਼ੋਰ ਲੱਗਾ ਹੈ, ਜਿਤਨਾ ਸਾਰੇ ਬ੍ਰਹਿਮੰਡ ਨੂੰ ਬਣਾਉਣ ਉੱਪਰ। ਏਸੇ ਕਰਕੇ ਇਹ ਪਿੰਡ ਅਤੇ ਬ੍ਰਹਿਮੰਡ ਇਕ ਹੈ। ਸਭ ਤੋਂ ਵੱਡੀ ਪਦਵੀ। ਜਦੋਂ ਨਸ਼ੇ ਦਾ ਜ਼ਹਿਰ ਅੰਦਰ ਚਲਿਆ ਜਾਂਦਾ ਹੈ ਫਿਰ ਮਨੁੱਖ ਜੰਗਲੀ ਜਾਨਵਰ ਬਣ ਜਾਂਦਾ ਹੈ। ਉਹ ਹਾਥੀ ਵਾਂਗ ਚੰਘਾੜਦਾ ਹੈ, ਸ਼ੇਰ ਵਾਂਗ ਭਬਕਾਂ ਮਾਰਦਾ ਹੈ। ਕਬੂਤਰਾਂ ਵਾਂਗ ਗੁਟਕਦਾ ਹੈ।

ਉਹ ਨਸ਼ਾ ਨਹੀਂ ਜੋ ਬੰਦੇ ਨੂੰ ਸਧਾਰਨ ਰਹਿਣ ਦੇਵੇ। ਮਨੁੱਖ ਨੂੰ ਅਸਾਧਾਰਨ ਬਣਾਉਣਾ ਇਸ ਦੀ ਕਰਾਮਾਤ ਹੈ। ਸਹਿਜ ਕਿਰਿਆ ਨੂੰ ਭੰਗ ਕਰਨਾ ਹੀ ਇਸ ਦਾ ਨਿਸ਼ਾਨਾ ਹੈ। ਤਮਾਕੂ, ਲਈ ਸਿੱਖਾਂ ਨੇ ਇਕ ਨਵਾਂ ਸ਼ਬਦ ਘੜਿਆ ਹੈ:- 'ਜਗਤ-ਜੂਠ' ਜਿਸ ਦੇ ਮੂੰਹ ਵਿਚ ਤਮਾਕੂ ਹੈ, ਉਸ ਦੇ ਮੂੰਹ ਵਿਚ ਸਾਰੇ ਸੰਸਾਰ ਦੀ ਜੂਠ ਹੈ। ਸੰਸਾਰ ਦਾ ਥੁੱਕ ਹੈ।

ਬਾਣੀ ਦਾ ਖਸਮ ਬੜਾ ਕਿਰਪਾਲੂ ਹੈ ਪਰ ਉਹ ਸ਼ਰਾਬੀ ਨੂੰ ਨੇੜੇ ਨਹੀਂ ਢੁਕਣ ਦੇਂਦਾ। ਸ਼ਰਾਬੀ ਨੂੰ ਆਪਣੇ ਦਰਬਾਰ ਵਿੱਚੋਂ ਧੱਕੇ ਮਾਰ ਕੇ ਕੱਢ ਦੇਂਦਾ ਹੈ- *ਖਸਮਹੁ ਧਕੇ ਖਾਇ॥*

ਬਾਣੀ ਵਿਚ ਖੁਮਾਰੀ ਦੀ ਬੜੀ ਮਹਾਨਤਾ ਹੈ। ਸਾਡਾ ਗੁਰੂ ਨਾਨਕ ਬੜਾ ਵੱਡਾ ਮਸਤਾਨਾ ਹੈ। ਮਸਤੀ ਵਿਚ ਆ ਕੇ ਉਹ ਆਪਣੇ ਕਰਤਾਰ ਨੂੰ ਉੱਚੀ ਅਵਾਜ਼ ਮਾਰਦਾ ਹੈ। ਪਿਆਰ ਦੀ ਅਵਾਜ਼ ਸੁਣ ਕੇ ਸਾਰੀ ਨਗਰੀ ਸੁੰਨ-ਮੁੰਨ ਹੋ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਕੀ ਕੋਲੋਂ ਮਸਤੀ ਦਾ ਪਿਆਲਾ ਪੀਂਦੇ ਹਨ ਅਤੇ ਆਪਣਾ ਪਿਤਾ ਕੁਰਬਾਨ ਕਰ ਦੇਂਦੇ ਹਨ। ਸੰਸਾਰ ਨੂੰ ਹਰਿਆ-ਭਰਿਆ ਬਣਾਉਣ ਵਾਲ ਖੁਮਾਰੀ ਦਾ ਪਿਆਲਾ ਪੀਂਦੇ ਹਨ ਤੇ ਆਪਦੇ ਚਾਰੇ ਪੁੱਤਰਾਂ ਨੂੰ ਕੁਰਬਾਨ ਕਰ ਦੇਂਦੇ ਹਨ। ਝੂਠੇ ਮਦ ਨਾਲ ਭਰੀ ਸੁਰਾਹੀ ਨੂੰ ਉਹ ਸੂਲਾਂ ਮੰਨਦੇ ਹਨ, ਹੋਛੇ ਮਦ ਨਾਲ ਭਰੇ ਪਿਆਲੇ ਨੂੰ ਉਹ ਖੰਜਰ ਅਨੁਭਵ ਕਰਦੇ ਹਨ।

ਸੱਚੇ ਮਦ ਸਾਡੀ ਆਪਣੀ ਜ਼ਿੰਦਗੀ ਵਿਚ ਸਦਾ ਨਾਲ ਰਹਿੰਦੇ ਹਨ। ਸੱਚ ਇਕ ਮਦ ਹੈ, ਸੰਤੋਖ ਇਕ ਮਦ ਹੈ, ਸਬਰ ਇਕ ਮਦ ਹੈ, ਤਪ ਇਕ ਮਦ ਹੈ, ਧੀਰਜ

ਇਕ ਮਦ ਹੈ, ਗੁਰਮਤਿ ਇਕ ਮਦ ਹੈ। ਸਿੱਖੀ ਇਕ ਮਦ ਹੈ। ਕੁਰਬਾਨੀ ਇਕ ਮਦ ਹੈ। ਪ੍ਰੇਮ ਇਕ ਮਦ ਹੈ, ਨਿਸ਼ਾਨਾ ਇਕ ਮਦ ਹੈ, ਨੇਮ ਇਕ ਮਦ ਹੈ, ਸੇਵਾ ਇਕ ਮਦ ਹੈ, ਪਰ-ਭਲਾ ਇਕ ਮਦ ਹੈ। ਕੁਦਰਤ ਇਕ ਮਦ ਹੈ, ਕੀਰਤਨ ਇਕ ਮਦ ਹੈ। ਤਨ ਅਤੇ ਮਨ ਦੀਆਂ ਮਟਕੀਆਂ ਮਦ ਨਾਲ ਉਛਲ ਪੈਂਦੀਆਂ ਹਨ।

ਮੈਂ ਨਹੀਂ ਮੰਨ ਸਕਦਾ ਕਿ ਕੋਈ ਸਿੱਖ ਸ਼ਰਾਬ ਪੀ ਸਕਦਾ ਹੈ। ਸਿੱਖ ਦੀ ਜ਼ਿੰਦਗੀ ਤੇ ਬਾਣੀ ਦੇ ਅੰਮ੍ਰਿਤ ਨਾਲ ਭਰੀ ਹੋਈ ਛਲਕ-ਛਲਕ ਪੈਂਦੀ ਹੈ। ਜਿਧਰ ਉਹ ਜਾਂਦਾ ਹੈ, ਸਿੱਖੀ ਦੇ ਫੁਲ ਆਪ ਮੁਹਾਰੇ ਖਿੜਦੇ ਜਾਂਦੇ ਹਨ। ਉਹ ਸਿੱਖੀ ਦਾ ਚਸ਼ਮਾ ਹੈ।

ਤੋਤੇ, ਰਾਮ ਦਾ ਨਾਮ ਭੀ ਲੈਂਦੇ ਹਨ ਅਤੇ ਅੱਲ੍ਹਾ ਅਤੇ ਗਾਡ ਦਾ ਨਾਮ ਭੀ ਜਪਦੇ ਹਨ। ਉਹ ਰਾਮ ਨਹੀਂ ਬੋਲਦੇ, ਆਪਣੀ ਬੋਲੀ ਵਿਚ ਚੂਰੀ ਬੋਲਦੇ ਹਨ। ਇਹ ਰਾਮ ਅੱਲ੍ਹਾ ਤੇ ਗਾਡ ਵਾਲਿਆਂ ਨੇ ਪ੍ਰਚਾਰਕ ਨਹੀਂ ਰੱਖੇ, ਆਪਣੇ ਮਨ ਪ੍ਰਚਾਉਣ ਲਈ ਅਤੇ ਦੂਜਿਆਂ ਨੂੰ ਖਿਡਾਉਣ ਲਈ ਜੀਉਂਦੇ ਖਿਡਾਉਣੇ ਰੱਖੇ ਹੁੰਦੇ ਹਨ।

ਮੈਂ ਨਹੀਂ ਸੁਣ ਸਕਦਾ ਅਤੇ ਸੁਣਾਉਣ ਵਾਲੇ ਦੀ ਗੱਲ ਦਲੇਰੀ ਨਾਲ ਵਿੱਚੋਂ ਟੋਕ ਦੇਂਦਾ ਹਾਂ। ਇਹ ਤ੍ਰਿਕਾਲ ਅਨਹੋਣੀ ਗੱਲ ਹੈ ਕਿ ਕੋਈ ਸਿੱਖ ਸ਼ਰਾਬ ਪੀਵੇ। ਸਿੱਖ ਦੀ ਬੜੀ ਉੱਚੀ ਪਦਵੀ ਹੈ। ਸਿੱਖ ਸਾਰਿਆਂ ਲਈ ਮਨ ਨੀਵਾਂ ਅਤੇ ਮਤਿ ਉੱਚੀ ਦੀ ਮੰਗ ਮੰਗਦੇ ਹਨ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉੱਚੀ ਮਤਿ ਮੰਗਣ ਵਾਲਾ ਸ਼ਰਾਬ ਪੀ ਕੇ ਆਪਣੀ ਮਤਿ ਨੂੰ ਦੂਰ ਕਰੇ ਅਤੇ ਖਸਮ ਦੇ ਦਰਬਾਰ ਵਿਚ ਧੱਕੇ ਖਾਣ ਜਾਵੇ। ਨਸ਼ਾ ਕਰਨ ਵਾਲਾ ਸਿੱਖਾਂ ਦੀ ਪਰੰਪਰਾ ਦਾ ਨਹੀਂ, ਪਾਖੰਡੀ ਹੈ, ਕੇਵਲ ਭੇਖੀ ਹੈ। ਇਹ ਭੇਖੀ ਹਨ ਸਿੱਖਾਂ ਨੂੰ ਬਦਨਾਮ ਕਰ ਰਹੇ ਹਨ।

ਨਸ਼ੇ ਵਿਚ ਸਿੱਖ ਨਹੀਂ ਰੁੜ੍ਹ ਰਹੇ, ਸਿੱਖੀ ਦੇ ਮੌਖਟੇ ਪਹਿਨਣ ਵਾਲੇ ਰੁੜ੍ਹ ਰਹੇ ਹਨ। ਨਸ਼ਈ ਬੁਜ਼ਦਿਲ ਹੁੰਦੇ ਹਨ, ਉਹ ਕਿਸ਼ਤਾਂ ਵਿਚ ਮਰਦੇ ਹਨ। ਸਿੱਖ ਤਾਂ ਸ਼ਹੀਦ ਹੁੰਦਾ ਹੈ, ਉਸ ਦਾ ਤੇ ਕੋਈ ਉੱਚਾ ਆਦਰਸ਼ ਹੁੰਦਾ ਹੈ। ਉਹ ਸਵਾਦ ਲਈ ਨਹੀਂ ਮਰਦਾ।

ਇਸ ਪੱਤਝੜ ਦੇ ਪਿੱਛੇ ਬਹਾਰ ਆ ਗਈ ਹੈ। ਘਰ-ਘਰ ਬਾਣੀ ਦੇ ਜਗ ਲੱਗ ਰਹੇ ਹਨ। ਹਰ ਸੜਕ 'ਤੇ ਲੰਗਰ ਹਨ। ਹਰ ਪਿੰਡ ਵਿਚ ਗੁਰਦੁਆਰਾ ਹੈ। ਇਤਿਹਾਸਿਕ ਗੁਰਦੁਆਰੇ ਆਪਣੇ ਇਤਿਹਾਸ ਵਰਗੇ ਆਲੀਸ਼ਾਨ ਹਨ। ਧਾਰਮਿਕ ਪੁਸਤਕਾਂ ਦੀ ਗਿਣਤੀ ਵਧ ਗਈ ਹੈ। ਇਹ ਸਾਡੀ ਪਰਮ-ਭੁਖ ਦੀ ਨਿਸ਼ਾਨੀ ਹੈ। ਲੋਕੀਂ ਕੇਵਲ ਕੀਰਤਨ ਸੁਣਨ ਲਈ ਵਹੀਰਾਂ ਬੰਨ੍ਹ ਕੇ ਆਉਂਦੇ ਹਨ। ਲੋਕਾਂ ਵਿਚ ਸ਼ਰਧਾ ਹੈ, ਸੇਵਾ ਦਾ ਚਾਅ ਚੜ੍ਹਿਆ ਹੋਇਆ ਹੈ। ਝਾੜੂ ਥੁੜ ਜਾਂਦੇ ਹਨ। ਟੋਕਰੀਆਂ ਘਟ ਜਾਂਦੀਆਂ ਹਨ। ਪਾਣੀ ਦੀ ਬਾਲਟੀ ਚੁੱਕਣ ਲਈ ਉਡੀਕਣਾ ਪੈਂਦਾ ਹੈ। ਭਾਂਡੇ ਥੋੜੇ ਨੇ, ਮਾਂਜਣ ਵਾਲੇ ਬਹੁਤ ਹਨ।

ਅਫੀਮ ਦੇ ਬਿਉਪਾਰੀਆਂ ਨੇ ਪਾਦਰੀ ਬਣ ਕੇ ਸਾਰੇ ਚੀਨ ਨੂੰ ਗਰਕ ਕਰ ਦਿੱਤਾ ਸੀ, ਚਾਹ ਦੇ ਬਿਉਪਾਰੀ ਪਹਿਲਾਂ ਮੁਫਤ ਚਾਹ ਦੇ ਪਿਆਲੇ ਪਿਲਾਉਂਦੇ ਹਨ। ਇਸ ਵੇਲੇ ਨਸ਼ੇ ਦੇ ਬਿਉਪਾਰੀਆਂ ਨੇ ਹਰ ਪਿੰਡ ਵਿਚ ਅੱਡੇ ਬਣਾਏ ਹਨ। ਕੁਝ ਬੰਦੇ ਆਪਣੇ ਲਾਭ ਲਈ ਸਾਰੇ ਪਿੰਡ ਨੂੰ ਮੂਰਖ ਬਣਾ ਕੇ ਲੁਟ ਰਹੇ ਹਨ। ਇਹ ਸਿੱਖੀ ਦੇ ਵੈਰੀ ਹਨ। ■

‘ਏਕ ਗ੍ਰੰਥ - ਏਕ ਪੰਥ’: ਸੇਵਾ ਜਾਂ ਸਾਜ਼ਿਸ਼

*-ਸ. ਗੁਰਚਰਨਜੀਤ ਸਿੰਘ ਲਾਂਬਾ**

ਇਸ ਵਿਚ ਕੋਈ ਦੁਬਿਧਾ ਨਹੀਂ ਅਤੇ ਨਾਂ ਹੀ ਕਿਸੇ ਨੇ ਕਦੇ ਵੀ ਇਸ ਇਲਾਹੀ ਹੁਕਮ ਤੋਂ ਇਨਕਾਰ ਕੀਤਾ ਹੈ ਕਿ ਜੁਗੋ ਜੁਗ ਅਟੱਲ ਗੁਰੂ ਕੇਵਲ ਅਤੇ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਖਾਲਸੇ ਦੀ ਸਿਰਜਣਾ ਤੋਂ ਇਕ ਸਾਲ ਪਹਿਲਾਂ ਸੰਮਤ ੧੭੫੫ (੧੬੯੮ ਈ.) ਦੀ ਸ੍ਰੀ ਅਨੰਦਪੁਰ ਸਾਹਿਬ ਦੀ ਇਕ ਇਤਿਹਾਸਿਕ ਘਟਨਾ ਦਾ ਹਵਾਲਾ ਭਾਈ ਕੇਸਰ ਸਿੰਘ ਛਿੱਬਰ ਦਿੰਦੇ ਹਨ ਕਿ ਉੱਥੇ ਦੋ ਗ੍ਰੰਥ ਸਨ ਅਤੇ ਸਿੱਖਾਂ ਨੇ ਸਤਿਗੁਰ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਦੋਨਾਂ ਨੂੰ ਰਲਾ ਦਿੱਤਾ ਜਾਏ। ਕਲਗੀਧਰ ਪਿਤਾ ਦਾ ਜਵਾਬ ਬਹੁਤ ਹੀ ਸਪੱਸ਼ਟ ਸੀ ਅਤੇ ਦੋਹਾਂ ਗ੍ਰੰਥਾਂ ਦੇ ਰੁਤਬੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੰਦਾ ਹੈ:

ਸੰਮਤ ਸਤਾਰਾਂ ਸੈ ਪਚਵੰਜੇ ਸਿਖਾਂ ਸਾਹਿਬ ਆਗੈ ਬਿਨਤੀ ਸੀ ਕੀਤੀ।
ਗ਼ੀਬ ਨਿਵਾਜ਼! ਜੇ ਬਚਨ ਹੋਵੇ ਤਾਂ ਦੁਹਾਂ ਗ੍ਰੰਥਾਂ ਦੀ ਜਿਲਦ ਚਾਹੀਐ ਇਕ ਕਰ ਲੀਤੀ।
ਸਾਹਿਬ ਬਚਨ ਕੀਤਾ, ਆਦਿ ਗੁਰੂ ਹੈ ਗ੍ਰੰਥ।
ਇਹ ਅਸਾਡੀ ਹੈ ਖੇਡ, ਜੁਦਾ ਰਹੇ ਮਨ ਮੰਥ। ੩੮੯। (ਦਸਵਾਂ ਚਰਣ)

ਇਸ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਰੁਤਬੇ ਬਾਰੇ ਕੋਈ ਦੁਬਿਧਾ ਨਹੀਂ ਰਹਿ ਜਾਂਦੀ ਪਰ ਫਿਰ ਵੀ ਡੂੰਘੀ ਸਾਜ਼ਿਸ਼ ਤਹਿਤ ‘ਏਕ ਗ੍ਰੰਥ-ਏਕ ਪੰਥ’ ਦੀ ਸ਼ਰਾਰਤ-ਭਰਪੂਰ ਟਿੱਪਣੀ ਬਾਰ ਬਾਰ ਉਭਾਰੀ ਜਾਂਦੀ ਹੈ। (ਏਕ ਪੰਥ ਤਾਂ ਸਹੀ ਹੈ ਪਰ ਏਕ ਗ੍ਰੰਥ ਪੰਥ ਦਾ ਅਧੂਰਾਪਨ ਹੈ) ਇਹ ਸਵਾਲ ਕਰਨ ਵਾਲਾ ਜਾਂ ਤਾਂ ਖੁਦ ਹੀ ਸਿੱਖ ਨਹੀਂ ਹੈ ਤੇ ਜਾਂ ਫਿਰ ਉਸ ਨੇ ਜ਼ਿੰਦਗੀ ਵਿਚ ਕਦੇ ਵੀ ਨਾ ਤਾਂ ਨਿੱਤਨੇਮ ਕੀਤਾ ਹੈ, ਨਾ ਹੀ ਅੰਮ੍ਰਿਤ ਛਕਿਆ ਹੈ ਅਤੇ ਨਾ ਹੀ ਕਦੇ ਅਰਦਾਸ ਵੀ ਕੀਤੀ ਹੈ ਜਾਂ ਸੁਣੀ ਹੈ। ਕੀ ਨਿੱਤਨੇਮ ਵਿਚ ਜਾਪ ਸਾਹਿਬ, ਤ੍ਵਪ੍ਰਸਾਦਿ ਸਵਈਏ, ਬੇਨਤੀ ਚੌਪਈ, ਅਰਦਾਸ ਦੀ ਵਾਰ ਸ੍ਰੀ ਭਗੌਤੀ ਜੀ ਕੀ (ਚੰਡੀ ਦੀ ਵਾਰ) ਦੀ ਪਹਿਲੀ ਪਉੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਹੈ? ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਇਸ ਤਰ੍ਹਾਂ ‘ਏਕ ਗ੍ਰੰਥ-ਏਕ ਪੰਥ’ ਕਹਿਣਾ ਸਿੱਧੇ ਰੂਪ ਵਿਚ ਸਿੱਖੀ ’ਤੇ ਹਮਲਾ ਹੈ। ਇਸ ਸ਼ਰਾਰਤ ਤੋਂ ਬਚਣ ਦੀ ਲੋੜ ਹੈ।

ਸਿੱਖ ਨੂੰ ਸਿੱਖ ਬਣਾਉਣ ਲਈ ਅਤੇ ਸਿੱਖ ਕਾਇਮ ਰੱਖਣ ਲਈ ਦੋ ਗ੍ਰੰਥਾਂ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਖਾਲਸੇ ਦੀ ਸਿਰਜਣਾ ਦੇ ਸ੍ਰੋਤ ਹਨ। ਇਤਨਾ ਹੀ ਨਹੀਂ ਇਕ ਹੋਰ ਗੱਲ ਵਿਚਾਰਨ ਵਾਲੀ ਹੈ ਕਿ ਪੰਥ ਪ੍ਰਵਾਨਿਤ ‘ਸਿੱਖ ਰਹਿਤ ਮਰਯਾਦਾ’

* New Jersey. USA. Mo: +1 9736990950 Email: santsipahi@gmail.com

ਮੁਤਾਬਕ ਇਨ੍ਹਾਂ ਦੋਹਾਂ ਪਾਵਨ ਗ੍ਰੰਥਾਂ ਦੇ ਇਲਾਵਾ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਵੀ ਪ੍ਰਵਾਨਗੀ ਦਿੱਤੀ ਹੈ ਅਤੇ ਸਤਿਕਾਰ ਵਜੋਂ ਇਨ੍ਹਾਂ ਦਾ ਪਾਠ, ਕਥਾ, ਕੀਰਤਨ ਬਾਣੀ ਕਰਕੇ ਕੀਤਾ ਜਾ ਸਕਦਾ ਹੈ। ਪਰ ਇਨ੍ਹਾਂ ਨੂੰ ਗੁਰਬਾਣੀ ਨਹੀਂ ਕਿਹਾ ਗਿਆ।

ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਵਿਚ ਵੀ ਕੇਵਲ ਇਕ ਗ੍ਰੰਥ ਦੀ ਗੱਲ ਨਹੀਂ ਕੀਤੀ ਗਈ। ਇੱਥੇ ਸਪੱਸ਼ਟ ਤੌਰ 'ਤੇ ਅੰਕਤ ਹੈ:-

੫. ਗੁਰਬਾਣੀ ਦੀ ਕਥਾ:- (ਏ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿੱਖਿਆ ਦਾ ਲਿਆ ਜਾ ਸਕਦਾ ਹੈ।

ਸੋ 'ਏਕ ਗ੍ਰੰਥ-ਏਕ ਪੰਥ' ਕਹਿਣਾ ਸਿੱਖੀ 'ਤੇ ਸਿੱਧਾ ਹਮਲਾ ਹੈ। ਇਹ ਹੁੱਜਤ ਸਭ ਤੋਂ ਪਹਿਲਾਂ ਬਾਬੂ ਤੇਜਾ ਸਿੰਘ ਭਸੌੜ ਨੇ ਸ਼ੁਰੂ ਕੀਤੀ ਅਤੇ ਪੰਥ ਵਿੱਚੋਂ ਦਰ-ਬਦਰ ਕੀਤਾ ਗਿਆ। ਉਪਰੰਤ ਪੰਥ 'ਚੋਂ ਛੇਕੇ ਪੰਥ ਦੋਖੀਆਂ ਨੇ ਤਾਂ ਇਸ ਲਈ ਇਕ ਮੁਹਿੰਮ ਹੀ ਵਿੱਢ ਦਿੱਤੀ। ਹੁਣ ਗਾਹੇ-ਬਗਾਹੇ ਇਹ ਲੋਕ ਸਿੱਧੇ-ਅਸਿੱਧੇ ਰੂਪ ਵਿਚ ਇਹ ਰਾਗ ਅਲਾਪਦੇ ਰਹਿੰਦੇ ਹਨ।

ਇਸਲਾਮ ਪੂਰੇ ਅਕੀਦੇ ਨਾਲ ਕੁਰਆਨ 'ਤੇ ਇਤਕਾਦ ਰੱਖਦਾ ਹੈ। ਇਸ ਨੂੰ ਵਹੀ (ਨਾਜ਼ਲ) ਹੋਇਆ ਮੰਨਦੇ ਹਨ। ਇਸ ਦਾ ਕੋਈ ਬਦਲ ਨਹੀਂ ਹੈ। ਪਰ ਇਸ ਦੇ ਬਾਵਜੂਦ ਕੁਰਆਨ ਦੇ ਨਾਲ ਨਾਲ ਹਦੀਸ ਵੀ ਇਸਲਾਮ ਦੇ ਗ੍ਰੰਥ ਹਨ। ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹ ਸੁਣ ਕੇ ਹੈਰਾਨੀ ਹੋਏਗੀ ਕੇ ਨਮਾਜ਼ ਲਈ ਜੋ ਆਜ਼ਾਨ (ਬਾਂਗ) ਦਿੱਤੀ ਜਾਂਦੀ ਹੈ ਉਸ ਦੀਆਂ ਤੁਕਾਂ ਵੀ ਕੁਰਆਨ ਜਾਂ ਹਦੀਸ ਵਿਚ ਨਹੀਂ ਹਨ, ਬਲਕਿ ਸੁੰਨਤ ਅਤੇ ਪਰੰਪਰਾ ਵਿੱਚੋਂ ਹਨ। ਪਰ ਕਿਸੇ ਨੇ ਕਦੇ ਵੀ ਇਸ 'ਤੇ ਇਤਰਾਜ਼ ਨਹੀਂ ਕੀਤਾ।

ਕੀ ਇਹ 'ਏਕ ਗ੍ਰੰਥ-ਏਕ ਪੰਥ' ਦੀ ਸ਼ਰਾਰਤ ਪੂਰਨ ਨਾਸਤਿਕਤਾ ਦੀ ਰਟ ਸਾਡੇ ਹਿੱਸੇ ਹੀ ਆਈ ਹੈ? ਸੁਚੇਤ ਹੋਣ ਦੀ ਲੋੜ ਹੈ। ਇਹ ਦ੍ਰਿੜ੍ਹ ਹੋਵੇ ਕਿ ਗੁਰੂ ਕੇਵਲ ਅਤੇ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਪਰ ਇਸ ਦੇ ਨਾਲ ਗੁਰਬਾਣੀ ਦਾ ਦੂਸਰਾ ਸੋਮਾ ਸ੍ਰੀ ਦਸਮ ਗ੍ਰੰਥ ਸਾਹਿਬ ਹੈ ਅਤੇ ਬਾਕੀ ਹੋਰ ਪੰਥ ਦੀ ਅਹਿਮ ਧਰੋਹਰ ਪਾਵਨ ਗ੍ਰੰਥ ਹਨ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ : ਸਿੱਖ ਇਤਿਹਾਸ ਅਤੇ ਇਮਾਰਤ ਕਲਾ ਦਾ ਚਾਨਣ-ਮੁਨਾਰਾ

*-ਡਾ. ਸਤਿੰਦਰ ਸਿੰਘ**

ਜਾਣ-ਪਛਾਣ: ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖੀ ਦਾ ਮਹਾਨ ਕੇਂਦਰ ਹੈ। ਇਸ ਦੀ ਨੀਂਹ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਰੱਖੀ। ਅੰਮ੍ਰਿਤ ਸਰੋਵਰ ਦੀ ਖੁਦਾਈ ਕਰਵਾਈ। ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਵਸਾ ਕੇ ਸਰਬ-ਸਾਂਝੇ ਸਮਾਜ ਦੀ ਨੀਂਹ ਰੱਖੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੋਰ ਸੇਵਾਵਾਂ ਕਰਵਾਈਆਂ। ਸੰਤੋਖਸਰ ਦਾ ਸਰੋਵਰ, ਰਾਮਸਰ ਦਾ ਸਰੋਵਰ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਤੇ ਪਹਿਲੀ ਵਾਰ ਪ੍ਰਕਾਸ਼ ਗੁਰਬਾਣੀ ਦੇ ਅਦਬ-ਸਤਿਕਾਰ ਅਤੇ ਗੁਰਸਿੱਖਾਂ ਦੀ ਨਿੱਤ ਮਰਿਆਦਾ ਨੂੰ ਦ੍ਰਿੜ੍ਹਾਇਆ। ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਪਹਿਲਾ ਸਰੂਪ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਹੈ। ਆਸ-ਪਾਸ ਦੇ ਇਲਾਕਿਆਂ ਵਿਚ ਬੇਅੰਤ ਸੇਵਾ ਕਾਰਜ ਕਰਵਾਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਵਿਚ ਜੂਝ ਮਰਨ ਦਾ ਚਾਅ ਪੈਦਾ ਕਰਨ ਲਈ ਸ਼ਸਤਰਧਾਰੀ ਹੋਣ ਅਤੇ ਜ਼ਾਲਮਾਂ ਖ਼ਿਲਾਫ ਜੰਗ ਲੜਨ ਦੀ ਪ੍ਰੇਰਨਾ ਇੱਥੋਂ ਹੀ ਦਿੱਤੀ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰ ਕੇ ਗੁਰਸਿੱਖਾਂ ਵਿਚ ਸ੍ਵੈ-ਮਾਣ ਭਰਿਆ। ਸ੍ਰੀ ਅਕਾਲ ਤਖਤ ਸਾਹਿਬ ਅੱਗੇ ਦਿੱਲੀ ਤੇ ਲਾਹੌਰ ਦਰਬਾਰ ਦੀ ਆਭਾ ਫਿੱਕੀ ਪੈਣ ਲੱਗੀ। ਸੱਚੇ ਪਾਤਸ਼ਾਹ ਦਾ, ਰਾਜਿਆਂ ਦੇ ਰਾਜੇ ਦਾ, ਸਰੂਪ ਸਪੱਸ਼ਟ ਹੋਇਆ। ਸ੍ਵੈ-ਰੱਖਿਆ ਅਤੇ ਮਜ਼ਲੂਮਾਂ ਦੀ ਰਾਖੀ ਲਈ ਦੋ ਤਲਵਾਰਾਂ ਪਹਿਨੀਆਂ। ਬੀਰ ਰਸ ਭਰਨ ਲਈ ਢਾਡੀ ਵਾਰਾਂ ਦੀ ਸ਼ੁਰੂਆਤ ਕੀਤੀ। ਢਾਡੀ ਭਾਈ ਨੱਥਾ ਜੀ ਤੇ ਭਾਈ ਅਬਦੁੱਲਾ ਜੀ ਨੇ ਉੱਚੀ ਸੁਰ ਵਿਚ ਜਦੋਂ ਗਾਇਆ- ''ਪੱਗ ਤੇਰੀ ਕੀ ਜਹਾਂਗੀਰ ਦੀ'' ਤਾਂ ਸਮੁੱਚੀ ਲੋਕਾਈ ਅੰਦਰ ਨਿਰਭਉ ਬਣ ਕੇ ਜਿਊਣ ਅਤੇ ਨਿਰਵੈਰ ਹੋ ਕੇ ਮਰਨ ਦੀ ਇੱਛਾ ਪ੍ਰਬਲ ਹੋਣ ਲੱਗੀ। ਆਪ ਜੀ ਨੇ ਇੱਥੇ ਗੁਰਦੁਆਰਾ ਕੌਲਸਰ ਸਾਹਿਬ ਤੇ ਗੁਰਦੁਆਰਾ ਬਿਬੇਕਸਰ ਸਾਹਿਬ ਸਥਾਪਿਤ ਕੀਤੇ। ਸ੍ਰੀ ਅੰਮ੍ਰਿਤਸਰ ਨੂੰ ਰੂਹਾਨੀਅਤ ਦੇ ਰੰਗ ਵਿਚ ਰੰਗਿਆ। ਸੰਗਤ ਇਸ ਸਥਾਨ ਦੀ ਧੂੜ ਮੱਥੇ ਨਾਲ ਲਾ ਕੇ ਆਪਣਾ ਜੀਵਨ ਸਫਲ ਕਰਦੀ ਹੈ। ਪੰਥਕ ਅਰਦਾਸ ਵਿਚ ਇਸ ਪਾਵਨ ਗੁਰਧਾਮ ਦੇ ਦਰਸ਼ਨ ਅਤੇ ਇਸ਼ਨਾਨ ਸਿੱਖੀ ਨਾਲ ਇਸ ਦੇ ਅਟੁੱਟ ਰਿਸ਼ਤੇ ਦੀ ਪੇਸ਼ਕਾਰੀ ਕਰਦੇ ਹਨ।

* *ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੮੪੩੭੭੦੦੮੫੨*

ਇੱਥੇ ਬਹੁਤ ਸਾਰੇ ਗੁਰਧਾਮ ਹਨ ਜਿਨ੍ਹਾਂ 'ਚੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਦਾ ਵਿਸ਼ੇਸ਼ ਸਥਾਨ ਹੈ। ਇਹ ਸਿੱਖ ਇਤਿਹਾਸ ਅਤੇ ਸਿੱਖ ਇਮਾਰਤ ਕਲਾ ਦਾ ਉੱਤਮ ਨਮੂਨਾ ਹੈ। ਇਸ ਵਿਚ ਸਿੱਖ ਇਤਿਹਾਸ, ਸਿੱਖ ਅਹਿਸਾਸ ਅਤੇ ਸਿੱਖ ਕਲਾ ਦੇ ਰੰਗ ਸਮਾਏ ਹੋਏ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਕਿਵੇਂ ਦੀ ਹੋਵੇ? ਇਸ ਸਵਾਲ ਦੇ ਜਵਾਬ ਵਿਚ ਸਾਡੇ ਪਾਸ ਗੁਰਦੁਆਰਾ ਸਾਹਿਬ ਦਾ ਪਹਿਲਾ ਮਾਡਲ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਹੈ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ, ਬਾਉਲੀਆਂ, ਖੂਹ ਆਦਿਕ ਗੁਰੂ ਕਾਲ ਦੀਆਂ ਇਮਾਰਤਾਂ, ਸਿੱਖ ਇਮਾਰਤ ਕਲਾ ਦੀਆਂ ਪ੍ਰਤੱਖ ਮਿਸਾਲਾਂ ਹਨ। ਅਠਾਰ੍ਹਵੀਂ ਸਦੀ ਵਿਚ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਨਵਾਬ ਕਪੂਰ ਸਿੰਘ ਨੇ ਪੰਥ ਨੂੰ ਦੋ ਜਥਿਆਂ- ਬੁੱਢਾ ਦਲ ਅਤੇ ਤਰਨਾ ਦਲ ਵਿਚ ਜਥੇਬੰਦ ਕੀਤਾ ਸੀ। ਬੁੱਢਾ ਦਲ ਦਾ ਕਾਰਜ, ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਕਰਨਾ ਸੀ ਜਦਕਿ ਤਰਨਾ ਦਲ ਦੁਸ਼ਟਾਂ ਦੇ ਦੰਦ ਖੱਟੇ ਕਰਦਾ ਸੀ। ਅਠਾਰ੍ਹਵੀਂ ਸਦੀ ਦੀ ਇਮਾਰਤ ਕਲਾ, ਸਿੱਖ ਇਮਾਰਤਸਾਜ਼ੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਸ ਦੀ ਮਹੱਤਤਾ ਇਸ ਕਰਕੇ ਵੀ ਹੈ ਕਿਉਂਕਿ ਇਹ ਸਿੱਖਾਂ ਵੱਲੋਂ ਆਪ ਬਣਾਈਆਂ ਗਈਆਂ ਹਨ। ਸੰਨ ੧੭੬੨ ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਰਦਾਰਾਂ ਨੇ ੧੭੬੪ ਈ. ਵਿਚ ਇਸ ਦੀ ਪੁਨਰ-ਉਸਾਰੀ ਕੀਤੀ। ਸਿੱਖ ਇਮਾਰਤ ਕਲਾ, ਮੁੜ-ਸੁਰਜੀਤ ਹੋਣੀ ਸ਼ੁਰੂ ਹੋਈ। ਸਿੱਖਾਂ ਨੇ ਫੈਸਲਾ ਕੀਤਾ ਕਿ ਉਹ ਹੁਣ ਜੰਗਲ, ਬੇਲਿਆਂ ਵਿਚ ਰਹਿਣ ਦੀ ਥਾਂ, ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਪੱਕੀਆਂ ਰਿਹਾਇਸ਼ਾਂ ਬਣਾਉਣਗੇ ਤਾਂ ਜੋ ਜ਼ਾਲਮ, ਸਿੱਧਾ ਦਰਬਾਰ ਸਾਹਿਬ ਉੱਪਰ ਹਮਲਾ ਨਾ ਕਰ ਸਕੇ। ਸੁਰੱਖਿਆ ਦੇ ਪੱਖੋਂ ਬਹੁਤ ਸਾਰੇ ਬੁੰਗਿਆਂ ਦੀ ਉਸਾਰੀ ਕੀਤੀ। ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਮਹੱਲੇ ਭਾਵ ਕੱਟੜੇ ਆਬਾਦ ਕੀਤੇ ਜੋ ਅੱਜ ਵੀ ਕਾਇਮ ਹਨ।

ਸਿੱਖ ਜੰਗਾਂ-ਯੁੱਧਾਂ ਦੇ ਨਾਲ ਨਾਲ ਇਮਾਰਤ ਕਲਾ ਵਿਚ ਵੀ ਨਿਪੁੰਨ ਸਨ। ਉਸ ਦੌਰ ਵਿਚ ਬਹੁਤ ਸਾਰੀਆਂ ਇਮਾਰਤਾਂ ਬਣੀਆਂ। ਇਹ ਇਮਾਰਤਾਂ ਜਿੱਥੇ ਸੁਰੱਖਿਆ ਪੱਖੋਂ ਬਹੁਤ ਮਜ਼ਬੂਤ ਸਨ, ਉੱਥੇ ਵਾਤਾਵਰਨ ਅਨੁਕੂਲ ਵੀ ਸਨ। ਇਹ ਸਰਦੀਆਂ ਵਿਚ ਗਰਮ ਅਤੇ ਗਰਮੀਆਂ ਵਿਚ ਠੰਡੀਆਂ ਸਨ। ਇਨ੍ਹਾਂ ਵਿਚ ਉਹ ਵਿਸਮਾਦੀ ਕਲਾ ਸੀ, ਜਿਸ ਨਾਲ ਜਿਗਿਆਸੂਆਂ ਦੇ ਮਨ ਵਿਚ ਪ੍ਰਵੇਸ਼ ਕਰਦਿਆਂ ਹੀ ਆਪ ਮੁਹਾਰੇ ਬੰਦਗੀ ਉਪਜਦੀ ਸੀ। ਬਹੁਤ ਸਾਰੀਆਂ ਇਮਾਰਤਾਂ ਸਮੇਂ ਦੇ ਬੀਤਣ ਨਾਲ ਖੁੱਸ ਗਈਆਂ ਹਨ ਪਰ ਫਿਰ ਵੀ ਅਜੇ ਸਾਡੇ ਪਾਸ ਬਹੁਤ ਇਮਾਰਤਾਂ ਬਚੀਆਂ ਹਨ ਜਿਨ੍ਹਾਂ ਉੱਪਰ ਗੰਭੀਰ ਅਧਿਐਨ ਦੀ ਜ਼ਰੂਰਤ ਹੈ। ਸਿੱਖ ਕਲਾ ਦੇ ਇਸ ਵਡਮੁੱਲੇ ਹੁਨਰ ਨੂੰ ਪਛਾਣਨ, ਸੰਭਾਲਣ ਅਤੇ ਮੁੜ ਵਰਤੋਂ ਵਿਚ ਲਿਆਉਣਾ ਜ਼ਰੂਰੀ

ਹੈ। ਇਸ ਦੇ ਨਾਲ ਹੀ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਅਤੇ ਗੁਰਦੁਆਰਾ ਬਾਬਾ ਬਕਾਲਾ ਜੀ ਪਾਤਸ਼ਾਹੀ ਨੌਵੀਂ ਦੀਆਂ ਇਮਾਰਤਾਂ ਦੀ ਬਾਹਰੀ ਦਿੱਖ, ਦੇਖਣ ਨੂੰ ਇੱਕੋ ਜਿਹੀ ਲੱਗਦੀ ਹੈ। ਇੰਝ ਭਾਸਦਾ ਹੈ ਜਿਵੇਂ ਇਹ ਦੋਵੇਂ ਇਮਾਰਤਾਂ ਇੱਕੋ ਸਮੇਂ ਉੱਸਰੀਆਂ ਹੋਣ। ਖੈਰ, ਇਹ ਅਜੇ ਖੋਜ ਦਾ ਵਿਸ਼ਾ ਹੈ।

੧. ਬਾਬਾ ਅਟੱਲ ਰਾਇ ਸਾਹਿਬ ਜੀ

ਬਾਬਾ ਅਟੱਲ ਰਾਇ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚੌਥੇ ਸਾਹਿਬਜ਼ਾਦੇ ਸਨ। ਆਪ ਜੀ ਦਾ ਜਨਮ ਮਾਤਾ ਨਾਨਕੀ ਜੀ ਦੀ ਕੁੱਖ ਤੋਂ ੧੬੧੬ ਈ. ਵਿਚ 'ਗੁਰੂ ਕੇ ਮਹਿਲ' ਵਿਖੇ ਹੋਇਆ ਸੀ।[੧] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਲਕ ਦਾ ਨਾਮ 'ਅਟੱਲ ਰਾਇ' ਰੱਖਿਆ ਜੋ ਅਟੱਲ ਸਮਾਧੀ ਦਾ ਸੂਚਕ ਹੈ:

"ਬ੍ਰਿਧ ਸੰਮਤਿ ਹੁਇ ਨਾਮ ਬਿਚਾਰਾ। 'ਅਟਲ ਰਾਇ' ਤਬਿ ਗੁਰੂ ਉਚਾਰਾ।
ਅਟਲ ਸਮਾਧਿ ਕਰਤਿ ਇਹ ਰਹਯੋ। ਯਾਂਤੇ ਉਰ ਬਿਚਾਰ ਕਰਿ ਕਹਯੋ।੩੭।

ਭਾਵ ਬਾਬਾ ਬੁੱਢਾ ਜੀ ਦੀ ਸਲਾਹ ਨਾਲ ਬੱਚੇ ਦਾ ਨਾਮ ਵਿਚਾਰਿਆ ਗਿਆ। ਉਸ ਵੇਲੇ ਗੁਰੂ ਜੀ ਨੇ ਉਚਾਰਨ ਕੀਤਾ, ਬੱਚੇ ਦਾ ਨਾਮ ਅਟੱਲ ਰਾਇ ਹੋਵੇਗਾ। ਇਹ ਅਟੱਲ ਸਮਾਧੀ ਧਾਰਨ ਕਰਦਾ ਰਿਹਾ ਹੈ। ਇਸ ਲਈ ਅਸੀਂ ਹਿਰਦੇ 'ਚ ਵਿਚਾਰ ਕਰਕੇ ਇਹ ਨਾਮ ਕਿਹਾ ਹੈ।"[੨] ਬਾਬਾ ਅਟੱਲ ਰਾਇ ਜੀ ਬਚਪਨ ਤੋਂ ਹੀ ਅਨੇਕ ਅਲੌਕਿਕ ਬਖ਼ਸ਼ਿਸ਼ਾਂ ਦੇ ਮਾਲਕ ਸਨ। ਇਸ ਲਈ ਸਤਿਕਾਰ ਸਹਿਤ ਉਨ੍ਹਾਂ ਦੇ ਨਾਮ ਨਾਲ 'ਬਾਬਾ' ਸ਼ਬਦ ਪ੍ਰਚਲਿਤ ਹੋ ਗਿਆ ਸੀ। ਉਹ ਆਪਣੇ ਮੁਖਾਰਬਿੰਦ ਤੋਂ ਸਹਿਜ ਸੁਭਾਇ ਜੋ ਵੀ ਬਚਨ ਆਖਦੇ ਸਨ, ਉਹ ਪੂਰੇ ਹੋ ਜਾਂਦੇ ਸਨ:

ਨਿਕਸਿ ਜਾਹਿ ਮੁਖ ਤੇ ਜਿਮ ਬਾਨੀ। ਹੁਇ ਪ੍ਰਸੰਨ ਕੈ ਰਿਸ ਉਰ ਠਾਨੀ।
ਤਤ ਛਿਨ ਸਫਲ ਸਿਖ ਪਤਿਆਵੈ। ਯਾਂਤੇ ਅਦਬ ਕਰਹਿ ਡਰਪਾਵੈ।੧੯।[੩]

ਆਪ ਜੀ ਦੇ ਜੀਵਨ ਦੀ ਅਹਿਮ ਘਟਨਾ ਇਹ ਹੈ ਕਿ ਆਪ ਜੀ ਰੋਜ਼ਾਨਾ ਆਪਣੇ ਸਾਥੀਆਂ ਨਾਲ ਖਿੱਦੋ-ਖੂੰਡੀ ਦੀ ਖੇਡ ਖੇਡਦੇ ਸਨ। ਉਨ੍ਹਾਂ ਦਾ 'ਮੋਹਨ' ਨਾਮ ਦਾ ਗੂੜ੍ਹਾ ਮਿੱਤਰ ਸੀ। ਮੋਹਨ ਦੇ ਪਿਤਾ ਦਾ ਨਾਮ ਗੁਰਮੁਖ ਸੀ।[੪] ਉਦੋਂ ਬਾਬਾ ਜੀ ਦੀ ਉਮਰ ਕੇਵਲ ਨੌ ਸਾਲ ਅਤੇ ਮੋਹਨ ਦੀ ਉਮਰ ਅੱਠ ਸਾਲ ਸੀ। ਇਕ ਦਿਨ ਖਿੱਦੋ ਖੂੰਡੀ ਖੇਡਦੇ ਖੇਡਦੇ ਸ਼ਾਮ ਪੈ ਗਈ। 'ਸੋ ਦਰੁ' ਦਾ ਸਮਾਂ ਹੋ ਗਿਆ। 'ਮੋਹਨ' ਸਿਰ ਵਾਰੀ ਰਹਿ ਗਈ। "ਇਸ ਤੋਂ ਸਵੇਰੇ ਵਾਰੀ ਲਵਾਂਗੇ", ਆਖ ਕੇ ਬਾਬਾ ਜੀ ਚਲੇ ਗਏ। ਉਸ ਰਾਤ ਇਕ ਜ਼ਹਿਰੀਲਾ ਸੱਪ 'ਮੋਹਨ' ਨੂੰ ਲੜ ਗਿਆ ਅਤੇ ਉਸ ਦੀ ਮੌਤ ਹੋ ਗਈ। ਮੋਹਨ ਜਦੋਂ ਵਾਰੀ ਦੇਣ ਨਹੀਂ ਆਇਆ ਤਾਂ ਅਗਲੀ ਸਵੇਰ ਬਾਬਾ ਅਟੱਲ ਰਾਇ ਸਾਹਿਬ ਜੀ ਨੇ ਉਨ੍ਹਾਂ ਦੇ ਘਰ ਇਕ ਸਿੱਖ ਨੂੰ ਭੇਜਿਆ ਕਿ ਮੋਹਨ ਨੂੰ ਬੁਲਾ ਕੇ ਲਿਆਓ। ਅਸੀਂ ਉਸ ਤੋਂ ਵਾਰੀ ਲੈਣੀ ਹੈ। ਜਦੋਂ ਸਿੱਖ ਮੋਹਨ ਦੇ ਘਰ ਪੁੱਜਾ ਤਾਂ ਦੇਖਿਆ ਕਿ ਉੱਥੇ ਵਿਰਲਾਪ ਹੋ ਰਿਹਾ ਸੀ। ਉਸ ਨੇ ਆ ਸਾਰੀ ਗੱਲ ਬਾਬਾ ਜੀ ਨੂੰ

ਦੱਸੀ। ਸਿੱਖ ਦੀ ਗੱਲ ਸੁਣ ਕੇ ਬਾਬਾ ਅਟੱਲ ਰਾਇ ਸਾਹਿਬ ਜੀ ਮੋਹਨ ਦੇ ਘਰ ਪੁੱਜੇ। ਮੋਹਨ ਨੂੰ ਵਾਰੀ ਦੇਣ ਲਈ ਆਖਿਆ। ਮਾਪਿਆਂ ਨੇ ਕਿਹਾ ਕਿ 'ਮੋਹਨ' ਸੰਸਾਰ ਛੱਡ ਕੇ ਸਦਾ ਲਈ ਜਾ ਚੁੱਕਾ ਹੈ। ਬਾਬਾ ਅਟੱਲ ਰਾਇ ਸਾਹਿਬ ਜੀ ਨੇ ਆਖਿਆ ਕਿ ਨਹੀਂ ਨਹੀਂ। ਕੱਲ੍ਹ ਇਸ ਦੇ ਸਿਰ ਵਾਰੀ ਰਹਿ ਗਈ ਸੀ। ਇਹ ਸਾਡੀ ਵਾਰੀ ਦੇਣ ਤੋਂ ਬਚਣ ਲਈ ਲੇਟਿਆ ਹੋਇਆ ਹੈ। ਉਨ੍ਹਾਂ ਆਪਣੀ ਖੁੰਡੀ ਮੋਹਨ ਦੀ ਧੋਣ ਦੁਆਲੇ ਪਾ ਕੇ ਉਸ ਨੂੰ ਜਿਉਂ ਹੀ ਖੜ੍ਹਾ ਕੀਤਾ, ਮੋਹਨ ਦੇ ਨਿਰਜਿੰਦ ਸਰੀਰ ਵਿਚ ਜਾਨ ਪਰਤ ਆਈ।

ਇਸ ਗੱਲ ਦੀ ਚਰਚਾ ਸਾਰੇ ਨਗਰ ਵਿਚ ਫ਼ੈਲ ਗਈ ਕਿ ਬਾਬਾ ਅਟੱਲ ਰਾਇ ਸਾਹਿਬ ਜੀ ਨੇ ਮੋਹਨ ਨੂੰ ਜੀਵਤ ਕਰ ਦਿੱਤਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਜੇ ਦੀਵਾਨ ਅੰਦਰ ਸੰਗਤ ਨਾਲ ਬਚਨ ਬਿਲਾਸ ਕਰ ਰਹੇ ਸਨ। ਉਨ੍ਹਾਂ ਨੂੰ ਜਦੋਂ ਇਸ ਵਰਤਾਰੇ ਦਾ ਪਤਾ ਲੱਗਾ ਤਾਂ ਉਨ੍ਹਾਂ ਬਾਬਾ ਅਟੱਲ ਰਾਇ ਸਾਹਿਬ ਜੀ ਨੂੰ ਬੁਲਾਇਆ ਅਤੇ ਆਖਿਆ– "ਕਰਾਮਾਤ ਕਹਿਰ ਦਾ ਨਾਮ ਹੈ। ਅਕਾਲ ਪੁਰਖ ਦੇ ਸ਼ਰੀਕ ਨਾ ਬਣੋ। ਮੁਰਦੇ ਨੂੰ ਜਿਉਂਦਾ ਕਰਨਾ, ਅਕਾਲ ਪੁਰਖ ਦੇ ਹੁਕਮ ਵਿਚ ਵਿਘਨ ਪਾਉਣਾ ਹੈ। ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਪੈਂਦੀਆਂ। ਇਸ ਮਾਤ ਲੋਕ ਉੱਤੇ ਜਾਂ ਤੁਸੀਂ ਰਹੋ ਜਾਂ ਅਸੀਂ।" ਗੁਰੂ ਪਿਤਾ ਦੇ ਇਹ ਬਚਨ ਸੁਣ ਕੇ ਬਾਬਾ ਅਟੱਲ ਰਾਇ ਜੀ ਗੁਰਦੁਆਰਾ ਕੌਲਸਰ ਸਾਹਿਬ ਨੇੜ੍ਹੇ ਪੁੱਜੇ। ਇੱਥੇ ਉਹ ਅਕਸਰ ਬੀਬੀ ਕੌਲਾਂ ਜੀ ਪਾਸ ਖੇਡਦੇ ਖੇਡਦੇ ਆ ਜਾਇਆ ਕਰਦੇ ਸਨ। ਬੀਬੀ ਜੀ ਵੀ ਉਨ੍ਹਾਂ ਨੂੰ ਬਹੁਤ ਪ੍ਰੇਮ ਕਰਦੇ ਸਨ।[੫] ਇੱਥੇ ਖੂਹ ਦੇ ਪਾਸ ਜਪੁ ਜੀ ਸਾਹਿਬ ਦਾ ਪਾਠ ਕਰ ਕੇ ਮੋਹਨ ਨੂੰ ਜੀਵਤ ਕਰਨ ਬਦਲੇ ਸਰੀਰ ਦਾ ਤਿਆਗ ਕਰ ਦਿੱਤਾ। ਇਸ ਬਾਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੰਗਤ ਨੇ ਜਾ ਕੇ ਦੱਸਿਆ। ਆਪ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਗਤ ਸਮੇਤ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਮ੍ਰਿਤਕ ਸਥਾਨ 'ਤੇ ਪੁੱਜੇ।

੨. ਇਸ ਸਥਾਨ ਨੂੰ ਬਖਸ਼ਿਸ਼ਾਂ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹੁਕਮ ਕੀਤਾ ਕਿ ਬਾਬਾ ਅਟੱਲ ਰਾਇ ਦੀ ਸਿੱਖਿਆ ਸੰਸਾਰ ਨੂੰ ਦੱਸੇਗੀ ਕਿ ਸਤ ਪੁਰਖਾਂ ਤੋਂ ਜੇ ਅਕਾਲ ਪੁਰਖ ਦੇ ਹੁਕਮ ਦੇ ਉਲਟ ਕੋਈ ਸੁਤੇ ਸਿੱਧ ਕੰਮ ਹੋ ਜਾਵੇ ਤਾਂ ਉਹ ਦਲੇਰੀ ਤੇ ਸ਼ਾਨ ਨਾਲ ਇਸ ਦੇ ਇਵਜ, ਆਪਣੇ ਸਰੀਰ ਦਾ ਚੋਲਾ ਤਕ ਵੀ ਉਤਾਰ ਦਿੰਦੇ ਹਨ। ਸਤਿਗੁਰੂ ਜੀ ਨੇ ਫੁਰਮਾਇਆ ਕਿ ਅਟੱਲ ਰਾਇ ਜੀ ਨੂੰ ਸਦਾ ਜ਼ਿੰਦਾ ਸਮਝੋ। ਲੋਕੀਂ ਇਨ੍ਹਾਂ ਨੂੰ ਚੇਤੇ ਕਰ ਕੇ ਆਪਣੀ ਮੁਰਦਾ ਰੂਹਾਂ ਨੂੰ ਜ਼ਿੰਦਾ ਕੀਤਾ ਕਰਨਗੇ।[੬]

ਸਸਕਾਰ ਲਈ ਗੁਰੂ ਜੀ ਨੇ ਆਖਿਆ ਕਿ ਇਹ ਸਥਾਨ ਬਹੁਤ ਉੱਤਮ ਹੈ। ਚਿਖਾ ਸਜਾਈ ਅਤੇ ਆਪਣੇ ਹੱਥੀਂ ਸਸਕਾਰ ਕੀਤਾ। ਇਹ ਭਾਣਾ ਸੰਮਤ ੧੬੯੫,

੧੬੨੮ ਈ. ਅੱਸੂ ਵਦੀ ਦਸਵੀਂ ਵਾਲੇ ਦਿਨ ਵਰਤਿਆ। ਗੁਰ ਮਰਯਾਦਾ ਅਨੁਸਾਰ ਮ੍ਰਿਤਕ ਰਸਮਾਂ ਕੀਤੀਆਂ ਅਤੇ ਇਸ ਸਥਾਨ ਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਇਸ ਘਟਨਾ ਦਾ ਜ਼ਿਕਰ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿਚ ਹੈ:

ਦੋਹਰਾ॥

ਇਹ ਕਾਸ਼ੀ ਹਮਰੀ ਭਈ ਕੌਲਾਂਸਰ ਨਿਕਟਾਰ।
ਬਸਤੀ ਬਹੁਤ ਹੋਵੈ ਇਹਾਂ ਉਤਮ ਠੌਰ ਅਪਾਰ। ੮੮।
ਚੌਪਈ॥ ਰਮਦਾਸ ਪੁਰਿ ਕੀ ਠਾਣੇਦਾਰੀ। ਬਾਬੇ ਅਟਲ ਭਾਲਿ ਹਮ ਧਾਰੀ।
ਅਸ ਕਹਿ ਮਸਤਕ ਤਿਲਕੁ ਲਗਾਯੋ। ਅਟਲ ਰਾਇ ਕੇ ਸੋਭਾ ਪਾਯੋ। ੮੯।
ਚੰਦਨ ਚਿਖਾ ਰਾਖ ਤਨੁ ਦੀਨੋ। ਕਰਿ ਅਰਦਾਸਿ ਦਾਹ ਸੁ ਕੀਨੋ।
ਸ੍ਰੀ ਗੁਰ ਕਹਾ ਗਯੋ ਕਤ ਮਾਸਾ। ਸੁਨਿ ਸਿੱਖਨ ਇਮ ਕਰਿ ਅਰਦਾਸਾ। ੯੦।
ਨਉ ਦਿਨ ਅੱਸੂ ਕੇ ਸੁ ਬਿਤਾਏ। ਦਸਮੀ ਥਿਤਿ ਆਜੁ ਦਿਨੁ ਗਾਏ।
ਸ੍ਰੀ ਮੁਖ ਸੋਂ ਤਬ ਕੀਨ ਉਚਾਰਾ। ਇਹ ਠਾਂ ਦੇਹੁਰਾ ਬਨੈ ਅਪਾਰਾ। ੯੧।
ਇਹ ਠਾਂ ਦੇਹੁਰਾ ਬਾਬਾ ਸੋਹੈ। ਨੌ ਛੱਤਾ ਪਿਖਿ ਰਵਿ ਸਸਿ ਮੋਹੈ।
ਜਿਹ ਨਰ ਇਹ ਠਾਂ ਦਾਹ ਕਰਾਵੈ। ਬਾਬੇ ਅਟਲ ਪਾਸਿ ਸੋ ਜਾਵੈ। ੯੨।

ਅਤੇ

ਦੋਹਰਾ॥

ਇਹ ਠਾਂ ਹੋਇ ਸਮਾਧਿ ਬਹੁ ਖਾਲੀ ਜਿਮੀ ਨ ਕੋਇ।
ਕੈਸ ਹੂ ਪਾਪੀ ਹੋਇ ਜੋ ਈਹਾਂ ਮੁਕਤਿ ਸੋ ਹੋਇ। ੯੬।
ਕਰੈ ਪਾਪ ਭਰ ਜਨਮ ਜੋ ਈਹਾਂ ਅੰਤ ਸੜ ਆਇ।
ਸੁਧ ਦੇਹ ਕੌ ਧਾਰਿ ਕੈ ਅਟਲ ਰਾਇ ਪਹਿ ਜਾਇ। ੯੭।

ਕੁੰਡਲੀਆ॥

ਕ੍ਰਿਪਾਸਿੰਧੁ ਭਾਖੇ ਬਚਨ ਐਸ ਦਯਾ ਕੈ ਸਾਥਿ।
ਏਕੁ ਸਿੱਖੁ ਤਬ ਆਯੋ ਪਾਂਚ ਪ੍ਰਸਾਦੇ ਹਾਥ।
ਪਾਂਚ ਪ੍ਰਸਾਦੇ ਹਾਥ ਆਇ ਗੁਰ ਚਰਨਨ ਪਰਯੋ।
ਸਤਿਗੁਰ ਭਏ ਪ੍ਰਸੰਨ ਸ੍ਰੀ ਮੁਖਿ ਐਸੇ ਰਰਯੋ।
ਪੱਕ ਪਕਾਇਆ ਭੋਜ ਈਹਾਂ ਬਹੁ ਆਇ ਹੈ।
ਸਦ ਹੀ ਇਛਾ ਪੂਰ ਸੁ ਅਟਲ ਬਸਾਇ ਹੈ। ੯੮।[੨]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਸੀਸ ਦਿੱਤੀ:

'ਰਾਮਦਾਸਪੁਰ ਬਸਹਿ ਬਡੇਰਾ। ਸਗਰੇ ਮਾਨ ਕਰਹਿਗੇ ਤੇਰਾ।
ਇਕ ਹਰਿਮੰਦਰ ਕੀ ਹੁਇ ਪੂਜਾ। ਪੁਨ ਪੂਜਹਿ ਤੇਰੋ ਥਲ ਦੂਜਾ। ੪੩।..
ਦੁਰਲਭ ਹੋਇ ਪਾਇ ਹੈ ਕੋਈ। ਬਿੰਦ੍ ਮ੍ਰਿਤਕ ਕੋ ਥਲ ਹੁਇ ਸੋਈ।

ਜੋ ਇਹ ਠਾਂਉ ਸ਼ਵ ਦਾਹਿ ਕਰਾਇ। ਅਟਲਰਾਇ ਤਿਨ ਬਨਹਿ ਸਹਾਇ।੪੭।[੮]

ਭਾਵ ਇਹ ਅਸਥਾਨ ਬਹੁਤ ਦੁਰਲਭ ਹੋਵੇਗਾ। ਕੋਈ ਵਿਰਲਾ ਹੀ ਇਸ ਦੇ ਬਰਾਬਰ ਪ੍ਰਸਿੱਧੀ ਪਾਏਗਾ। ਇਹ ਬਹੁਤ ਸਾਰੇ ਮ੍ਰਿਤਕਾਂ ਦਾ ਸਥਾਨ ਹੋਵੇਗਾ। ਜੋ ਇਸ ਅਸਥਾਨ 'ਤੇ ਮ੍ਰਿਤਕ ਸਰੀਰ ਦਾ ਸਸਕਾਰ ਕਰੇਗਾ, ਉਸਦੇ ਅਟੱਲ ਰਾਇ ਆਪ ਸਹਾਈ ਹੋਣਗੇ। ਗੁਰੂ ਸਾਹਿਬ ਨੇ ਬਾਬਾ ਅਟੱਲ ਰਾਇ ਸਾਹਿਬ ਜੀ ਦੇ ਸਥਾਨ ਨੂੰ ਕਾਸ਼ੀ, ਬਹੁਤ ਸੰਘਣੀ ਆਬਾਦੀ ਵਾਲਾ ਇਲਾਕਾ, ਇਸ ਸ਼ਹਿਰ ਦੇ ਠਾਣੇਦਾਰ, ਨੌਂ ਮੰਜ਼ਿਲਾਂ ਦਾ ਦੇਹੁਰਾ ਬਣੇਗਾ, ਕਿਉਂਕਿ ਬਾਬਾ ਜੀ ਦੀ ਉਮਰ ਨੌ ਸਾਲ ਸੀ, ਇੱਥੇ ਸਸਕਾਰ ਹੋਣ ਵਾਲੇ ਬਾਬਾ ਅਟੱਲ ਰਾਇ ਸਾਹਿਬ ਜੀ ਕੋਲ ਜਾਣਗੇ ਭਾਵ ਮੁਕਤੀ ਪ੍ਰਾਪਤ ਕਰਨਗੇ, ਇੱਥੇ ਪੱਕਿਆ ਪਕਾਇਆ ਲੰਗਰ ਆਵੇਗਾ ਜਿੱਥੋਂ ਪ੍ਰਚਲਿਤ ਹੋਇਆ– "ਬਾਬਾ ਅਟੱਲ ਪੱਕੀ ਪਕਾਈ ਘੱਲ", ਇੱਥੇ ਇੱਛਾਵਾਂ ਦੀ ਪੂਰਤੀ ਹੋਵੇਗੀ ਅਤੇ ਸ੍ਰੀ ਦਰਬਾਰ ਸਾਹਿਬ ਵਾਂਗ ਇਸ ਸਥਾਨ ਦੀ ਵੀ ਸੇਵਾ ਹੋਵੇਗੀ। ਗੁਰਦੁਆਰਾ ਬਾਬਾ ਅਟੱਲ ਰਾਇ ਜੀ ਦੇ ਪ੍ਰਵੇਸ਼ ਦੁਆਰ 'ਤੇ ਇਹ ਸਤਰਾਂ ਲਿਖੀਆਂ ਹੋਈਆਂ ਹਨ– "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਾਬਾ ਅਟੱਲ ਰਾਇ ਜੀ ਨੂੰ ਦਿੱਤੇ ਗਏ ਪੰਜ ਵਰ:

੧. ਸਾਰੇ ਸ਼ਹਿਰ ਤੋਂ ਉੱਚਾ ਤੇਰਾ ਦਰ ਹੋਵੇਗਾ।

੨. ਅੰਮ੍ਰਿਤਸਰ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਦੀ ਯਾਤਰਾ ਤੇਰੇ ਦਰ 'ਤੇ ਮੱਥਾ ਟੇਕਣ 'ਤੇ ਹੀ ਸਫਲ ਹੋਵੇਗੀ।

੩. ਤੇਰੇ ਦਰ ਤੋਂ ਲੋੜਵੰਦ ਪ੍ਰਸ਼ਾਦਾ ਛਕਿਆ ਕਰਨਗੇ।

੪. ਤੇਰੇ ਦਰ ਤੋਂ ਸੰਗਤਾਂ ਸਦਾ ਮੂੰਹੋਂ ਮੰਗੀਆਂ ਮੁਰਾਦਾਂ ਪਾਉਣਗੀਆਂ।

੫. ਅਸੀਂ ਤੈਨੂੰ ਇਸ ਸ਼ਹਿਰ ਦਾ ਮੁਖੀ ਥਾਪਦੇ ਹਾਂ, ਜੋ ਵੀ ਅੰਤਿਮ ਸਮੇਂ ਤੇਰਾ ਧਿਆਨ ਧਰੇਗਾ। ਉਹ ਤੇਰੇ ਚਰਨਾਂ ਵਿਚ ਆਵੇਗਾ।

ਦੂਰ-ਦੁਰੇਡੇ ਤੋਂ ਸੰਗਤ, ਭਾਵਨਾ ਸਹਿਤ ਆਉਂਦੀ ਹੈ। ਉਨ੍ਹਾਂ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਪਵਿੱਤਰ ਦਿਹਾੜਿਆਂ ਉੱਪਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਨਾਲ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਵੀ ਜਲੌਅ ਸਜਾਇਆ ਜਾਂਦਾ ਹੈ।

੪. ਨਿੱਤ ਦੀ ਮਰਯਾਦਾ

ਰਿਪੋਰਟ ਸ੍ਰੀ ਦਰਬਾਰ ਸਾਹਿਬ ਅਨੁਸਾਰ ਗੁਰਦੁਆਰਾ ਸ੍ਰੀ ਬਾਬਾ ਸਾਹਿਬ (ਗੁ. ਬਾਬਾ ਅਟੱਲ ਰਾਇ ਸਾਹਿਬ) ਦਾ ਫਰਾਸ਼, ਇਸ਼ਨਾਨ ਆਦਿਕ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਕਿਵਾੜ ਖੁੱਲ੍ਹਣ ਦੇ ਵੇਲੇ ਇੱਥੋਂ ਦੇ ਕਿਵਾੜ ਖੋਲ ਦਿੰਦਾ ਹੈ। ਆਪ ਪ੍ਰਕਾਸ਼ ਅਸਥਾਨ ਵਾਲੀ ਥਾਂ ਚਲਾ ਜਾਂਦਾ ਹੈ ਤੇ ਦੂਜਾ ਸੇਵਾਦਾਰ ਕੌਲਸਰ ਤੋਂ ਜਲ ਲਿਆ ਕੇ ਫਰਾਸ਼ ਨੂੰ ਇਸ਼ਨਾਨ ਕਰਵਾਉਣ ਲਈ ਦਿੰਦਾ ਹੈ। ਫਰਾਸ਼ ਇਸ਼ਨਾਨ ਤੋਂ

ਪਿੱਛੋਂ ਮਹਾਰਾਜ ਜੀ ਦੀ ਵਿਛਾਈ ਦੀ ਸੇਵਾ ਕਰਦਾ ਹੈ। ਦੂਜਾ ਸੇਵਾਦਾਰ ਬਾਹਰ ਦੀਆਂ ਪਰਿਕਰਮਾ ਦੀ ਸੇਵਾ ਕਰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਜਿਸ ਵੇਲੇ ਪਹਿਲੀ ਤੁਕ (ਪਹਿਲਾ ਹੁਕਮਨਾਮਾ) ਲਈ ਜਾਂਦੀ ਹੈ ਤੇ ਗ੍ਰੰਥੀ ਗੁਰਦੁਆਰਾ ਬਾਬਾ ਸਾਹਿਬ (ਗੁ. ਬਾਬਾ ਅਟੱਲ ਰਾਇ ਸਾਹਿਬ) ਤੇ ਹੋਰ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲਿਆ ਕੇ ਪ੍ਰਕਾਸ਼ ਕਰ ਦਿੰਦੇ ਹਨ। ਇੰਨੇ ਚਿਰ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਤੋਂ ਹੁਕਮਨਾਮਾ ਸੁਣ ਕੇ ਸੰਗਤ, ਇੱਥੇ ਪੁੱਜ ਜਾਂਦੀ ਹੈ। ਮਹਾਰਾਜ ਜੀ ਦਾ ਹੁਕਮ ਲਿਆ ਜਾਂਦਾ ਹੈ। ਇਸ ਦੇ ਉਪਰੰਤ ਗੁਰਦੁਆਰਾ ਸ੍ਰੀ ਬਾਬਾ ਸਾਹਿਬ (ਗੁ. ਬਾਬਾ ਅਟੱਲ ਰਾਇ ਸਾਹਿਬ) ਵਿਖੇ ਰਾਗੀ ਸਿੰਘ, ਆਸਾ ਜੀ ਦੀ ਵਾਰ ਦਾ ਅਖੰਡ ਕੀਰਤਨ ਅਰੰਭ ਕਰ ਦਿੰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਮਹਾਰਾਜ ਜੀ ਦਾ ਹੁਕਮ ਸੁਣ ਕੇ ਸੰਗਤ ਗੁਰਦੁਆਰਾ ਸ੍ਰੀ ਬਾਬਾ ਸਾਹਿਬ (ਬਾਬਾ ਅਟੱਲ ਰਾਇ ਸਾਹਿਬ) ਆ ਜਾਂਦੀ ਹੈ ਤੇ ਇੱਥੇ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਮਹਾਰਾਜ ਸਾਹਿਬ ਜੀ ਦਾ ਹੁਕਮ ਲਿਆ ਜਾਂਦਾ ਹੈ। ਇਸ ਦੇ ਪਿੱਛੋਂ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ..ਸ਼ਾਮ ਨੂੰ ਕੀਰਤਨ ਤੋਂ ਉਪਰੰਤ ਸੋ ਦਰੁ ਰਹਰਾਸਿ ਜੀ ਦਾ ਪਾਠ ਹੋ ਕੇ ਬਾਬਾ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਨ। ਮਹਾਰਾਜ ਜੀ ਦਾ ਹੁਕਮ ਲਿਆ ਜਾਂਦਾ ਹੈ। ਇਸ ਦੇ ਉਪਰੰਤ ਗ੍ਰੰਥੀ ਸਿੰਘ ਕੀਰਤਨ ਸੋਹਿਲੇ ਦਾ ਪਾਠ ਕਰਦਾ ਹੈ ਤੇ ਨਾਲ ਹੀ ਮਹਾਰਾਜ ਜੀ ਦੀ ਸੁਖ ਆਸਨ ਕੀਤਾ ਜਾਂਦਾ ਹੈ।[੯] ਮੌਜੂਦਾ ਮੁੱਖ ਗ੍ਰੰਥੀ, ਗਿਆਨੀ ਸੰਦੀਪ ਸਿੰਘ ਜੀ ਅਨੁਸਾਰ, ''ਇਹ ਮਰਿਆਦਾ ਹੁਣ ਵੀ ਬਰਕਰਾਰ ਹੈ। ਇਸ ਤੋਂ ਇਲਾਵਾ ਰੋਜ਼ਾਨਾ ਸੰਗਤ, ਲੰਗਰ ਤਿਆਰ ਕਰ ਕੇ ਲਿਆਉਂਦੀ ਹੈ, ਛਕਦੀ ਹੈ ਅਤੇ ਮੁਖ ਤੋਂ ''ਬਾਬਾ ਅਟੱਲ ਪੱਕੀ ਪਕਾਈ ਘੱਲ'' ਉਚਾਰਦੀ ਹੈ।''

ਹਵਾਲੇ :

੧. ਸਤਿਬੀਰ ਸਿੰਘ, *ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ*, ਪੰਨਾ ੬੪.

੨. ਡਾ.ਕਿਰਪਾਲ ਸਿੰਘ, (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬਿਰਤਾਂਤ*, ਭਾਗ ਦੂਜਾ, ਪੰਨੇ ੪੬੪ ਤੇ ੪੬੫.

੩. *ਉਹੀ*, ਪੰਨਾ ੬੧੦.

੪. *ਮਹਾਨ ਕੋਸ਼*, ਪੰਨਾ ੯੯੬.

੫. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ ੫੮੫

੬. *ਰਿਪੋਰਟ ਸ੍ਰੀ ਦਰਬਾਰ ਸਾਹਿਬ*, ਸ੍ਰੀ ਅੰਮ੍ਰਿਤਸਰ, ਪੰਨਾ ੨੫੨.

੭. *ਗੁਰ ਬਿਲਾਸ ਪਾਤਸ਼ਾਹੀ ਛੇਵੀਂ*, ਪੰਨਾ ੫੬੪.

੮. ਡਾ. ਕਿਰਪਾਲ ਸਿੰਘ, (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬਿਰਤਾਂਤ*, ਭਾਗ ਤੀਜਾ, ਪੰਨਾ ੬੩੦ ਤੇ ੬੩੧.

੯. *ਰਿਪੋਰਟ ਸ੍ਰੀ ਦਰਬਾਰ ਸਾਹਿਬ*, ਅੰਮ੍ਰਿਤਸਰ, ਪੰਨੇ ੨੫੪ ਤੇ ੨੫੫

ਚਲਦਾ...

ਅਕਲੀ ਸਾਹਿਬੁ ਸੇਵੀਐ...

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਕੋਈ ਵੀ ਪਿਆਰਾ ਗੁਰੂ ਕਾ ਸਿੱਖ ਜਦੋਂ ਸਿੱਖ ਸੰਗਤ ਵਿਚ ਵਿਚਰਦਾ ਹੋਇਆ ਬਹੁਤ ਹੀ ਨੇਕ, ਸ਼ੁਭ ਅਤੇ ਚੰਗੇ ਕੰਮ ਕਰਦਾ ਹੈ ਤਾਂ ਗੁਰੂ ਕੀ ਪਿਆਰੀ ਸਿੱਖ ਸੰਗਤ ਐਸੇ ਸ਼ੁਭ ਅਤੇ ਨੇਕ ਕਰਮ ਕਰਨ ਵਾਲੇ ਸਿੱਖ ਦਾ ਬਹੁਤ ਹੀ ਦਿਲੋਂ ਸਤਿਕਾਰ ਕਰਨ ਲੱਗ ਜਾਂਦੀ ਹੈ। ਸ਼ੁਭ ਅਤੇ ਨੇਕ ਕੰਮ ਕਰਨ ਵਾਲੇ ਐਸੇ ਗੁਰਸਿੱਖ ਨੂੰ ਸਿੱਖ ਜਗਤ ਵਿਚ ਵਿਚਰਦਿਆਂ ਹੋਇਆਂ ਇਹ ਸੋਚਣਾ ਵੀ ਅਤਿ ਜ਼ਰੂਰੀ ਹੁੰਦਾ ਹੈ ਕਿ ਉਹ ਜੋ ਵੀ ਸੇਵਾ ਸਿਮਰਨ, ਦਾਨ-ਪੁੰਨ ਅਤੇ ਹੋਰ ਸ਼ੁਭ ਅਤੇ ਨੇਕ ਕੰਮ ਕਰਨ ਦੇ ਬਹੁਤ ਹੀ ਪਿਆਰੇ ਉਪਰਾਲੇ ਕਰ ਰਿਹਾ ਹੈ, ਕੀ ਇਹ ਸਭ ਕੁਝ ਉਹ ਮਹਾਨ ਸਤਿਗੁਰੂ ਜੀ ਦੀ ਬਣਾਈ ਹੋਈ ਮਰਿਆਦਾ ਮੁਤਾਬਕ ਹੀ ਕਰ ਰਿਹਾ ਹੈ? ਐਸੇ ਸਿੱਖ ਲਈ ਇਸ ਬਾਰੇ ਸੋਚਣਾ ਬਹੁਤ ਹੀ ਜ਼ਰੂਰੀ ਹੁੰਦਾ ਹੈ। ਇਸੇ ਪ੍ਰਥਾਇ ਹੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਾਵਨ ਗੁਰਬਾਣੀ ਦੇ ਇਸ ਮਹਾਨ ਉਪਦੇਸ਼ ਵਿਚ ਅੰਕਿਤ ਕੀਤਾ ਹੈ ਕਿ, ਪਿਆਰਿਆ! ਜੇ ਤੂੰ ਪਾਵਨ ਗੁਰਬਾਣੀ ਦਾ ਨਿੱਤਨੇਮ, ਪਾਠ, ਸੇਵਾ, ਸਿਮਰਨ, ਦਾਨ ਪੁੰਨ ਅਤੇ ਹੋਰ ਨੇਕ ਅਤੇ ਸ਼ੁਭ ਕਰਮ ਕਰ ਕੇ ਸਤਿਗੁਰੂ ਜੀ ਦੀ ਪਿਆਰੀ ਖੁਸ਼ੀ ਲੈਣਾ ਚਾਹੁੰਦਾ ਹੈਂ ਤਾਂ ਆਪਣੇ ਗੁਰਸਿੱਖੀ ਜੀਵਨ ਨੂੰ ਉੱਚਾ ਚੁੱਕਣ ਦਾ ਯਤਨ ਸਦਾ ਕਰਦਾ ਹੀ ਰਹੀਂ। ਸੋ ਸਤਿਗੁਰੂ ਜੀ ਵੱਲੋਂ ਇਨ੍ਹਾਂ ਚਾਰ ਮਰਿਆਦਾਵਾਂ ਸੰਬੰਧੀ ਦਿੱਤਾ ਹੋਇਆ ਉਪਦੇਸ਼, ਜੋ ਹਰ ਸਿੱਖ ਦਾ ਇਸ 'ਤੇ ਅਮਲ ਕਰਨਾ ਅਤਿ ਅਤਿ ਜ਼ਰੂਰੀ ਹੈ, ਇਸ ਨੂੰ ਪੜ੍ਹ ਕੇ ਇਸ 'ਤੇ ਅਮਲ ਜ਼ਰੂਰ ਹੀ ਕਰੋ ਜੀ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)

ਮਹਾਨ ਸਤਿਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ, ਪਿਆਰਿਆ! ਇਸ ਉੱਪਰ ਦਿੱਤੇ ਉਪਦੇਸ਼ ਰਾਹੀਂ ੪ ਮਰਿਆਦਾ ਨੂੰ ਆਪਣੇ ਸਿੱਖੀ ਦੇ ਜੀਵਨ ਵਿਚ, ਰੱਬ ਵੱਲੋਂ ਦਿੱਤੀ ਹੋਈ ਅਕਲ ਮੁਤਾਬਕ ਹੀ ਸਦਾ-ਸਦਾ ਲਈ ਧਾਰ ਕੇ ਰੱਖੀਂ:

੧. ਅਕਲੀ ਸਾਹਿਬੁ ਸੇਵੀਐ: ਪਿਆਰਿਆ! ਤੂੰ ਜਦੋਂ ਵੀ ਵਾਹਿਗੁਰੂ ਜੀ ਦਾ ਸਿਮਰਨ ਕਰਨਾ ਹੈ ਤਾਂ ਆਪਣੀ ਸੁਰਤ ਨੂੰ ਵਾਹਿਗੁਰੂ ਗੁਰਮੰਤ੍ਰ ਵਿਚ ਜੋੜ ਕੇ ਰੱਖਣ ਦਾ ਯਤਨ ਵਾਰ-ਵਾਰ ਕਰਦਾ ਹੀ ਰਹੀਂ, ਇਹ ਨਾ ਹੋਵੇ ਕਿ ਤੂੰ ਮੂੰਹ ਵਿੱਚੋਂ ਤਾਂ "ਵਾਹਿਗੁਰੂ-ਵਾਹਿਗੁਰੂ" ਕਰੀਂ ਜਾਵੇਂ, ਪਰ ਤੇਰਾ ਮਨ ਵਾਹਿਗੁਰੂ ਜੀ ਦੇ ਸਿਮਰਨ ਵਿਚ ਬਿਲਕੁਲ ਹੀ ਨਾ ਜੁੜਿਆ ਹੋਵੇ, ਤੂੰ ਵਾਹਿਗੁਰੂ ਜੀ ਦਾ ਸਿਮਰਨ ਰੱਬ ਵੱਲੋਂ

**# ੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੧। ਮੋ. ੯੮੧੫੧ ੪੩੫੨੬*

ਦਿੱਤੀ ਹੋਈ ਅਕਲ ਮੁਤਾਬਕ ਬਹੁਤ ਹੀ ਇੱਕ ਮਨ ਅਤੇ ਇੱਕ ਚਿਤ ਹੋ ਕੇ ਜੇ ਕਰੇਂਗਾ; ਤਾਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇਰੇ ਕੀਤੇ ਹੋਏ ਅਕਲ ਮੁਤਾਬਕ ਸਿਮਰਨ 'ਤੇ ਬਹੁਤ ਹੀ ਪ੍ਰਸੰਨ ਹੋ ਜਾਣਗੇ ਅਤੇ ਤੈਨੂੰ ਆਤਮਿਕ ਤਰੱਕੀ ਦੇ ਕੇ ਤੇਰੇ ਗੁਰਸਿੱਖੀ ਜੀਵਨ ਨੂੰ ਆਪਣੀ ਬਖ਼ਸ਼ਿਸ਼ ਰਾਹੀਂ ਹੋਰ ਵੀ ਬੰਦਗੀ ਵਾਲਾ ਬਣਾ ਦੇਣਗੇ।

ਸੋ ਪਿਆਰਿਆ! ਤੂੰ ਜਦੋਂ ਵੀ ਇਕੱਲਾ ਬੈਠ ਕੇ ਜਾਂ ਸੰਗਤ ਵਿਚ ਬੈਠ ਕੇ ਸਿਮਰਨ ਕਰਨਾ ਹੈ ਤਾਂ ਬਹੁਤ ਹੀ ਹੌਲੀ-ਹੌਲੀ ਸਹਿਜ ਅਵਸਥਾ ਵਿਚ ਬੈਠ ਕੇ ਰੱਬੀ ਸਿਮਰਨ ਕਰਨਾ ਹੈ। ਪਿਆਰਿਓ! ਸਿਮਰਨ ਕਰਨ ਲਈ ਏਕਾਂਤ ਜਗ੍ਹਾ ਅਤੇ ਏਕਾਗਰਚਿੱਤ ਹੋਣਾ ਅਤਿ ਜ਼ਰੂਰੀ ਹੁੰਦਾ ਹੈ, ਦਾਸ ਨੂੰ ਇਕ ਸਿੱਖ ਨੇ ਸਵਾਲ ਕੀਤਾ ਕਿ, "ਵੀਰ ਜੀ, ਜਦੋਂ ਅਸੀਂ ਵਾਹਿਗੁਰੂ ਜੀ ਦਾ ਸਿਮਰਨ ਕਰਨ ਲੱਗਦੇ ਹਾਂ; ਤਾਂ ਸਾਡਾ ਮਨ ਸਾਨੂੰ ਹੋਰ ਹੀ ਕੰਮਾਂ ਕਾਰਾਂ ਅਤੇ ਭਰਮਾਂ ਵਿਚ ਭਜਾਈ ਫਿਰਦਾ ਹੈ!" ਤਾਂ ਦਾਸ ਨੇ ਆਪਣੀ ਤੁੱਛ ਬੁੱਧੀ ਮੁਤਾਬਕ ਕਿਹਾ ਕਿ, "ਤੁਸੀਂ ਆਪਣਾ ਕਰਮ (ਸਿਮਰਨ) ਕਰੀ ਜਾਓ, ਇਕ-ਨ-ਇਕ ਦਿਨ ਮਨ 'ਤੇ ਆਪੇ ਹੀ ਅਸਰ ਹੋ ਜਾਵੇਗਾ, ਪਰ ਯਾਦ ਰੱਖੀਂ, ਜਦੋਂ ਵੀ ਵਾਹਿਗੁਰੂ ਜੀ ਦਾ ਸਿਮਰਨ ਕਰਨ ਦਾ ਯਤਨ ਕਰਨਾ ਹੈ ਤਾਂ ਗੁਰੂ ਦੁਆਰਾ ਦਿੱਤੀ ਅਕਲ ਨੂੰ ਜ਼ਰੂਰ ਹੀ ਵਰਤੀਂ, ਆਪਣੀ ਸੁਰਤ ਨੂੰ ਜਦੋਂ ਵੀ ਵਾਹਿਗੁਰੂ ਗੁਰਮੰਤ੍ਰ ਵਿਚ ਜੋੜਨਾ ਹੈ ਤਾਂ ਆਪਣੇ ਮਨ ਨੂੰ ਲਾਗੋਂ ਭੱਜਣ ਨਹੀਂ ਦੇਣਾ, ਇਸ ਨੂੰ ਮੋੜ-ਮੋੜ ਕੇ ਵਾਹਿਗੁਰੂ ਸਿਮਰਨ ਵਿਚ ਜੋੜਨਾ ਹੈ!" ਸੋ ਜਦੋਂ ਤੁਸੀਂ ਸੁਰਤ ਸਿਮਰਨ ਦੇ ਜੋੜ ਰਾਹੀਂ ਵਾਰ-ਵਾਰ ਅਭਿਆਸ ਕਰੋਗੇ ਤਾਂ:

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੮)

ਇਕ-ਨਾ-ਇਕ ਦਿਨ ਸਤਿਗੁਰੂ ਜੀ ਤੁਹਾਡੇ ਮਨ 'ਤੇ ਆਪ ਹੀ ਤਰਸ ਕਰਕੇ ਤੁਹਾਨੂੰ ਇਕ ਰਸ ਨਾਮ ਸਿਮਰਨ ਦੀ ਅਡੋਲ ਅਵਸਥਾ ਦੀ ਦਾਤ ਦੇ ਦੇਣਗੇ। ਸੋ ਪਿਆਰਿਓ, ਰੱਬ ਵੱਲੋਂ ਦਿੱਤੀ ਹੋਈ ਅਕਲ ਮੁਤਾਬਕ ਹੀ ਵਾਹਿਗੁਰੂ ਗੁਰਮੰਤ੍ਰ ਦਾ ਜਾਪ ਬਹੁਤ ਹੀ ਹੌਲੀ-ਹੌਲੀ ਕਰਿਆ ਕਰੋ। ਸੋ ਜਿਸ ਤਰ੍ਹਾਂ ਅਸੀਂ ਪਹਿਲਾਂ ਪਹਿਲ ਧਰਤੀ ਵਿਚ ਸਿਰਫ਼ ਬੀਜ ਹੀ ਬੀਜਦੇ ਹਾਂ, ਜਦੋਂ ਉਸ ਬੀਜੇ ਹੋਏ ਬੀਜ ਤੋਂ ਬੂਟਾ ਉੱਗਦਾ ਹੈ ਤਾਂ ਫਿਰ ਧਰਤੀ ਤੋਂ ਬਾਹਰ ਤਣਾ ਨਿਕਲਦਾ ਹੈ, ਤਣੇ ਤੋਂ ਟਾਹਣੀਆਂ, ਫਿਰ ਪੱਤੇ, ਫੁੱਲ ਅਤੇ ਉਸ ਬੂਟੇ ਨੂੰ ਫ਼ਲ ਲੱਗਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਫ਼ਲਦਾਰ ਬੂਟੇ ਤੋਂ ਮਿੱਠੇ ਅਤੇ ਸੁਆਦਲੇ ਫ਼ਲ ਲੱਗਦੇ ਹਨ ਤਾਂ ਜਦੋਂ ਲੋਕ ਉਹ ਫ਼ਲ ਖਾਂਦੇ ਹਨ ਤਾਂ ਹਰ ਕੋਈ ਅਸ਼-ਅਸ਼ ਕਰ ਉੱਠਦਾ ਹੈ ਅਤੇ ਨਾਲ ਦੀ ਨਾਲ ਲੋਕ ਪੁੱਛਦੇ ਹਨ ਕਿ ਇਹ ਫ਼ਲਾਂ ਦਾ ਬੂਟਾ ਕਿਹੜੀ ਨਰਸਰੀ ਤੋਂ ਲਿਆਂਦਾ ਹੈ। ਇਸੇ ਤਰ੍ਹਾਂ ਗੁਰਸਿੱਖਾਂ ਦੀ ਸੰਗਤ ਸਦਕਾ ਜਦੋਂ ਕਿਸੇ ਸਿੱਖ ਦੇ ਹਿਰਦੇ ਰੂਪੀ ਧਰਤੀ ਵਿਚ ਨਾਮ ਦਾ ਬੀਜ ਉੱਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਸ ਉੱਗੇ ਹੋਏ ਨਾਮ ਬੀਜ ਤੋਂ ਬੂਟਾ ਵੱਡਾ

ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਸ ਨਾਮ ਰੂਪੀ ਬੂਟੇ ਨੂੰ ਨਿਮਰਤਾ ਅਤੇ ਦਇਆ ਰੂਪੀ ਟਾਹਣੀਆਂ ਨਿਕਲਦੀਆਂ ਹਨ ਅਤੇ ਅੱਗੋਂ ਸਤ-ਸੰਤੋਖ ਰੂਪੀ ਪੱਤੇ ਲੱਗਣੇ ਸ਼ੁਰੂ ਹੋ ਜਾਂਦੇ ਹਨ। ਸੋ ਜਦੋਂ ਹਿਰਦੇ ਰੂਪੀ ਧਰਤੀ ਅੰਦਰ ਨਾਮ ਰੂਪੀ ਬੂਟਾ ਹੋਰ ਪ੍ਰਫੁਲਿਤ ਹੁੰਦਾ ਹੋਇਆ ਤਾਂ ਉਸ ਨੂੰ ਪ੍ਰੇਮ ਅਤੇ ਪਿਆਰ ਰੂਪੀ ਫੁੱਲ ਅਤੇ ਫ਼ਲ ਲੱਗਣੇ ਸ਼ੁਰੂ ਹੋ ਜਾਂਦੇ ਹਨ ਤਾਂ ਸਮਝ ਲਓ ਕਿ ਐਸੇ ਗੁਰਸਿੱਖ ਦੇ ਮੁਖ ਵਿੱਚੋਂ ਮਿੱਠੇ ਅਤੇ ਪਿਆਰ ਦੇ ਬਚਨ ਰੂਪੀ ਫ਼ਲ ਨਿਕਲਣੇ ਸ਼ੁਰੂ ਹੋ ਜਾਂਦੇ ਹਨ, ਜਿਸ ਸਦਕਾ ਐਸੇ ਪਿਆਰੇ ਗੁਰਸਿੱਖ ਦੇ ਜਦੋਂ ਸਿੱਖ ਸੰਗਤ ਬੰਦਗੀ ਅਤੇ ਕਮਾਈ ਵਾਲੇ ਬਚਨ (ਫਲ) ਸੁਣਦੇ ਹਨ ਤਾਂ ਆਮ ਹੀ ਗੁਰਸਿੱਖ ਕਹਿ ਹੀ ਦਿੰਦੇ ਹਨ ਕਿ ਇਹ ਪਿਆਰਾ ਗੁਰਸਿੱਖ ਕਿਹੜੀ ਟਕਸਾਲ ਜਾਂ ਜਥੇਬੰਦੀ ਦੀ ਨਰਸਰੀ ਦੀ ਪੈਦਾਇਸ਼ ਹੈ। ਸੋ ਦਾਸ ਦੀ ਨਿਮਰਤਾ ਸਹਿਤ ਬੇਨਤੀ ਹੈ ਕਿ- *ਘੜੀਐ ਸਬਦੁ ਸਚੀ ਟਕਸਾਲ॥* ਸਾਡੀ ਟਕਸਾਲ "ਗੁਰੂ ਸ਼ਬਦ" ਹੈ। ਜਦੋਂ ਕੋਈ ਗੁਰੂ ਕਾ ਪਿਆਰਾ ਸਿੱਖ ਆਪਣੀ ਸੁਰਤ ਨੂੰ ਸ਼ਬਦ ਵਿਚ ਜੋੜ ਕੇ ਪੂਰਾ ਰਸ ਚੂਸਦਾ ਹੈ ਤਾਂ ਐਸਾ ਸਿੱਖ ਸਤਿਗੁਰੂ ਜੀ ਨੂੰ ਬਹੁਤ ਹੀ ਭਾਅ ਜਾਂਦਾ ਹੈ, ਜਿਸ ਸਦਕਾ ਉਹ ਪਿਆਰਾ ਗੁਰਸਿੱਖ ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਨਾਮ ਬਾਣੀ ਅਤੇ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦਾ ਹੈ।

ਗੁਰੂ ਪਿਆਰਿਓ! ਆਪਾਂ ਜਦੋਂ ਵੀ ਨਾਮ ਸਿਮਰਨ ਦੇ ਅਭਿਆਸ ਜਾਂ ਗੁਰੂ ਸ਼ਬਦ ਅਭਿਆਸ ਕਰਨ ਦਾ ਯਤਨ ਕਰਨਾ ਹੈ ਤਾਂ ਰੱਬ ਵੱਲੋਂ ਅਤੇ ਗੁਰੂ ਜੀ ਵੱਲੋਂ ਦਿੱਤੀ ਹੋਈ ਅਕਲ ਨੂੰ ਵਰਤ ਕੇ ਹੀ ਸਤਿਗੁਰੂ ਜੀ ਦੀਆਂ ਪਿਆਰੀਆਂ ਅਤੇ ਅਮੁੱਲੀ ਦਾਤਾਂ ਲੈ ਕੇ ਅਗਾਂਹ ਸਿੱਖੀ ਅਤੇ ਗੁਰਬਾਣੀ ਦਾ ਪ੍ਰਚਾਰ ਕਰਨਾ ਹੈ।

ਸੋ ਪਿਆਰਿਓ! *ਅਕਲੀ ਸਾਹਿਬੁ ਸੇਵੀਐ* ਇਹ ਬਹੁਤ ਹੀ ਬਰੀਕ ਬੁੱਧ ਵਾਲਾ ਅਤੇ ਬਹੁਤ ਹੀ ਸੂਖਮ ਮਾਰਗ ਹੈ। ਅੱਜ ਤੋਂ ੪-੫ ਸਾਲ ਪਹਿਲਾਂ ਦਾਸ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਇਕ ਸਿੱਖ ਮਿਲਿਆ, ਦਾਸ ਨੂੰ ਤਕਰੀਬਨ ਬਹੁਤ ਗੁਰਸਿੱਖ ਅੰਮ੍ਰਿਤ ਵੇਲੇ ਲਿਖਤੀ ਪ੍ਰਚਾਰ ਦੀਆਂ ਲਿਖਤਾਂ ਵੰਡਣ ਕਰਕੇ ਜਾਣਦੇ ਹਨ, ਉਸ ਨੇ ਦਾਸ ਨੂੰ ਸਵਾਲ ਕੀਤਾ ਕਿ "ਵੀਰ ਜੀ! ਤੁਸੀਂ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹੋ?" ਦਾਸ ਨੇ ਅੱਗੋਂ ਕਿਹਾ ਕਿ, "ਭਾਜੀ! ਅਸੀਂ ਸਿਮਰਨ ਬਹੁਤ ਹੀ ਘੱਟ ਕਰਦੇ ਹਾਂ।" ਉਸ ਨੇ ਅੱਗੋਂ ਕਿਹਾ ਕਿ, "ਭਾਜੀ! ਸਿਮਰਨ ਜ਼ਰੂਰ ਹੀ ਕਰਿਆ ਕਰੋ, ਸਿਮਰਨ ਤੋਂ ਬਗੈਰ ਤੁਹਾਡਾ ਛੁਟਕਾਰਾ ਨਹੀਂ ਹੋਣਾ।" ਦਾਸ ਨੇ ਜਦੋਂ ਉਸ ਸਿੱਖ ਨੂੰ ਅੱਗੋਂ ਸਵਾਲ ਕੀਤਾ ਕਿ "ਭਾਜੀ! ਤੁਸੀਂ ਸਿਮਰਨ ਕਰਦੇ ਹੋ?" ਤਾਂ ਉਸਨੇ ਬੜੇ ਫ਼ਖ਼ਰ ਜਿਹੇ ਲਹਿਜ਼ੇ ਵਿਚ ਕਿਹਾ ਕਿ, "ਸਾਡਾ ਤਕਰੀਬਨ ੩-੪ ਸਾਲ ਤੋਂ ਸੁਆਸ-ਸੁਆਸ ਰਾਹੀਂ ਸਿਮਰਨ ਚੱਲ ਰਿਹਾ ਹੈ।" ਦਾਸ ਨੇ ਅੱਗੋਂ ਬੜੇ ਹੀ ਪਿਆਰ ਨਾਲ ਕਿਹਾ ਕਿ "ਭਾਜੀ! ਤੁਸੀਂ ਬਹੁਤ ਹੀ ਭਾਗਾਂ ਵਾਲੇ ਹੋ।" ਉਸ ਨੇ ਫਿਰ ਮੈਨੂੰ ਤਰਕ ਜਿਹੇ ਲਫ਼ਜ਼ਾਂ ਵਿਚ ਕਿਹਾ ਕਿ "ਭਾਜੀ!

ਸੁਆਸ-ਸੁਆਸ ਸਿਮਰਨ ਜ਼ਰੂਰ ਹੀ ਕਰਿਆ ਕਰੋ।"

ਜਦੋਂ ਉਸਨੇ ਦਾਸ ਨੂੰ ਦੂਜੀ ਵਾਰ ਫਿਰ ਕਿਹਾ ਤਾਂ ਮੈਨੂੰ ਲੱਗਾ ਕਿ ਇਸ ਦਾ ਭਰਮ ਕੱਢਣਾ ਚਾਹੀਦਾ ਹੈ, ਕਿਤੇ ਇਹ ਇੱਥੇ ਹੀ ਰੁਕ ਨਾ ਜਾਵੇ। ਦਾਸ ਨੇ ਸਤਿਗੁਰੂ ਜੀ ਵੱਲੋਂ ਦਿੱਤੀ ਹੋਈ ਅਕਲ ਮੁਤਾਬਕ ਉਸ ਪਿਆਰੇ ਸਿੱਖ 'ਤੇ ਸਵਾਲ ਕੀਤਾ ਕਿ ਭਾਜੀ, ਤੁਸੀਂ ਕਹਿੰਦੇ ਹੋ ਕਿ ਮੇਰਾ ਤਕਰੀਬਨ ੩-੪ ਸਾਲਾਂ ਤੋਂ ਸੁਆਸ-ਸੁਆਸ ਸਿਮਰਨ ਚੱਲਦਾ ਹੈ, ਭਾਈ ਯਾਦ ਰੱਖੀਏ, ਸੁਆਸ ਤਾਂ ਰੱਬ ਨੇ ਗਿਣਤੀ ਦੇ ਦਿੱਤੇ ਹੋਏ ਹਨ, ਇਹ ਤਾਂ ਇਕ-ਨਾ-ਇਕ ਦਿਨ ਮੁੱਕ ਜਾਣੇ ਹਨ, ਜਿਸ ਦਿਨ ਰੱਬ ਵੱਲੋਂ ਦਿੱਤੇ ਹੋਏ ਸੁਆਸ ਮੁੱਕ ਗਏ ਤਾਂ ਉਸ ਦਿਨ ਤੋਂ ਬਾਅਦ ਬੰਦੇ ਦਾ ਸਰੀਰ ਵੀ ਮਿੱਟੀ ਹੋ ਜਾਣਾ ਹੈ। ਸੋ ਭਾਜੀ ਜਦੋਂ ਸੁਆਸ ਅਤੇ ਸਰੀਰ ਦੋਵੇਂ ਹੀ ਖਤਮ ਹੋ ਗਏ ਤਾਂ ਆਤਮਾ ਤਾਂ ਅਮਰ ਹੈ, ਉਸ ਨੇ ਤਾਂ ਸਦਾ-ਸਦਾ ਲਈ ਜਿਊਂਦੀ ਰਹਿਣਾ ਹੈ, ਪਿਆਰੇ ਵੀਰ, ਮੈਨੂੰ ਐਸਾ ਕੋਈ ਰਸਤਾ ਦੱਸ ਜਿਹੜਾ ਦਾਸ ਅੰਤਰ ਆਤਮਾ ਸਦਾ ਲਈ ਜਿਊਂਦਾ ਰਹਾਂ। ਉਸ ਨੇ ਮੈਨੂੰ ਫਿਰ ਕਿਹਾ ਕਿ, "ਭਾਜੀ! ਸੁਆਸ-ਸੁਆਸ ਸਿਮਰਨ ਤੋਂ ਬਾਅਦ ਕੀ ਹੁੰਦਾ ਹੈ?" ਤਾਂ ਦਾਸ ਨੇ ਸਤਿਗੁਰੂ ਜੀ ਵੱਲੋਂ ਦਿੱਤੀ ਹੋਈ ਸਮਝ ਮੁਤਾਬਕ ਬੜੇ ਹੀ ਪਿਆਰ ਵਿਚ ਕਿਹਾ ਕਿ ਪਿਆਰਿਆ! "ਸਿੱਖ ਨੇ ਜਦੋਂ ਵੀ ਆਪਣੀ ਸੁਰਤ ਨੂੰ ਸ਼ਬਦ ਵਿਚ ਜੋੜ ਕੇ ਵਾਹਿਗੁਰੂ ਜੀ ਦਾ ਸਿਮਰਨ ਕਰਨਾ ਹੈ ਤਾਂ ਉਸ ਵਕਤ ਉਹ ਰੱਬੀ ਸਿਮਰਨ ਵਿਚ ਐਸਾ ਅਭੇਦ ਹੋ ਜਾਂਦਾ ਹੈ ਅਤੇ ਰੱਬ ਦੀ ਗੋਦ ਵਿਚ ਬੈਠਾ ਹੋਇਆ ਸੁਆਸਾਂ ਤੋਂ ਉੱਪਰ ਉੱਠ ਕੇ, ਰੱਬ ਵਿਚ ਹੀ ਸਮਾ ਜਾਂਦਾ ਹੈ ਤਾਂ ਉਸ ਅਵਸਥਾ ਵਿਚ ਸੁਆਸਾਂ ਦੀ ਤਕਰੀਬਨ ਸੁਧ-ਬੁਧ ਹੀ ਖਤਮ ਹੋ ਜਾਂਦੀ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ:

ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੬)

ਸਿਮਰਨ ਵਿਚ ਜੁੜੇ ਹੋਏ ਸਿੱਖ ਦੀ ਹਾਲਤ ਬਹੁਤ ਹੀ ਅਨੰਦਮਈ ਹੋ ਜਾਂਦੀ ਹੈ ਅਤੇ ਉਹ ਅੰਤਰ ਆਤਮਾ ਰਾਹੀਂ ਰੱਬੀ ਸਿਮਰਨ ਵਿਚ ਜੁੜ ਕੇ ਰੱਬ ਦਾ ਰੂਪ ਹੀ ਬਣ ਜਾਂਦਾ ਹੈ, ਜਿਸ ਸਦਕਾ ਉਸਦੇ ਸਭ ਅੰਦਰ ਦੇ ਫ਼ਿਕਰ, ਆਸਾਂ ਅਤੇ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ।" ਤਾਂ ਉਸ ਸਿੱਖ ਨੇ ਫਿਰ ਸੁਆਲ ਕੀਤਾ ਕਿ "ਵੀਰ ਜੀ! ਤੁਹਾਡੀ ਇਹ ਅਵਸਥਾ ਇਸ ਸਮੇਂ ਹੈ?" ਤਾਂ ਦਾਸ ਨੇ ਕਿਹਾ ਕਿ "ਭਾਈ! ਮੇਰੀ ਤਾਂ ਅਵਸਥਾ ਨਹੀਂ ਹੈ, ਪਰ ਸਤਿਗੁਰੂ ਜੀ ਦੇ ਤਰਸ ਸਦਕਾ ਦੱਸ ਜ਼ਰੂਰ ਰਿਹਾ ਹਾਂ।" ਫਿਰ ਦਾਸ ਨੇ ਉਸ ਸਿੱਖ ਨੂੰ ਕਿਹਾ ਕਿ "ਭਾਈ! ਆਪਣੀ ਅਵਸਥਾ ਬਾਰੇ ਕਿਸੇ ਨੂੰ ਨਹੀਂ ਦੱਸਣਾ, ਸਤਿਗੁਰੂ ਜੀ ਤਾਂ ਹੁਕਮ ਕਰਦੇ ਹਨ ਕਿ:

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੩)

ਰੱਬੀ ਰਾਹ 'ਤੇ ਚੱਲਣ ਵਾਲੇ ਗੁਰਸਿੱਖ ਕਦੇ ਵੀ ਆਪਣੀ ਅਵਸਥਾ ਬਾਰੇ ਕੁਝ

ਨਹੀਂ ਦੱਸਦੇ, ਉਨ੍ਹਾਂ ਬਾਰੇ ਤਾਂ ਪਾਵਨ ਬਾਣੀ ਦੇ ਉਪਦੇਸ਼ ਵਿਚ ਕਿਹਾ ਹੈ ਕਿ :

ਸੋਈ ਅਜਾਨੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੯੧)

ਜਿਹੜਾ ਪਿਆਰਾ ਉਸ ਰੱਬੀ ਅਵਸਥਾ ਵਿਚ ਪਹੁੰਚ ਗਿਆ, ਉਹ ਤਾਂ ਹਰ ਥਾਂ ਕਹਿੰਦਾ ਹੈ ਕਿ ਮੈਂ ਰੱਬ ਬਾਰੇ ਨਹੀਂ ਜਾਣਦਾ, ਯਾਨੀ ਕਿ ਛੁਪ ਕੇ ਰਹਿੰਦਾ ਹੈ। ਸੋ ਭਾਈ ਸੁਆਸ-ਸੁਆਸ ਸਿਮਰਨ ਦੀ ਅਵਸਥਾ ਰੱਬੀ ਰਾਹ 'ਤੇ ਚੱਲਣ ਦੀ ਦੂਜੀ ਪਉੜੀ ਹੈ, ਬਹੁਤੇ ਇੱਥੇ ਹੀ ਰੌਲਾ ਪਾਉਣ ਲੱਗ ਜਾਂਦੇ ਹਨ। ਇਸ ਤਰ੍ਹਾਂ ਦੇ ਸਿੱਖ ਨੂੰ ਸੱਚਖੰਡ ਤਕ ਪਹੁੰਚਣ ਲਈ ਸਿਮਰਨ ਦੀਆਂ ੧੩ ਪਉੜੀਆਂ ਚੜ੍ਹਨੀਆਂ ਪੈਂਦੀਆਂ ਹਨ। ਇਨ੍ਹਾਂ ੧੩ ਪਉੜੀਆਂ ਬਾਰੇ ਦਾਸ ਕੋਲੋਂ ਮਹਾਨ ਸਤਿਗੁਰੂ ਜੀ ਨੇ ਆਪਣੀ ਦਇਆ ਦ੍ਰਿਸ਼ਟੀ ਸਦਕਾ ਅੱਜ ਤੋਂ ਤਕਰੀਬਨ ੧੦ ਸਾਲ ਪਹਿਲਾਂ ਇਕ ਕੈਲੰਡਰ ਤਿਆਰ ਕਰਵਾ ਕੇ ਛਪਵਾਇਆ ਸੀ, ਜੋ ਗੁਰੂ ਕੀ ਪਿਆਰੀ ਸੰਗਤ ਨੇ ਬਹੁਤ ਹੀ ਪਸੰਦ ਕੀਤਾ ਸੀ। ਸੋ ਭਾਈ, ਕਦੇ ਵੀ ਕਿਸੇ ਸਿੱਖ ਨੂੰ ਪਰਖਣਾ ਨਹੀਂ ਅਤੇ ਨਾ ਹੀ ਆਪਣੀ ਅਵਸਥਾ ਬਾਰੇ ਦੱਸਣਾ ਹੈ। ਇਹ ਤਾਂ ਗੂੰਗੇ ਕੀ ਮਠਿਆਈ ਵਾਲਾ ਸੁਆਦ ਹੁੰਦਾ ਹੈ।

ਸੋ ਪਿਆਰਿਓ! ਸਿਮਰਨ ਸਾਧਨਾ ਵਾਲੀ ਅਵਸਥਾ ਸ਼ਬਦ ਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਹੈ ਪਰ ਜਿਹੜਾ ਸਿੱਖ ਆਪਣੀ ਬਰੀਕ ਬੁੱਧੀ ਅਤੇ ਅਕਲ ਵਰਤ ਕੇ ਸਿਮਰਨ ਰਾਹੀਂ ਵਾਹਿਗੁਰੂ ਜੀ ਦੇ ਨਾਮ ਸਿਮਰਨ ਦਾ ਮਹਾਂਰਸ ਪੀਵੇਗਾ, ਉਹ ਸਦਾ-ਸਦਾ ਲਈ ਗ਼ੁਲਾਬ ਦੇ ਫੁੱਲ ਵਾਂਗੂੰ ਨਾਮ ਦੀ ਮਹਿਕ ਹਰ ਪਾਸੇ ਵੰਡਦਾ ਹੋਇਆ, ਸਤਿਗੁਰੂ ਜੀ ਦੀ ਕਿਰਪਾ ਦਾ ਵੱਡਾ ਪਾਤਰ ਬਣ ਜਾਂਦਾ ਹੈ।

੨. ਅਕਲੀ ਪਾਈਐ ਮਾਨੁ: ਮਹਾਨ ਸਤਿਗੁਰੂ ਜੀ ਨੇ ਆਪਣੇ ਉਪਦੇਸ਼ ਰਾਹੀਂ ਦੂਜੀ ਮਰਿਆਦਾ ਸੰਬੰਧੀ ਫੁਰਮਾਇਆ ਹੈ ਕਿ ਪਿਆਰੇ ਸਿੱਖਾ, ਤੂੰ ਜਦੋਂ ਵੀ ਆਪਣੇ ਭੈਣ-ਭਰਾਵਾਂ, ਸਾਕ-ਸੰਬੰਧੀਆਂ, ਦੋਸਤਾਂ-ਮਿੱਤਰਾਂ, ਦੁਨੀਆ, ਗੁਰੂ-ਘਰ ਅਤੇ ਸਿੱਖ ਸੰਗਤ ਵਿਚ ਹਰ ਪਾਸੇ ਵਿਚਰਨਾ ਹੈ ਤਾਂ ਤੂੰ ਹਰ ਜਗ੍ਹਾ 'ਤੇ ਮਾਣ ਸਨਮਾਨ ਤਾਂ ਹੀ ਪਾ ਸਕੇਂਗਾ ਜੇ ਤੂੰ ਰੱਬ ਵੱਲੋਂ ਦਿੱਤੀ ਹੋਈ ਅਕਲ ਮੁਤਾਬਕ ਚੱਲੇਂਗਾ। ਇਹ ਨਾ ਹੋਵੇ ਕਿ ਤੂੰ, ਸੰਸਾਰ, ਗੁਰੂ-ਘਰ ਅਤੇ ਸਿੱਖ ਸੰਗਤ ਵਿਚ ਵਿਚਰਦਿਆਂ ਹੋਇਆਂ ਐਵੇਂ ਬੇਅਕਲ ਹੋ ਕੇ ਆਪਣੇ ਮੂੰਹ ਵਿੱਚੋਂ ਕੌੜੇ ਅਤੇ ਫਿੱਕੇ ਬੋਲ ਬੋਲੀਂ ਜਾਵੇਂ, ਹਰ ਜਗ੍ਹਾ ਆਪਣੀ ਹਉਮੈਂ ਨੂੰ ਪਾਲਦੇ ਹੋਏ ਅਤੇ ਹੋਰ ਵਿਕਾਰਾਂ ਵੱਸ ਹੋ ਕੇ ਬੇਲੋੜਾ ਵਾਦ-ਵਿਵਾਦ ਖੜਾ ਕਰੀ ਜਾਵੇਂ। ਯਾਦ ਰੱਖੀਂ, ਤੈਨੂੰ ਕਦੇ ਵੀ ਦੁਨੀਆ ਵਿਚ, ਗੁਰੂ-ਘਰ ਵਿਚ ਅਤੇ ਸੰਗਤ ਵਿਚ ਮਾਣ-ਸਨਮਾਨ ਨਹੀਂ ਮਿਲੇਗਾ। ਤੂੰ ਦੁਨੀਆ ਅਤੇ ਸੰਗਤ ਵਿਚ ਵਿਚਰਦਿਆਂ ਹੋਇਆਂ, ਰੱਬ ਵੱਲੋਂ ਦਿੱਤੀ ਹੋਈ ਅਕਲ ਨੂੰ ਜ਼ਰੂਰ ਹੀ ਵਰਤ ਕੇ ਹਰ ਇੱਕ ਨਾਲ ਚੰਗਾ ਵਿਵਹਾਰ ਅਤੇ ਚੰਗੇ ਬੋਲ ਬੋਲ ਕੇ, ਰੱਬ ਨੂੰ ਖੁਸ਼ ਕਰ ਲੈ ਤਾਂ ਰੱਬ ਹੀ ਤੈਨੂੰ ਸੰਸਾਰ ਅਤੇ ਸੰਗਤ ਵਿਚ ਤੇਰੀ ਵਰਤੀ ਹੋਈ ਅਕਲ ਮੁਤਾਬਕ ਤੈਨੂੰ ਵੱਡਾ

ਮਾਣ ਸਨਮਾਨ ਦੇਵੇਗਾ। ਸੋ ਪਿਆਰਿਓ, ਸਾਨੂੰ ਸਾਰਿਆਂ ਨੂੰ ਰੱਬ ਨੇ ਚੰਗੀ ਅਕਲ ਬਖ਼ਸ਼ੀ ਹੈ, ਪਰ ਸਾਡੇ ਅੰਦਰ ਹੰਕਾਰ ਅਤੇ ਮਨ ਦੇ ਪਾਲੇ ਹੋਏ ਵਿਕਾਰਾਂ ਰਾਹੀਂ ਸਾਡੇ ਅੰਦਰੋਂ ਨਿਮਰਤਾ ਅਤੇ ਮਿੱਠੇ ਬੋਲ ਬਹੁਤ ਘੱਟ ਨਿਕਲਦੇ ਹਨ, ਦਾਸ ਇਹ ਵੀ ਲਿਖ ਰਿਹਾ ਹੈ ਕਿ ਆਮ ਹੀ ਸੰਸਾਰ ਵਿਚ ਅਤੇ ਸੰਗਤ ਵਿਚ ਵਿਚਰਦੇ ਹੋਏ ਵੇਖਿਆ ਹੈ ਕਿ ਕਈ ਮਨੁੱਖ ਤਾਂ ਸੰਗਤ ਵਿਚ ਐਸੇ ਬੋਲ ਕੁਬੋਲ ਬੋਲਦੇ ਹਨ, ਜਿਸ ਸਦਕਾ ਗੁਰੂ ਕੀ ਸੰਗਤ ਐਸੇ ਬੋਲ ਕੁਬੋਲ ਬੋਲਣ ਵਾਲੇ ਮਨੁੱਖ ਨੂੰ ਮਿਲਣ ਤੋਂ ਪਾਸਾ ਵੱਟ ਜਾਂਦੀ ਹੈ। ਸੋ ਪਿਆਰਿਓ! ਤੁਸੀਂ ਬਹੁਤ ਹੀ ਭਾਗਾਂ ਵਾਲੇ ਹੋ, ਆਪਾਂ ਸੰਸਾਰ, ਗੁਰੂ ਘਰ ਅਤੇ ਸੰਗਤਾਂ ਵਿਚ ਵਿਚਰਦੇ ਹੋਏ ਰੱਬ ਵੱਲੋਂ ਦਿੱਤੀ ਹੋਈ ਬੁੱਧੀ (ਅਕਲ ਮੁਤਾਬਕ) ਜਿਊਣ ਦਾ ਸਦਾ ਉਪਰਾਲਾ ਕਰਦੇ ਰਹੀਏ ਤਾਂ ਇਕ ਨਾ ਇਕ ਦਿਨ ਐਸੀ ਅਕਲ ਵਰਤਣ ਵਾਲੇ ਮਨੁੱਖ ਨੂੰ ਦੁਨੀਆ ਅਤੇ ਸਿੱਖ ਸੰਗਤ ਬਹੁਤ ਹੀ ਪਿਆਰ ਕਰਨ ਲੱਗ ਜਾਂਦੀ ਹੈ ਅਤੇ ਉਸ ਦਾ ਹਰ ਜਗ੍ਹਾ ਸਤਿਕਾਰ ਹੋਣ ਲੱਗ ਜਾਂਦਾ ਹੈ।

੩. ਅਕਲੀ ਪੜਿ੍ ਕੈ ਬੁਝੀਐ: ਗੁਰੂ ਪਿਆਰੀ ਸਾਧ ਸੰਗਤ ਜੀ! ਅੱਜ ਸਿੱਖ ਜਗਤ ਵਿਚ ਪਾਵਨ ਗੁਰਬਾਣੀ ਦਾ ਬਹੁਤ ਜਾਪ ਹੋ ਰਿਹਾ ਹੈ। ਪਿਛਲੇ ੪੦ ਸਾਲ ਤੋਂ ਬਾਅਦ ਗੁਰਬਾਣੀ ਦਾ ਜਾਪ ਤਕਰੀਬਨ ੭੦% ਵੱਧ ਗਿਆ ਹੈ। ਹੋਰ ਟੀ.ਵੀ ਚੈਨਲਾਂ ਦੇ ਮਾਧਿਅਮ ਰਾਹੀਂ, ਸਿੱਖ ਸੇਵਾ ਸੁਸਾਇਟੀਆਂ, ਸਿੰਘ ਸਭਾਵਾਂ, ਜਥੇਬੰਦੀਆਂ, ਸੰਤ, ਭਗਤ ਅਤੇ ਹੋਰ ਮੋਬਾਇਲਾਂ ਆਦਿ ਰਾਹੀਂ ਬਾਣੀ ਦਾ ਬਹੁਤ ਹੀ ਜਾਪ ਵੱਧ ਗਿਆ ਹੈ ਪਰ ਬਹੁਤ ਹੀ ਵੀਚਾਰ ਕੇ ਵੇਖੋ ਕਿ ਪਾਵਨ ਗੁਰਬਾਣੀ ਦਾ ਜਾਪ ਤਾਂ ਪਹਿਲਾਂ ਨਾਲੋਂ ਤਕਰੀਬਨ ੧੦ ਗੁਣਾ ਵੱਧ ਗਿਆ ਹੈ ਪਰ ਆਮ ਹੀ ਸਿੱਖਾਂ ਦੀ ਅਵਸਥਾ ਬਹੁਤ ਘੱਟ ਬਣਦੀ ਹੈ, ਕਈਆਂ ਦੀ ਤਾਂ ਪਹਿਲਾਂ ਨਾਲੋਂ ਵੀ ਅਵਸਥਾ ਥੱਲੇ ਆ ਰਹੀ ਹੈ, ਉਹੋ ਹੀ ਨਿੰਦਿਆ, ਚੁਗਲੀ, ਹਉਮੈਂ, ਹੰਕਾਰ ਅਤੇ ਠੱਗੀ-ਠੋਰੀ ਉਸੇ ਤਰ੍ਹਾਂ ਹੀ ਚੱਲ ਰਹੀ ਹੈ ਇਸ ਦਾ ਅਸਲ ਕਾਰਨ ਹੈ ਕਿ ਜ਼ਿਆਦੇ ਮੇਰੇ ਵਰਗੇ ਸਿੱਖ ਬਾਣੀ ਤਾਂ ਬਹੁਤ ਪੜ੍ਹ ਰਹੇ ਹਨ ਪਰ ਸਿੱਖ ਪੜ੍ਹੀ ਹੋਈ ਬਾਣੀ ਨੂੰ ਵੀਚਾਰਦਾ ਬਹੁਤ ਹੀ ਘੱਟ ਹੈ ਸਿਰਫ਼ ਸਿੱਖ ਜਗਤ ਬਾਣੀ ਨੂੰ ਪੜ੍ਹਨ ਤਕ ਹੀ ਸੀਮਿਤ ਰਹਿ ਗਿਆ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਨੇ ਸਿੱਖ ਦੇ ਜੀਵਨ ਤੇ ਆਪਣੀ ਬਖ਼ਸ਼ਿਸ਼ ਦੀ ਮੋਹਰ ਲਾਈ ਹੈ ਕਿ ਵਿਰਲਾ ਹੀ ਯਾਨੀ ਕਿ ਲੱਖਾਂ ਵਿੱਚੋਂ ਇਕ ਗੁਰਸਿੱਖ ਹੀ ਹੋਵੇਗਾ ਜਾਂ ਮੇਰਾ ਗੁਰਸਿੱਖ ਪੁੱਤ ਹੋਵੇਗਾ, ਐਸੇ ਵਿਰਲੇ ਸਿੱਖ ਬਾਰੇ ਸਤਿਗੁਰੂ ਜੀ ਨੇ ਪਾਵਨ ਬਾਣੀ ਵਿਚ ਉਪਦੇਸ਼ ਅੰਕਿਤ ਕੀਤਾ ਹੈ ਕਿ :

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੯)

ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਸਭ ਸਿੱਖ ਮੇਰੀ ਪਾਵਨ ਬਾਣੀ ਨੂੰ ਪੜ੍ਹਣਗੇ ਪਰ ਕੋਈ ਪਿਆਰਾ ਸਿੱਖ ਹੀ ਹੋਵੇਗਾ ਜੋ ਰੱਬ ਵੱਲੋਂ ਦਿੱਤੀ ਅਕਲ ਮੁਤਾਬਕ ਬਾਣੀ ਦੇ ਉਪਦੇਸ਼ਾਂ ਨੂੰ ਬਹੁਤ ਹੀ ਵੀਚਾਰ-ਵੀਚਾਰ ਕੇ ਪੜ੍ਹੇਗਾ ਅਤੇ ਵੀਚਾਰੀ ਹੋਈ ਬਾਣੀ

ਤੇ ਆਪਣਾ ਜੀਵਨ ਢਾਲਣ ਦਾ ਯਤਨ ਕਰਦਾ ਹੀ ਰਹੇਗਾ। ਐਸੇ ਪਿਆਰੇ ਸਿੱਖ ਨੂੰ ਮਹਾਨ ਸਤਿਗੁਰੂ ਜੀ ਨੇ "ਗੁਰਮੁਖ ਸਿਖ" ਦੀ ਵੱਡੀ ਉਪਾਧੀ ਦੇ ਕੇ ਨਿਵਾਜਿਆ ਹੈ। ਸੋ ਗੁਰੂ ਸਵਾਰਿਓ! ਸਤਿਗੁਰੂ ਜੀ ਇਸ ਪਿਆਰੇ ਉਪਦੇਸ਼ *"ਅਕਲੀ ਪੜਿ੍ ਕੈ ਬੁਝੀਐ"* ਰਾਹੀਂ ਉਪਦੇਸ਼ ਕਰਦੇ ਹਨ ਕਿ ਤੂੰ ਜਦੋਂ ਵੀ ਪਾਵਨ ਗੁਰਬਾਣੀ ਦਾ ਨਿਤਨੇਮ ਜਾਂ ਜਾਪ ਕਰਨਾ ਹੈ ਤਾਂ ਗੁਰਬਾਣੀ ਨੂੰ ਬਹੁਤ ਹੀ ਸਹਿਜ ਅਵਸਥਾ ਵਿਚ ਅਤੇ ਬਹੁਤ ਹੀ ਹੌਲੀ-ਹੌਲੀ ਵੀਚਾਰ ਕੇ ਪੜ੍ਹਨਾ ਹੈ, ਇਸ ਵਿਧੀ ਨਾਲ ਬਾਣੀ ਪੜ੍ਹਨ ਵਾਲੇ ਸਿੱਖ ਤੇ ਸਤਿਗੁਰੂ ਜੀ ਸਦਾ-ਸਦਾ ਲਈ ਨਿਹਾਲ-ਨਿਹਾਲ-ਨਿਹਾਲ ਹੋ ਜਾਂਦੇ ਹਨ। ਸੋ ਪਿਆਰਿਓ! ਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ, ਪਿਆਰੇ ਸਿੱਖਾ! ਤੂੰ ਬਾਣੀ ਨੂੰ ਅਕਲ ਨਾਲ ਅਤੇ ਹੌਲੀ-ਹੌਲੀ ਪੜ੍ਹੀਂ, ਤੇਰੇ ਜੀਵਨ ਨੂੰ ਭਾਗ ਲੱਗ ਜਾਣਗੇ।

੪. ਅਕਲੀ ਕੀਚੈ ਦਾਨੁ: ਮਹਾਨ ਸਤਿਗੁਰੂ ਜੀ ਸਿੱਖ ਨੂੰ ਆਪਣੀ ਚੌਥੀ ਮਰਿਆਦਾ ਰਾਹੀਂ ਉਪਦੇਸ਼ ਦੇ ਰਹੇ ਹਨ ਕਿ, ਪਿਆਰਿਆ! ਤੂੰ ਸੰਸਾਰ ਅਤੇ ਸਿੱਖ ਜਗਤ ਵਿਚ ਵਿਚਰਦਿਆਂ ਹੋਇਆਂ, ਦਾਨ-ਪੁੰਨ ਬਹੁਤ ਹੀ ਧਿਆਨ ਨਾਲ ਕਰੀਂ, ਬਹੁਤ ਵਾਰੀ ਦੁਨੀਆ ਵਿਚ ਕੀਤਾ ਹੋਇਆ ਦਾਨ-ਪੁੰਨ ਮਨੁੱਖ ਨੂੰ ਪੁੱਠਾ ਵੀ ਪੈ ਜਾਂਦਾ ਹੈ। ਜਿਸ ਤਰ੍ਹਾਂ ਰਾਹ ਵਿਚ ਤੁਰੇ ਜਾਂਦੇ ਕਿਸੇ ਵਿਭਚਾਰੀ, ਦੁਰਾਚਾਰੀ, ਸ਼ਰਾਬੀ, ਕਬਾਬੀ ਜਾਂ ਹੋਰ ਮਾੜੇ ਮੰਗਤੇ ਨੂੰ ਜਾਂ ਗਰੀਬ ਵੇਖਦੇ ਹੋਏ ਕਿਸੇ ਨੂੰ ਤੂੰ ੨੦-੨੫-੫੦ ਰੁਪਏ ਦਾਨ ਦੇ ਦੇਵੇਂ ਤਾਂ ਉਹ ਮਨੁੱਖ ਤੇਰੇ ਕੀਤੇ ਹੋਏ ਦਾਨ ਨੂੰ ਹੋਰ ਕਿਸੇ ਮੰਦੇ ਕੰਮਾਂ ਤੇ ਜਾਂ ਨਸ਼ੇ ਆਦਿ ਤੇ ਲਾ ਦੇਵੇ ਤਾਂ ਯਾਦ ਰੱਖੀਂ, ਤੇਰੇ ਵੱਲੋਂ ਕੀਤਾ ਹੋਇਆ ਐਸਾ ਦਾਨ ਪੁੰਨ ਤੇਰੇ 'ਤੇ ਪੁੱਠਾ ਵੀ ਪੈ ਸਕਦਾ ਹੈ, ਜੇ ਵੇਖੀਏ ਤਾਂ ਅੱਜ ਕਈ ਜਗ੍ਹਾ 'ਤੇ ਦਾਨ ਪੁੰਨ ਤਕਰੀਬਨ ਪੁੱਠੇ ਪਾਸੇ 'ਤੇ ਹੀ ਲੱਗ ਰਿਹਾ ਹੈ। ਮਨੁੱਖ ਨੂੰ ਰੱਬ ਨੇ ਅਕਲ ਬਖ਼ਸ਼ੀ ਹੈ, ਜ਼ਰਾ ਸਮਝ ਕੇ ਦਾਨ ਪੁੰਨ ਕਰੋ।

ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਤੂੰ ਸਭ ਤੋਂ ਪਹਿਲਾਂ ਸਿੱਖਾਂ, ਸਾਧੂਆਂ, ਮਹਾਂਪੁਰਸ਼ਾਂ ਅਤੇ ਹੋਰ ਮਜ਼ੂਬਾਂ ਦੇ ਰੱਬੀ ਪਿਆਰਿਆਂ ਨੂੰ ਦਾਨ ਪੁੰਨ ਕਰ। ਉਹ ਤੇਰੇ ਵੱਲੋਂ ਦਿੱਤੇ ਹੋਏ ਦਾਨ ਪੁੰਨ ਨੂੰ ਬਹੁਤ ਹੀ ਧਰਮੀ ਪਾਸੇ ਤੇ ਲਾ ਕੇ ਜਾਂ ਗੁਰੂ-ਘਰ ਦੀਆਂ ਸੇਵਾਵਾਂ 'ਤੇ ਲਾ ਕੇ ਜਾਂ ਰੱਬੀ ਸਾਧੂਆਂ ਅਤੇ ਮਨੁੱਖਤਾ ਨੂੰ ਲੰਗਰਾਂ ਰਾਹੀਂ ਛਕਾ ਕੇ ਤੇਰੀ ਕੀਤੀ ਹੋਈ ਨੇਕ ਕਮਾਈ ਨੂੰ ਸਫਲਾ ਕਰ ਦੇਣਗੇ।

ਸਤਿਗੁਰੂ ਜੀ ਨੇ ਤਾਂ ਇੱਥੋਂ ਤਕ ਸਾਨੂੰ ਹੁਕਮ ਕੀਤਾ ਹੈ ਕਿ ਜਿੱਥੇ ਤੂੰ ਰੱਬੀ ਪਿਆਰਿਆਂ, ਗੁਰਮੁਖਾਂ, ਸਾਧੂ, ਸੰਤਾਂ ਅਤੇ ਮਹਾਂਪੁਰਸ਼ਾਂ ਨੂੰ ਦਾਨ ਪੁੰਨ ਕਰ ਕੇ ਆਪਣੇ ਜੀਵਨ ਨੂੰ ਸਫਲ ਕਰਨਾ ਹੈ, ਉੱਥੇ ਤੂੰ ਆਪਣੀ ਅਕਲ ਵਰਤਦੇ ਹੋਏ ਭੁੱਖੇ, ਲੋੜਵੰਦਾਂ, ਦੁਖੀਆਂ, ਗ਼ਰੀਬਾਂ ਅਤੇ ਬੇਸਹਾਰਾ ਮਨੁੱਖਾਂ ਦੀ ਦਾਨ-ਪੁੰਨ ਰਾਹੀਂ ਵੱਡੀ ਸੇਵਾ ਕਰਕੇ ਸਤਿਗੁਰੂ ਜੀ ਦੀ ਵੱਡੀ ਖੁਸ਼ੀ ਨੂੰ ਪ੍ਰਾਪਤ ਕਰਨਾ ਹੈ। ਆਮ ਹੀ ਇਕ ਉਦਾਹਰਨ ਪ੍ਰਚਲਿਤ ਹੈ ਕਿ "ਗਰੀਬ ਦਾ ਮੂੰਹ, ਗੁਰੂ ਕੀ ਗੋਲਕ" ਹੁੰਦੀ ਹੈ।

ਸੋ ਗੁਰੂ ਸਵਾਰਿਓ! ਉਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਪਾਵਨ ਬਾਣੀ ਦੇ ਉਪਦੇਸ਼ ਤੇ ਸਤਿਗੁਰੂ ਜੀ ਨੇ ਮੋਹਰ ਲਾਈ ਹੈ ਕਿ :

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥

ਭਾਈ ਗੁਰਦਾਸ ਜੀ ਸੰਗਤ ਨੂੰ ਉਪਦੇਸ਼ ਕਰ ਰਹੇ ਹਨ ਕਿ ਸਿੱਖ ਜਗਤ ਵਿਚ ਸਭ ਤੋਂ ਮਹਾਨ ਅਤੇ ਵੱਡਾ ਪੁੰਨ ਕਿਸੇ ਸਿੱਖ ਨੂੰ ਗੁਰਬਾਣੀ ਸ਼ਬਦ ਨਾਲ ਜੋੜ ਕੇ ਉਸ ਦਾ ਜੀਵਨ ਬਦਲਣਾ ਹੁੰਦਾ ਹੈ। ਸਤਿਗੁਰੂ ਜੀ ਨੇ ਇਸ ਉਪਦੇਸ਼ ਰਾਹੀਂ ਇੱਥੋਂ ਤਕ ਕਿਹਾ ਹੈ ਕਿ ਕੋਈ ਮਨੁੱਖ ਸੱਤ ਘਰ (ਕੰਚਨ) ਸੋਨੇ ਦੇ ਬਣਾ ਕੇ, ਉਨ੍ਹਾਂ ਸੱਤ ਸੋਨੇ ਦੇ ਘਰਾਂ ਨੂੰ ਦੁਨੀਆ ਵਿਚ ਦਾਨ ਕਰ ਦੇਵੇ, ਇਸ ਤੋਂ ਵੀ ਕਈ ਗੁਣਾ ਵੱਡਾ ਪੁੰਨ ਕਿਸੇ ਸਿੱਖ ਨੂੰ ਗੁਰਬਾਣੀ ਸ਼ਬਦ ਨਾਲ ਅਤੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਉਸ ਨੂੰ ਗੁਰੂ ਜੀ ਦੀ ਸਿੱਖੀ ਨਾਲ ਜੋੜਨਾ ਹੁੰਦਾ ਹੈ। ਇਹ ਸਭ ਦਾਨ-ਪੁੰਨਾਂ ਤੋ ਸ੍ਰੇਸ਼ਟ ਦਾਨ-ਪੁੰਨ ਹੁੰਦਾ ਹੈ। ਜਿੱਥੇ ਅਸੀਂ ਦੁਨਿਆਵੀ ਦਾਨ-ਪੁੰਨ ਕਰ ਕੇ ਆਪਣਾ ਜੀਵਨ ਸਫਲ ਕਰਨਾ ਹੈ, ਉੱਥੇ ਸਾਨੂੰ ਸਿੱਖ ਸੰਗਤ ਨੂੰ ਗੁਰਬਾਣੀ ਸ਼ਬਦ ਅਤੇ ਖੰਡੇ ਬਾਟੇ ਦੇ ਅੰਮ੍ਰਿਤ ਨਾਲ ਜੋੜ ਕੇ ਮਹਾਨ ਦਾਨਾਂ ਸਿਰ ਦਾਨ ਦਾ ਫਲ ਲੈ ਕੇ ਗੁਰੂ ਜੀ ਦੀ ਵੱਡੀ ਪ੍ਰਸੰਨਤਾ ਲੈਣੀ ਹੈ।

ਸੋ ਪਿਆਰਿਓ! ਦਾਸ ਵੱਲੋਂ ਇਸ ਲੇਖ ਨੂੰ ਲਿਖਦੇ ਹੋਏ ਇਸ ਵਿਚ ਅਨੇਕ ਪ੍ਰਕਾਰ ਦੀਆਂ ਗ਼ਲਤੀਆਂ ਅਤੇ ਤਰੁੱਟੀਆਂ ਰਹਿ ਗਈਆਂ ਹੋਣਗੀਆਂ। ਸੰਗਤ ਅਤੇ ਗੁਰੂ ਜੀ ਬਖ਼ਸ਼ਣਯੋਗ ਹਨ। ਅੱਗੇ ਤੋਂ ਦਾਸ ਨੂੰ ਹੋਰ ਵੀ ਸਿੱਖੀ ਅਤੇ ਗੁਰਬਾਣੀ ਦੀਆਂ ਲਿਖਤਾਂ ਲਿਖਣ ਦੀਆਂ ਬਖ਼ਸ਼ਿਸ਼ਾਂ ਬਖ਼ਸ਼ ਕੇ ਲਿਖਤੀ ਪ੍ਰਚਾਰ ਕਰਨ ਦੀਆਂ ਆਪਣੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਆਸੀਸਾਂ ਜ਼ਰੂਰ ਹੀ ਬਖ਼ਸ਼ ਦਿਉ ਜੀ।

■

ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

ਸੇਵਾ

*-ਡਾ. ਰਾਜਵਿੰਦਰ ਸਿੰਘ ਜੋਗਾ**

ਸਿੱਖ ਧਰਮ ਵਿਚ ਸੇਵਾ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਇਹ ਗੁਰੂ ਕਾਲ ਤੋਂ ਹੁੰਦੀ ਆ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋੜਵੰਦਾਂ ਦੀ ਸੇਵਾ ਕਰ ਕੇ ਸੇਵਾ ਕਰਨ ਦੀ ਪਿਰਤ ਪਾਈ। ਗੁਰਮਤਿ ਵਿਚ ਸਿੱਖ ਨੂੰ ਸੇਵਾ ਕਰਨ ਲਈ ਵਾਰ-ਵਾਰ ਹੁਕਮ ਦਿੱਤਾ ਗਿਆ ਹੈ ਤੇ ਸੇਵਾ ਤਨੋ, ਮਨੋ ਤੇ ਧਨੋ ਹਰ ਪੱਖ ਤੋਂ ਕਰਨ ਦੀ ਤਾਕੀਦ ਹੈ। ਦੂਸਰਿਆਂ ਦੀ ਸੇਵਾ ਕਰਨੀ ਸਿੱਖ ਦੇ ਜੀਵਨ ਦਾ ਜ਼ਰੂਰੀ ਅੰਗ ਹੈ, ਕਿਉਂਕਿ ਗੁਰਮਤਿ ਅਨੁਸਾਰ ਮਨੁੱਖਤਾ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ। ਇਸ ਨੂੰ ਮੁਕਤੀ ਦਾ ਇੱਕ ਅਹਿਮ ਸਾਧਨ ਵੀ ਮੰਨਿਆ ਗਿਆ ਹੈ। ਇਸੇ ਸੇਵਾ ਸਦਕਾ ਗੁਰੂ ਦੇ ਸਿੱਖਾਂ ਵਿੱਚੋਂ ਇੱਕ ਸੇਵਕ/ਦਾਸ/ਟਹਿਲੀਏ ਜਾਂ ਚੇਲੇ ਨੇ ਗੁਰਿਆਈ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਗੁਰੂ ਸਾਹਿਬ ਦੇ ਅਨਿੰਨ ਸਿੱਖ ਤੇ ਸੇਵਕ ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ) ਜੀ ਦੀ ਸੇਵਾ ਇੰਨੀ ਪ੍ਰਵਾਨ ਚੜ੍ਹੀ ਕਿ ਗੁਰੂ ਸਥਾਪਿਤ ਹੋ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਿੱਥੇ ਆਪ ਸੇਵਾ ਕੀਤੀ, ਉੱਥੇ ਆਪਣੇ ਮਹਿਲ ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਸੌਂਪ ਕੇ ਸੇਵਾ ਕਰਨ ਦਾ ਮਾਣ ਤੇ ਇਸਤਰੀ ਜਾਤੀ ਨੂੰ ਸਮਾਜ ਵਿਚ ਬਣਦਾ ਸਤਿਕਾਰ ਬਖ਼ਸ਼ਿਸ਼ ਕੀਤਾ। ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਤਾਂ ਸਮਾਜਿਕ ਰਿਸ਼ਤਿਆਂ ਤੋਂ ਵੀ ਉੱਪਰ ਉਠ ਕੇ ਆਪਣੇ ਕੁੜਮ (ਸ੍ਰੀ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਸ੍ਰੀ ਗੁਰੂ ਅਮਰਦਾਸ ਜੀ ਨੇ ਭਤੀਜੇ ਨੂੰ ਵਿਆਹੀ ਹੋਈ ਸੀ) ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ, ਜੋ ਕਿ ਸਿੱਖ ਪਰੰਪਰਾ ਅਨੁਸਾਰ ਲਗਪਗ ਬਾਰ੍ਹਾਂ ਸਾਲ ਪਾਣੀ ਢੋ ਕੇ ਇਸ਼ਨਾਨ ਆਦਿਕ ਕਰਵਾਉਂਦੇ ਰਹੇ ਤੇ ਇਸ ਸੇਵਾ ਦੀ ਪ੍ਰਸੰਨਤਾ ਲੈ ਕੇ ਆਪ ਜੀ ਨੇ ਗੁਰੂ ਪਦਵੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਅਨਿੰਨ ਸਿੱਖ ਭਾਈ ਜੇਠਾ ਜੀ, ਜੋ ਕਿ ਬਾਅਦ ਵਿਚ ਬੀਬੀ ਭਾਨੀ ਜੀ (ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ) ਦੇ ਪਤੀ ਬਣੇ ਸਨ, ਨੇ ਗੁਰੂ ਦਰਬਾਰ ਵਿਚ ਦੁਨਿਆਵੀ ਰਿਸ਼ਤਿਆਂ ਤੋਂ ਉੱਪਰ ਉਠ ਕੇ ਅਣਥੱਕ ਘਾਲਣਾ ਘਾਲੀ, ਬੇਝਿਜਕ ਸੇਵਾ ਵਿਚ ਤਤਪਰ ਰਹੇ। ਆਪ ਜੀ ਦੀ ਸੇਵਾ ਪ੍ਰਥਾਇ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ- ''ਜਬ ਸੰਗਤ ਸਾਹਿਬ ਕੇ ਆਵਤੀ ਸ੍ਰੀ ਗੁਰੂ ਰਾਮਦਾਸ ਜੀ ਤਬ ਜੇਠਾ ਨਾਉ ਥਾ ਆਗੇ ਸੰਗਤ ਕਉ ਲੈਣੇ ਜਾਤੇ, ਸੰਗਤ ਸਾਰੀ ਲਿਆਵਤੇ ਪਖਾਰਤੇ, ਪਾਣੀ ਪਿਲਾਵਤੇ, ਅਰ ਜੇ ਕੋਈ ਮਾਂਦਾ

---

* *ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩-੦੦੪੫੯*

(ਥੱਕਿਆ) ਹੋਤਾ ਤੋ ਚਾਂਪੀ ਕਰਤੇ। ਇਸ ਭਾਂਤ ਸਿਖੋ ਕੀ ਟਹਲ ਹਰ ਵਖਤ ਕਰਤੇ ਥੇ। ''
ਇਸ ਸੇਵਕ ਉੱਪਰ ਪਈ ਗੁਰੂ ਸਾਹਿਬ ਦੀ ਸਵੱਲੀ ਨਦਰ ਨੇ ਇੱਕ ਅਨਾਥ ਨੂੰ ਅਨਾਥਾਂ ਦਾ ਆਸਰਾ ਬਣਾ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਕਰਕੇ ਦੀਨ-ਦੁਖੀਆਂ ਦੀ ਸੇਵਾ ਲਈ ਸੇਵਾ ਦਾ ਇੱਕ ਮਹਾਨ ਕੇਂਦਰ (ਸ੍ਰੀ ਅੰਮ੍ਰਿਤਸਰ ਸਾਹਿਬ) ਸਥਾਪਿਤ ਕੀਤਾ। ਪੁਰਾਤਨ ਸਮੇਂ ਵਿਚ ਪੱਖਾ ਝੱਲਣਾ, ਜਲ ਵਰਤਾਉਣਾ, ਭਾਂਡੇ ਮਾਂਜਣਾ, ਝਾੜੂ ਦੇਣਾ ਆਦਿ ਨੀਂਵੇਂ ਕੰਮ ਸਮਝੇ ਜਾਂਦੇ ਸਨ ਤੇ ਇਨ੍ਹਾਂ ਕੰਮਾਂ ਨੂੰ ਅਕਸਰ ਹੀ ਸਮਾਜਿਕ ਤੌਰ 'ਤੇ ਮੰਨੀਆਂ ਜਾਂਦੀਆਂ ਨੀਵੀਂਆਂ ਜਾਤੀਆਂ ਦੇ ਲੋਕ ਕਰਦੇ ਸਨ। ਸੋ ਇਨ੍ਹਾਂ ਕੰਮਾਂ ਨੂੰ ਨੀਂਵਾਂ ਕੰਮ ਸਮਝ ਕੇ ਤੇ ਬੱਧਾਚੱਟੀ ਅਧੀਨ ਹੀ ਕੀਤਾ ਜਾਂਦਾ ਸੀ। ਇਸ ਲਈ ਇਨ੍ਹਾਂ ਕੰਮਾਂ ਵਿਚ ਸੇਵਾ ਦੀ ਭਾਵਨਾ ਤਾਂ ਮਨਫੀ ਹੋਣੀ ਹੀ ਸੀ, ਕਿਉਂ ਜੋ ਇਨ੍ਹਾਂ ਤੋਂ ਦਾਸ ਪ੍ਰਥਾ ਅਧੀਨ ਜਾਂ ਉੱਚ ਜਾਤੀ ਦੇ ਹੱਕ-ਹਕੂਕ ਅਧੀਨ ਆਪਣੇ ਅਧਿਕਾਰ ਸਮਝ ਕੇ ਕਰਵਾਇਆ ਜਾਂਦਾ ਸੀ। ਇਸ ਬਦਲੇ ਇਨ੍ਹਾਂ ਨੂੰ ਨਾ-ਮਾਤਰ ਸੇਵਾ ਫ਼ਲ (ਮਜ਼ਦੂਰੀ) ਦਿੱਤਾ ਜਾਂਦਾ ਸੀ ਜਾਂ ਫਿਰ ਗ਼ੁਲਾਮ ਪ੍ਰਥਾ ਤਹਿਤ ਮੁਫ਼ਤ ਅਤੇ ਵਗਾਰ ਵਿਚ ਹੀ ਕਰਵਾਇਆ ਜਾਂਦਾ ਸੀ। ਗੁਰੂ ਸਾਹਿਬਾਨ ਨੇ ਸੇਵਾ ਦੇ ਸੰਕਲਪ ਤੇ ਸਰੂਪ ਨੂੰ ਨਵੇਂ ਅਰਥ ਪ੍ਰਦਾਨ ਕੀਤੇ, ਜੋ ਇੱਕ ਉੱਤਮ ਕਰਮ ਬਣ ਗਏ ਤੇ ਇਸ ਨੂੰ ਹਰ ਇੱਕ ਪ੍ਰਾਣੀ ਮਾਤਰ ਕਰਨ ਲਈ ਤਿਆਰ ਹੋ ਗਿਆ। ਗੁਰੂ ਸਾਹਿਬ ਨੇ ਸੇਵਾ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਦੱਸਿਆ। ਇਸ ਲਈ ਇਹ ਸਿੱਖ ਦੇ ਜੀਵਨ ਦਾ ਅਨਿੱਖੜ੍ਹਵਾਂ ਅੰਗ ਬਣ ਗਿਆ। ਇਸ ਬਾਬਤ ਡਾ. ਰਤਨ ਸਿੰਘ ਜੱਗੀ ਦੇ ਸ਼ਬਦ ਹਨ, ਕਿ 'ਗੁਰੂ ਨਾਨਕ ਦੇਵ ਜੀ ਦੀ ਸਾਧਨਾ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਇਹ ਬਹੁਤ ਉੱਚੀ ਸਾਧਨਾ ਹੈ। ਮਨੁੱਖ ਦੀ ਹਰ ਹਰਕਤ ਹਉਮੈਂ ਵਾਲੀ ਹੁੰਦੀ ਹੈ। ਸੇਵਾ ਦੀ ਭਾਵਨਾ ਹੀ ਹਉਮੈ ਨੂੰ ਨਸ਼ਟ ਕਰ ਸਕਦੀ ਹੈ, ਕਿਉਂਕਿ ਹਉਮੈਂ ਧੁੰਧ ਗੁਬਾਰ ਹੈ ਤੇ ਸੇਵਾ ਪ੍ਰਕਾਸ਼ ਹੈ। ਹਉਮੈਂ ਆਪਣੇ ਆਪ ਵਿਚ ਜਾਂ ਆਪਣੇ ਲਈ ਜੀਣਾ ਹੈ, ਸੇਵਾ ਦੁਆਰਾ ਦੂਜਿਆਂ ਲਈ ਜੀਵਿਆ ਜਾ ਸਕਦਾ ਹੈ।' ਸਿੱਖ ਧਰਮ ਵਿਚ ਅਸੀਂ ਵੇਖਦੇ ਹਾਂ, ਕਿ ਜਿੱਥੇ ਗੁਰੂ ਸਾਹਿਬਾਨ ਨੇ ਆਪ ਸੇਵਾ ਕੀਤੀ, ਉੱਥੇ ਉਨ੍ਹਾਂ ਦੇ ਸਿੱਖ ਵੀ ਸੇਵਾ ਦੇ ਮਾਰਗ ਨੂੰ ਅਪਣਾਉਂਦਿਆਂ ਲੋੜਵੰਦਾਂ ਤੇ ਦੀਨ-ਦੁਖੀਆਂ ਦੀ ਸੇਵਾ ਕਰ ਕੇ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣੇ। ਪੁਰਾਤਨ ਸਮੇਂ ਵਿਚ ਆਮ ਕਰ ਕੇ ਹੱਥੀਂ ਸੇਵਾ ਬਹੁਤ ਕੀਤੀ ਜਾਂਦੀ ਸੀ। ਜਿਹੜਾ ਹੱਥੀਂ ਸੇਵਾ ਨਹੀਂ ਕਰਦਾ ਸੀ, ਉਸ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਜੀ ਨੇ ਤਾਂ ਹੱਥੀਂ ਸੇਵਾ ਨੂੰ 'ਸੱਚੀ ਅੰਗ ਸਫਲਤਾ' ਕਿਹਾ ਹੈ:

ਧ੍ਰਿਗੁ ਸਿਰੁ ਜੋ ਗੁਰ ਨਿਵੈ ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।
ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥੧੦॥ (ਵਾਰ ੨੭:੧੦)

ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ ਹੱਥੀਂ ਸੇਵਾ ਨਾ ਕਰਨ ਵਾਲੇ ਤੋਂ ਗੁਰੂ ਸਾਹਿਬ ਵੀ ਕਦੇ ਅੰਨ ਪਾਣੀ ਨਹੀਂ ਛਕਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੀ ਗੱਲ ਹੈ ਕਿ ਇੱਕ ਵਾਰ ਗੁਰੂ ਜੀ ਦਾ ਹਜ਼ੂਰੀ ਸੇਵਾਦਾਰ ਕਿਤੇ ਨੇੜੇ ਨਹੀਂ ਸੀ, ਉਨ੍ਹਾਂ ਨੂੰ ਪਿਆਸ ਲੱਗੀ ਤੇ ਪਾਣੀ ਮੰਗਿਆ। ਨੇੜੇ ਇੱਕ ਸ਼ਰਧਾਲੂ ਸਿੱਖ ਨੇ ਸੁਣਿਆ ਤੇ ਪਾਣੀ ਲੈ ਕੇ ਆ ਗਿਆ। ਗੁਰੂ ਜੀ ਨੇ ਉਸ ਦੇ ਕੋਮਲ ਹੱਥਾਂ ਵੱਲ ਵੇਖਿਆ ਤੇ ਪੁੱਛਿਆ? ਕਿ ਭਾਈ ਸਿੱਖਾ! ਤੂੰ ਕੀ ਕੰਮ ਕਰਦਾ ਹੈਂ? ਕੀ ਕਦੇ ਕੋਈ ਸੇਵਾ ਵੀ ਕੀਤੀ ਹੈ? ਉਸ ਸਿੱਖ ਨੇ ਕਿਹਾ, ਗੁਰੂ ਜੀ! ਮੈਨੂੰ ਕੰਮ ਕਰਨ ਦੀ ਲੋੜ ਹੀ ਕੋਈ ਨਹੀਂ, ਮੇਰੇ ਕੋਲ ਬਹੁਤ ਧਨ ਦੌਲਤ ਹੈ ਤੇ ਬਹੁਤ ਸਾਰੇ ਨੌਕਰ ਚਾਕਰ ਵੀ ਹਨ। ਮੈਂ ਕਦੇ ਹੱਥੀਂ ਕੋਈ ਕੰਮ ਨਹੀਂ ਕੀਤਾ ਅਤੇ ਨਾ ਹੀ ਕਦੇ ਕੋਈ ਸੇਵਾ ਕੀਤੀ ਹੈ। ਅੱਜ ਪਹਿਲੀ ਵਾਰ ਆਪ ਜੀ ਨੂੰ ਪਾਣੀ ਫੜਾਇਆ ਹੈ। ਕਹਿੰਦੇ ਹਨ, ਕਿ ਗੁਰੂ ਜੀ ਨੇ ਉਹ ਪਾਣੀ ਨਹੀਂ ਪੀਤਾ। ਸਿੱਖ ਬਹੁਤ ਸ਼ਰਮਿੰਦਾ ਹੋਇਆ ਤੇ ਅੱਗੋਂ ਗੁਰੂ ਸੰਗਤ ਵਿਚ ਸੇਵਾ ਕਰਨ ਦਾ ਸੰਕਲਪ ਲਿਆ। ਸਿੱਖਾਂ ਦੇ ਮਹਾਨ ਜਰਨੈਲ ਜਥੇਦਾਰ ਨਵਾਬ ਕਪੂਰ ਸਿੰਘ ਜੀ ਬਾਰੇ ਅਸੀਂ ਜਾਣਦੇ ਹੀ ਹਾਂ, ਕਿ ਜਦੋਂ ਲਾਹੌਰ ਤੋਂ ਜ਼ਕਰੀਆ ਖਾਂ ਦੁਆਰਾ ਭੇਜੀ ਗਈ ਸਿੱਖਾਂ ਲਈ ਨਵਾਬੀ ਦੀ ਖਿੱਲਤ ਆਈ, ਤਾਂ ਸਿੱਖ ਪੰਥ ਵੱਲੋਂ ਨਵਾਬ ਕਪੂਰ ਸਿੰਘ ਜੀ ਨੂੰ ਚੁਣਿਆ ਗਿਆ। ਉਨ੍ਹਾਂ ਇਹ ਖਿੱਲਤ ਲੈਣ ਤੋਂ ਪਹਿਲਾਂ ਇੱਕ ਸ਼ਰਤ ਰੱਖੀ ਕਿ ਜੇਕਰ ਤੁਸੀਂ ਇਹ ਖਿੱਲਤ ਮੈਨੂੰ ਹੀ ਦੇਣੀ ਹੈ, ਤਾਂ ਘੋੜੇ ਆਦਿਕ ਦੀ ਲਿੱਦ ਚੁੱਕਣ ਅਤੇ ਸਿੱਖ ਸੰਗਤ ਦੀ ਝਾੜੂ ਦੀ ਸੇਵਾ ਕਰਨ ਤੋਂ ਮੈਨੂੰ ਨਹੀਂ ਰੋਕੋਗੇ। ਫਿਰ ਕਪੂਰ ਸਿੰਘ ਜੀ ਨੇ ਜਥੇਦਾਰਾਂ ਦੇ ਚਰਨਾਂ ਨੂੰ ਛੂਹਾ ਕੇ ਨਵਾਬੀ ਲਈ ਸੀ। ਇਹ ਸੀ, ਸਿੱਖ ਸਰਦਾਰਾਂ ਦਾ ਆਚਰਨ। ਇਸੇ ਕਰਕੇ ਇਨ੍ਹਾਂ ਦੇ ਆਚਰਨ ਦੀਆਂ ਗੱਲਾਂ ਮੁਗ਼ਲ ਸਰਕਾਰ ਦੇ ਗਲਿਆਰਿਆਂ ਵਿਚ ਆਮ ਹੁੰਦੀਆਂ ਸਨ। ਇਸ ਪ੍ਰਥਾਇ ਸ. ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਦੇ ਹਨ, ਕਿ ਇੱਕ ਵਾਰ ਮੁਗਲਾਂ ਨਾਲ ਜਦੋ-ਜਹਿਦ ਸਮੇਂ ਮੁਗਲ ਗਵਰਨਰ ਨੂੰ ਸਿੱਖਾਂ ਦੇ ਖ਼ਿਲਾਫ਼ ਇੱਕ ਨਿਰੰਜਨੀਏ ਨੇ ਖ਼ਬਰ ਦਿੱਤੀ ਕਿ:

ਐਸੇ ਐਸੇ ਸਿੰਘ ਜਗ ਮਾਂਹੀ, ਸਿੰਘ ਛਕਾਇ ਪੀਐਂ ਨਿਜ ਖਾਹੀਂ॥੧੧॥
ਆਪ ਸਹੈਂ ਵੈ ਨੰਗ ਅਰ ਭੁਖ, ਦੇਖ ਸਕੈਂ ਨਹਿਂ ਸਿੰਘਨ ਦੁੱਖ।
ਆਪ ਗੁਜ਼ਾਰੈਂ ਅਗਨੀ ਨਾਲ, ਸਿੰਘਨ ਘਲੈਂ ਪੁਸ਼ਾਕ ਸਿਵਾਲ॥੧੨॥
ਕਈ ਪੀਸਨਾ ਪੀਸ ਕਮਾਵੈਂ, ਵੈ ਭੀ ਸਿੰਘਨ ਪਾਸ ਪੁਚਾਵੈਂ।
ਬਾਣ ਬੱਟ ਕਈ ਕਰੈਂ ਮਜੂਰੀ, ਭੇਜੈਂ ਸਿੰਘਨ ਪਾਸ ਜ਼ਰੂਰੀ॥੧੩॥
ਦੂਰ ਜਾਇ ਜੋ ਚਾਕਰੀ ਕਰਿਹੀਂ, ਆਏ ਸਿੰਘਨ ਕੇ ਆਗੈ ਧਰਿਹੀਂ।
ਸਿੰਘ ਜੋਊ ਪਰਦੇਸ ਸਿਧਾਰੇ, ਭੇਜੈਂ ਸਿੰਘਨ ਓਇ ਗੁਰੂ ਪਯਾਰੇ॥੧੪॥

ਬਾਕੀ ਪੰਨਾ ੫੫ 'ਤੇ

ਜੁਲਾਈ ੨੦੨੫ ਦਾ ਬਾਕੀ

ਹੱਥ-ਲਿਖਤ ਜਨਮ ਸਾਖੀ ਖਰੜਿਆਂ ਦੀ ਚਿਤਰਨ ਪਰੰਪਰਾ

*-ਡਾ. ਜਸਵਿੰਦਰ ਸਿੰਘ**

ਗੁਰੂ ਸਾਹਿਬ ਦਾ ਜੀਵਨ ਆਪਣੇ ਆਪ ਵਿਚ ਇਕ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਹੈ। ਉਨ੍ਹਾਂ ਨੇ ਅਨੇਕਾਂ ਵਰ੍ਹੇ ਉਦਾਸੀਆਂ ਪ੍ਰਚਾਰ ਯਾਤਰਾਵਾਂ ਕਰ ਕੇ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਚ ਗ੍ਰਸਤ ਸਮੁੱਚੀ ਲੋਕਾਈ ਦੇ ਉੱਦਾਰ ਲਈ ਅਰਪਿਤ ਕਰ ਦਿੱਤੇ ਅਤੇ ਸਿੱਖ ਧਰਮ ਦੀ ਨੀਂਹ ਰੱਖੀ। ਇਸੇ ਵਿਸ਼ਵੀ ਮਿਸ਼ਨ ਨੂੰ ਮੁੱਖ ਰੱਖਦਿਆਂ ਚਾਰੇ ਦਿਸ਼ਾਵਾਂ ਵਿਚ ਚਾਰ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਗੁਰੂ ਸਾਹਿਬ ਦੇ ਕਰਮ ਅਤੇ ਵਿਚਾਰਾਂ ਦੇ ਪ੍ਰਸਾਰ ਦੀਆਂ ਯਾਤਰਾਵਾਂ ਸਨ। ਦਰਅਸਲ ਗੁਰੂ ਸਾਹਿਬ ਦਾ 'ਕਰਮ' ਅਧਿਆਤਮਿਕ ਦ੍ਰਿਸ਼ਟੀ ਤੋਂ ਪ੍ਰੇਰਿਤ ਅਤੇ ਪੋਸ਼ਿਤ ਸੀ। ਉਹ ਦੁਨਿਆਵੀ ਸੰਸਾਰ ਤੋਂ ਉਦਾਸੀਨ ਰਹੇ ਹਨ ਪਰ ਉਨ੍ਹਾਂ ਸੰਸਾਰਿਕਤਾ ਦਾ ਤਿਆਗ ਨਹੀਂ ਕੀਤਾ। ਸਾਖੀਕਾਰ ਗੁਰੂ ਸਾਹਿਬ ਦੀ ਉਦਾਸੀਨਤਾ ਨੂੰ ਉਨ੍ਹਾਂ ਦੀ ਅਧਿਆਤਮਿਕਤਾ ਨਾਲ ਜੋੜ ਦਿੰਦੇ ਹਨ। ਸਾਖੀਕਾਰਾਂ ਨੇ ਆਪਣੇ ਨਾਇਕ ਕੋਲੋਂ ਅਜਿਹਾ ਕੋਈ ਕਰਮ ਨਹੀਂ ਕਰਵਾਇਆ, ਜਿਸ ਨਾਲ ਉਨ੍ਹਾਂ ਦੀ ਪ੍ਰਤਿਸ਼ਠਾ ਵਿਚ ਫਰਕ ਜਾਂ ਸਮਾਜ ਦੀ ਮਰਿਆਦਾ ਭੰਗ ਹੁੰਦੀ ਹੋਵੇ।

ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਜਨ-ਸਾਧਾਰਨ ਵਿਚ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਪਹੁੰਚਾਉਣ ਅਤੇ ਸ਼ਰਧਾ-ਭਾਵਨਾ ਵਧਾਉਣ ਲਈ ਅਨੇਕਾਂ ਜਨਮ ਸਾਖੀਆਂ ਦੇ ਹੱਥ-ਲਿਖਤ ਖਰੜਿਆਂ ਦੀਆਂ ਨਕਲਾਂ ਵੀ ਤਿਆਰ ਕਰਵਾਈਆਂ ਗਈਆਂ, ਕਿਉਂ ਜੋ ਇਹ ਕੰਮ ਵੱਖ-ਵੱਖ ਚਿੱਤਰਕਾਰਾਂ/ਅੱਖਰਕਾਰਾਂ ਵੱਲੋਂ ਕੀਤਾ ਗਿਆ, ਲਿਹਾਜ਼ਾ ਸੁਭਾਵਿਕ ਹੈ ਕਿ ਇਨ੍ਹਾਂ ਚਿੱਤਰਾਂ ਅਤੇ ਸਾਖੀ ਪਾਠਾਂ ਵਿਚ ਵੀ ਅੰਤਰ ਆ ਗਿਆ। ਸੋ ਸਾਖੀ ਲਿਖਾਰੀਆਂ ਅਤੇ ਚਿੱਤਰਕਾਰਾਂ ਦੇ ਬਦਲ ਜਾਣ ਕਰਕੇ ਸਾਖੀਆਂ ਦੀ ਤਰਤੀਬ, ਪਾਠ ਅਤੇ ਚਿੱਤਰਾਂ ਦੀ ਬਨਾਵਟ ਵਿਚ ਵੀ ਵੱਖਰਤਾ ਨਜ਼ਰ ਆਉਂਦੀ ਹੈ। ਇਹੋ ਕਾਰਨ ਹੈ ਕਿ ਕਈ ਸਾਖੀਆਂ ਦੇ ਇਤਿਹਾਸਿਕ ਵੇਰਵੇ ਸੂਝ-ਬੂਝ ਦਾ ਪ੍ਰਮਾਣ ਨਹੀਂ ਦਿੰਦੇ, ਕਿਉਂਕਿ ਜ਼ਿਕਰਯੋਗ ਕਈ ਸ਼ਖ਼ਸੀਅਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਤੋਂ ਪਹਿਲਾਂ ਵਿੱਚਰ ਚੁੱਕੀਆਂ ਸਨ। ਪਰ ਪਾਠਕ/ਦਰਸ਼ਕ ਇਤਿਹਾਸਿਕ ਬਾਰੀਕਬੀਨੀ ਵਿਚ ਨਾ ਪੈ ਕੇ ਉਸ ਉੱਚ ਸ਼ਖ਼ਸੀਅਤ ਦੀ ਦਿੱਬ ਦ੍ਰਿਸ਼ਟੀ, ਉਨ੍ਹਾਂ ਦੇ ਅਮੋਲਕ ਬਚਨ ਅਤੇ ਕਰਨੀ ਨੂੰ ਮਹਿਸੂਸ ਕਰਦਿਆਂ ਆਪਣਾ ਧੰਨਭਾਗ ਸਮਝਦੇ ਸਨ।

ਪੈਂਟ ਹਾਊਸ ਨੰ: ਸੀ-੧੧੦੩, ੧੧ਵੀਂ ਮੰਜ਼ਿਲ, ਸ਼ਿਪ੍ਰਾ ਕ੍ਰਿਸ਼ਨਾ ਵਿਸਟਾ, ਇੰਦਰਾਪੁਰਮ, ਗਾਜ਼ੀਆਬਾਦ-੨੦੧੦੧੪; ਮੋ. ੯੮੧੦੬੦੨੯੧੫

ਸੋ ਸਿੱਖ ਜਨਮ ਸਾਖੀਆਂ ਨੂੰ ਚਿਤਰਨ ਲਈ ਚਿੱਤਰਕਾਰ ਸੰਬੰਧਿਤ ਨਾਇਕ (ਗੁਰੂ ਸਾਹਿਬਾਨ) ਦੇ ਜੀਵਨ ਦੀ ਕੋਈ ਘਟਨਾ ਲੈ ਲੈਂਦਾ ਹੈ, ਫਿਰ ਉਸ ਦੇ ਸ਼ਰਧਾਵਾਨਾਂ ਲਈ ਨਾਇਕ ਦੇ ਗੁਣ ਅਤੇ ਉਪਦੇਸ਼ ਨੂੰ ਆਪਣੀ ਕਲਾ ਅਭਿਵਿਅਕਤੀ ਦੀ ਮਦਦ ਨਾਲ ਉੱਭਾਰਦਾ ਹੈ। ਸਾਖੀ ਵਿਚਲੀਆਂ ਘਟਨਾਵਾਂ ਦੀ ਵਾਸਵਿਕਤਾ ਲੋਕ ਮਨ ਵਿਚ ਸਮਾਜ ਪ੍ਰਤੀ ਜਾਗਰੂਕਤਾ ਪੈਦਾ ਕਰਦੀ ਹੈ। ਇਨ੍ਹਾਂ ਸਾਖੀਆਂ ਵਿਚ ਚਿੱਤਰਕਾਰਾਂ ਦਾ ਪੂਰਾ ਜ਼ੋਰ ਨਾਇਕ ਦੇ ਜਸ ਚਿੱਤਰਣ ਅਤੇ ਉਸ ਵਿਚ ਸ਼ਰਧਾ ਵਧਾਉਣਾ ਹੀ ਰਿਹਾ ਹੈ। ਇਕ ਸਾਖੀ ਨਾਲ ਸੰਬੰਧਿਤ ਚਿੱਤਰ ਨੂੰ ਕਈ ਵਾਰ ਦੋ ਬਰਾਬਰ ਹਿੱਸਿਆਂ ਵਿਚ ਵੰਡ ਕੇ ਉਸ ਸਾਖੀ ਨੂੰ ਵਿਸਥਾਰ ਨਾਲ ਚਿੱਤਰਿਆ ਹੈ। ਚਿੱਤਰ ਵਿਚ ਸਾਖੀ ਵਿਚਲੇ ਨਾਇਕ ਤੋਂ ਇਲਾਵਾ ਦੂਜੇ ਪਾਤਰਾਂ ਨੂੰ ਕਿਸੇ ਖ਼ਾਸ ਮਕਸਦ ਲਈ ਚਿਤਰਿਆ ਗਿਆ ਹੈ। ਉਨ੍ਹਾਂ ਰਾਹੀਂ ਸਾਖੀ ਵਿਚਲੇ ਨਾਇਕ ਦੇ ਪ੍ਰਭਾਵ ਨੂੰ ਹੋਰ ਉਭਾਰਣ ਲਈ ਉਸ ਦੀ ਦਿੱਵਯਤਾ ਅਤੇ ਵਿਲੱਖਣਤਾ ਸਥਾਪਿਤ ਕੀਤੀ ਜਾਂਦੀ ਹੈ। 'ਜਨਮ ਸਾਖੀ' ਚਿੱਤਰਾਂ ਵਿਚਲੇ ਹੋਰ ਦੈਵੀ ਪਾਤਰ ਅਲੌਕਿਕ ਸ਼ਕਤੀਆਂ ਦੇ ਮਾਲਕ ਹੁੰਦੇ ਹੋਇਆਂ ਵੀ ਉਨ੍ਹਾਂ ਦੀਆਂ ਨਾਇਕ ਦੇ ਸਾਹਮਣੇ ਸਾਰੀਆਂ ਸ਼ਕਤੀਆਂ ਮੰਦ-ਚਿੱਤਰੀਆਂ ਗਈਆਂ ਹਨ। ਚਿੱਤਰਕਾਰ ਵੱਖ-ਵੱਖ ਚਿਤਰਨ ਜੁਗਤਾਂ ਵਰਤ ਕੇ ਗੁਰੂ ਸਾਹਿਬ ਨੂੰ ਸਰਬ-ਸਮਰੱਥ ਬਣਾਉਣ ਅਤੇ ਹੋਰਨਾਂ ਪਾਤਰਾਂ ਦੇ ਸਮਾਜਿਕ ਰੁਤਬੇ ਨੂੰ ਸਪੱਸ਼ਟ ਕਰਨ ਅਤੇ ਸਾਖੀ ਦੇ ਪ੍ਰਸੰਗ ਨੂੰ ਵਿਸਥਾਰ ਦੇਣ ਲਈ ਵਰਤਦਾ ਹੈ। ਆਮ ਦਰਸ਼ਕ ਭਾਵੇਂ ਚਿੱਤਰਕਾਰਾਂ ਵੱਲੋਂ ਚਿੱਤਰਾਂ ਵਿਚ ਵਰਤੀਆਂ ਤਕਨੀਕੀ ਜੁਗਤਾਂ ਨਾ ਸਮਝਦਾ ਹੋਵੇ ਪ੍ਰੰਤੂ ਸਾਖੀ ਸਮਝਣ ਵਿਚ ਕਾਮਯਾਬ ਹੁੰਦਾ ਹੋਇਆ ਉਸ ਦੇ ਸੌਂਦਰਯਾਤਮਕ ਪੱਖ ਦਾ ਪ੍ਰਭਾਵ ਜ਼ਰੂਰ ਕਬੂਲ ਲੈਂਦਾ ਹੈ।

'ਜਨਮ ਸਾਖੀ' ਲਿਖਾਰੀ ਵੱਲੋਂ ਕਾਗਜ਼ ਦੇ ਇਕ ਪਾਸੇ ਸਾਖੀ ਦਾ ਵਿਵਰਣ ਲਿਖਿਆ ਗਿਆ ਹੈ ਅਤੇ ਦੂਜੇ ਪਾਸੇ ਉਸੇ ਸਾਖੀ ਨਾਲ ਸੰਬੰਧਿਤ ਚਿੱਤਰ ਬਣਾਉਣ ਲਈ ਛੱਡੀ ਥਾਂ 'ਤੇ ਅਨੁਭਵੀ ਚਿੱਤਰਕਾਰ ਵੱਲੋਂ ਚਿੱਤਰ ਬਣਾਇਆ ਗਿਆ ਹੈ। ਜ਼ਿਆਦਾਤਰ ਚਿੱਤਰ ਖੜ੍ਹੇ-ਦਾਅ (Vertical) ਚਿੱਤਰੇ ਹਨ। ਕਈ ਵਾਰ ਇਸ ਜਗ੍ਹਾ 'ਤੇ ਵੱਖਰੇ ਤੌਰ 'ਤੇ ਚਿੱਤਰ ਬਣਾ ਕੇ ਚਿਪਕਾ ਦਿੱਤੇ ਜਾਂਦੇ ਸਨ। ਸਾਖੀ ਦਾ ਮੂਲ ਪਾਠ ਗੁਰਮੁਖੀ ਵਿਚ ਲਾਈਨ ਵਿਚ ਬਗ਼ੈਰ ਕਿਸੇ ਸ਼ਬਦ ਜੋੜ ਵਿਚ ਜਗ੍ਹਾ ਛੱਡੇ ਲਿਖਿਆ ਗਿਆ ਹੈ। ਜੇਕਰ ਕਿਸੇ ਸਾਖੀ ਦਾ ਮੂਲ ਪਾਠ ਇਕ ਪੰਨੇ ਤੋਂ ਜ਼ਿਆਦਾ ਹੈ ਤਾਂ ਬਾਕੀ ਦਾ ਮੂਲ ਪਾਠ ਅਗਲੇ ਪੰਨੇ ਉੱਤੇ ਚਿੱਤਰ ਦੇ ਉੱਪਰ ਲਿਖ ਕੇ ਸਾਖੀ ਪੂਰੀ ਕਰ ਲਈ ਜਾਂਦੀ ਸੀ। ਇਸ ਤਰ੍ਹਾਂ ਇਕ ਸਾਖੀ ਨਾਲ ਸੰਬੰਧਿਤ ਚਿੱਤਰ ਨੂੰ ਕਈ ਵਾਰ ਦੋ ਬਰਾਬਰ ਹਿੱਸਿਆਂ ਵਿਚ ਵੰਡ ਕੇ ਉਸ ਸਾਖੀ ਦੇ ਮੂਲ ਪਾਠ ਨੂੰ ਸਮਝਣ ਲਈ ਵਿਸਥਾਰ ਦਿੱਤਾ ਗਿਆ ਹੈ। ਇਹ ਵੰਡ ਲੌਕਿਕ ਅਤੇ ਪਾਰਲੌਕਿਕ ਜਗਤ ਨੂੰ ਸਿਰਜਦਿਆਂ ਦੁਨਿਆਵੀ ਪਾਤਰ ਤੇ ਦਿੱਬ ਪੁਰਸ਼ਾਂ ਦਰਮਿਆਨ ਅੰਤਰ ਸਥਾਪਿਤ

ਕਰਦੀ ਹੈ। ਚਿੱਤਰਕਾਰ ਨੇ ਦੁਨਿਆਵੀ ਪਾਤਰ ਹੇਠਾਂ ਅਤੇ ਦਿੱਬ ਪੁਰਸ਼ਾਂ ਨੂੰ ਉੱਪਰਲੇ ਹਿੱਸੇ ਵਿਚ ਚਿਤਰਿਆ ਹੈ। ਪੌਰਾਣਿਕ ਕਥਾਵਾਂ ਨੂੰ ਪੇਸ਼ ਕਰਦਿਆਂ 'ਜਨਮ ਸਾਖੀ' ਲਿਖਾਰੀਆਂ ਦੇ ਮੂਲ ਪਾਠ ਅਨੁਸਾਰ ਚਿੱਤਰਕਾਰ ਚਿੱਤਰਾਂ ਵਿਚ ਗੁਰੂ ਸਾਹਿਬ ਦੇ ਸਮਕਾਲੀਨ ਸਮਾਜ ਅਤੇ ਸੱਭਿਆਚਾਰ ਦਾ ਬਹੁਪੱਖੀ ਚਿਤਰਨ ਸਹਿਜੇ ਹੀ ਕਰ ਜਾਂਦਾ ਹੈ। ਜਨਮ ਸਾਖੀਆਂ ਵਿੱਚ ਜਿੱਥੇ ਕਰਾਮਾਤ ਸੰਕਟ/ਵਿਪਦਾ ਦਾ ਹੱਲ ਨਹੀਂ ਕਰਦੀ, ਉੱਥੇ ਗੁਰਬਾਣੀ ਹੱਲ ਪੇਸ਼ ਕਰਦੀ ਹੈ।

'B-40 ਜਨਮ ਸਾਖੀ' ਦੇ ਸਮੁੱਚੇ ਚਿੱਤਰਾਂ ਨੂੰ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਬਾਲਪਣ ਤੋਂ ਬਾਅਦ ਜਵਾਨੀ ਤੇ ਅੱਧਖੜ ਉਮਰ ਵਿਚ ਕਾਲ਼ੀ ਅਤੇ ਬਾਅਦ ਵਿਚ ਭਰਵੀਂ ਚਿੱਟੀ ਦਾਹੜੀ ਨਾਲ ਬੁਢਾਪੇ ਦੀ ਅਵਸਥਾ ਵਿਚ ਚਿਤਰਿਆ ਹੈ ਪ੍ਰੰਤੂ ਇਸ ਦੇ ਉਲਟ ਭਾਈ ਮਰਦਾਨਾ ਜੀ ਨੂੰ ਪੰਜਵੀਂ ਸਾਖੀ ਤੋਂ ਸ਼ੁਰੂ ਹੋ ਕੇ ਅਖ਼ੀਰਲੀ ੫੭ਵੀਂ ਸਾਖੀ ਵਿਚ ਛੋਟੀ ਚਿੱਟੀ ਦਾਹੜੀ ਦੇ ਨਾਲ ਹੀ ਬਿਰਧ ਅਵਸਥਾ ਵਿਚ ਚਿਤਰਿਆ ਹੈ, ਇਹ ਇਕ ਅਪਵਾਦ ਸਰੂਪ ਹੈ। ਚਿੱਤਰਕਾਰ ਨੂੰ ਉਮਰ ਦੇ ਵੱਖ-ਵੱਖ ਪੜਾਵਾਂ ਅਨੁਸਾਰ ਹੀ ਉਸ ਨੂੰ ਵੀ ਚਿਤਰਣਾ ਚਾਹੀਦਾ ਸੀ ਪਰ ਉਸ ਦੀ ਮੁਸਲਮਾਨਾਂ ਵਾਂਗ ਦਾਹੜੀ ਦੇ ਖ਼ਤ ਕੱਢੇ ਹੋਏ, ਮੁੱਛਾਂ ਲੰਬੀਆਂ ਪਰ ਭਰਵੱਟੇ ਕਾਲ਼ੇ ਚਿਤਰੇ ਹਨ। ਸਿਰਫ ਸਾਖੀ 'ਬਾਬਾ ਜੀ ਇਕ ਮੁਲਕ ਗਇਆ' ਵਿਚ ਭਾਈ ਮਰਦਾਨਾ ਜੀ ਅਤੇ ਗੁਰੂ ਸਾਹਿਬ ਦੀ ਦਾਹੜੀ ਕਾਲ਼ੀ-ਸਫ਼ੈਦ ਹੈ।

ਗੁਰੂ ਸਾਹਿਬ ਦੀਆਂ ਬਾਲਪਣ ਵਾਲੀਆਂ ਸਾਖੀਆਂ ਵਿਚ ਉਨ੍ਹਾਂ ਨੂੰ ਪਿਤਾ ਮਹਿਤਾ ਕਾਲੂ ਅਤੇ ਰਾਏ ਬੁਲਾਰ ਵਾਂਗ ਮੁਸਲਿਮ ਸ਼ੈਲੀ ਦੀ ਹੀ ਪੱਗੜੀ ਬੰਨ੍ਹੀ ਚਿੱਤਰਿਆ ਗਿਆ ਹੈ। ਜ਼ਿਆਦਾਤਰ ਚਿੱਤਰਾਂ ਵਿਚ ਭਾਈ ਮਰਦਾਨਾ ਜੀ ਦੀ ਪੱਗੜੀ ਮੁਸਲਿਮ ਸ਼ੈਲੀ ਦੀ ਸੰਧੂਰੀ-ਲਾਲ ਹੈ। ਪੱਗੜੀ ਨੂੰ ਗੁਲਾਬੀ ਰੰਗ ਦੀ ਇਕ ਚੌੜੀ ਪੱਟੀ ਨਾਲ ਗਿੱਚੀ ਤਕ ਥੋੜ੍ਹਾ ਕੱਸ ਕੇ ਬੰਨ੍ਹਿਆ ਗਿਆ ਹੁੰਦਾ ਹੈ। ਸਾਰੇ ਸਾਖੀ ਚਿੱਤਰਾਂ ਵਿਚ ਭਾਈ ਮਰਦਾਨਾ ਜੀ ਦਾ ਸਿਰ ਕੱਜਿਆ ਦਿਖਾਇਆ ਹੈ। ਚਿੱਤਰਕਾਰ ਨੇ ਭਾਈ ਮਰਦਾਨਾ ਜੀ ਨੂੰ ਗੁਰੂ ਸਾਹਿਬ ਦੇ ਪਿੱਛੇ ਜਾਂ ਫਿਰ ਹੇਠਾਂ ਇਕ ਪਾਸੇ ਹਮੇਸ਼ਾਂ ਘਾਹ ਉੱਪਰ ਬੈਠੇ, ਸੱਜਾ ਹੱਥ ਰਬਾਬ ਦੀਆਂ ਤਾਰਾਂ ਉੱਤੇ ਰੱਖੀ ਸੰਗੀਤਕ ਧੁਨਾਂ ਵਜਾਉਂਦਿਆਂ ਚਿਤਰਿਆ ਹੈ। ਗੁਰੂ ਸਾਹਿਬ ਭਾਈ ਮਰਦਾਨਾ ਜੀ ਵੱਲੋਂ ਵਜਾਏ ਸੰਗੀਤ ਨਾਲ ਅਭੇਦ ਹੋ ਕੇ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਜਾਦੇ ਸਨ ਤੇ ਇਨ੍ਹਾਂ ਇਲਾਹੀ ਪਲ਼ਾਂ ਵਿਚ ਉਨ੍ਹਾਂ ਨੂੰ ਬਾਣੀ ਉਤਰਣ ਲੱਗਦੀ ਸੀ।

'B-40 ਜਨਮ ਸਾਖੀ' ਕੁਝ ਕੁ ਚਿੱਤਰਾਂ ਵਿਚ ਗੁਰੂ ਸਾਹਿਬ ਦਾ ਪਹਿਰਾਵਾ ਮੁਸਲਿਮ ਅਸਰ ਹੇਠ ਵੀ ਦਿੱਖਦਾ ਹੈ। ਮਿਸਾਲ ਦੇ ਤੌਰ 'ਤੇ ਜਦੋਂ ਗੁਰੂ ਸਾਹਿਬ ਭਾਈ ਮਰਦਾਨਾ ਜੀ ਨੂੰ ਹੱਜ ਕਰਾਉਣ ਲਈ ਮੱਕਾ ਲੈ ਕੇ ਜਾਂਦੇ ਹਨ ਤਾਂ ਜ਼ਿਆਰਤ ਲਈ ਆਪ ਖ਼ੁਦ ਨੀਲੇ ਬਸਤਰ ਪਹਿਨਦੇ ਹਨ।

ਇਸ ਸਾਖੀ ਦੇ ਸਮੁੱਚੇ ਚਿੱਤਰ ਕਲਾਤਮਿਕ ਸੌਂਦਰਯ ਨਾਲ ਪਰਿਪੂਰਣ ਹਨ। ਸਾਰੀਆਂ ਸਾਖੀਆਂ ਵਾਚਣ ਤੋਂ ਪਤਾ ਲੱਗਦਾ ਹੈ ਕਿ ਦਇਆ ਰਾਮ ਅਬਰੋਲ ਨੇ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਨਾਲ ਸੰਬੰਧਿਤ ਚੋਣਵੀਆਂ ਸਾਖੀਆਂ ਨੂੰ ਹੀ ਹੱਥ-ਲਿਖਤ ਵਿਚ ਸ਼ਾਮਿਲ ਕੀਤਾ ਹੈ ਜਦਕਿ ਉਨ੍ਹਾਂ ਦੇ ਜੀਵਨ ਦੀਆਂ ਕਈ ਹੋਰ ਮਹੱਤਵਪੂਰਨ ਘਟਨਾਵਾਂ ਨੂੰ ਬਿਆਨਦੀਆਂ ਸਾਖੀਆਂ, ਜਿਵੇਂ ਗੁਰੂ ਸਾਹਿਬ ਦਾ ਅਵਤਾਰ ਧਾਰਨਾ, ਸੱਚਾ ਸੌਦਾ ਕਰਨਾ, ਮੋਦੀਖਾਨੇ ਦੀ ਨੌਕਰੀ ਕਰਨਾ, ਸੁਲੱਖਣੀ ਜੀ ਨਾਲ ਵਿਆਹ, ਵੇਈਂ ਨਦੀ ਵਿਚ ਚੁੱਭੀ ਲਾ ਕੇ ਨਿਰੰਕਾਰ ਕੋਲ ਪਹੁੰਚਣਾ, ਉਦਾਸੀਆਂ ਦੌਰਾਨ ਬਾਬਰ ਦੀ ਜੇਲ੍ਹ ਵਿਚ ਚੱਕੀ ਪੀਸਣਾ, ਵਲੀ ਕੰਧਾਰੀ ਦਾ ਗੁਰੂ ਸਾਹਿਬ ਵੱਲ ਪੱਥਰ ਸੁੱਟਣਾ ਆਦਿ ਵਰਗੇ ਜੀਵਨ ਪ੍ਰਸੰਗਾਂ ਬਾਰੇ ਇਸ ਹੱਥ-ਲਿਖਤ ਖਰੜੇ ਵਿਚ ਨਾ ਤਾਂ ਕਿਤੇ ਜ਼ਿਕਰ ਹੈ ਅਤੇ ਨਾ ਹੀ ਇਨ੍ਹਾਂ ਨਾਲ ਸੰਬੰਧਿਤ ਕੋਈ ਚਿੱਤਰ। ਇਹ 'ਜਨਮ ਸਾਖੀ' ਸਿੱਧਾ 'ਬਾਬਾ ਨਾਨਕ ਸਕੂਲ 'ਚ ਦਾਖਲ' ਭਾਵ ਸਾਖੀ ਪਾਂਧੇ ਨਾਲ ਤੋਂ ਸ਼ੁਰੂ ਹੁੰਦੀ ਹੈ, ਜਦੋਂ ਬਾਲ ਨਾਨਕ ਪੰਜ ਕੁ ਸਾਲ ਦੇ ਸਨ।

ਸੰਤ ਦਾਸ ਛਿੱਬਰ ਦੀ ਗੁਰਮੁਖੀ ਵਿਚ ਲਿਖੀ 'ਜਨਮ ਸਾਖੀ ਬਾਬਾ ਨਾਨਕ ਸਾਹ ਕੀ' ਬਾਲੇ ਵਾਲੀ ਸਾਖੀ ਤੋਂ ਪੂਰਨ ਰੂਪ ਵਿਚ ਪ੍ਰਭਾਵਿਤ ਹੋ ਕੇ ਪ੍ਰਬੰਧ ਕਾਵਿ ਵਿਚ ਰਚੀ ਹੈ। ਇਹ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਕਾਵਿਕ ਰੂਪ ਹੈ, ਜਿਸ ਦੇ ਕਥਾਨਕ ਵਿਚ ਕੋਈ ਵੀ ਅੰਤਰ ਨਹੀਂ। ਸਾਖੀ ਦੀ ਸ਼ੁਰੂਆਤ ਵਿਚ ਛਿੱਬਰ ਲਿਖਦਾ ਹੈ:-

"ਬਾਲੇ ਸਭ ਹੀ ਕਥਾ ਸੁਨਾਈ। ਜੋ ਗੁਰ ਖੇਲ ਕੀਨ ਜਗ ਆਈ।"

ਛਿੱਬਰ ਦੀ ਸਾਖੀ ਕਿਉਂਕਿ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਇਕ ਨਕਲ ਹੈ, ਇਸ ਕਰਕੇ ਭਾਈ ਬਾਲੇ ਤੋਂ ਬਿਨਾਂ ਤਾਂ ਲੇਖਕ ਲਈ ਸਭ ਅਧੂਰਾ ਹੈ। ਇਸੇ ਮੰਤਵ ਅਧੀਨ ਚਿੱਤਰ ਵਿਚ ਗੁਰੂ ਸਾਹਿਬ ਦੇ ਪਿੱਛੇ ਨੰਗੇ ਪੈਰ ਖੜ੍ਹੇ ਭਾਈ ਬਾਲੇ ਨੂੰ ਚਉਰ ਕਰਦਾ ਚਿਤਰਿਆ ਗਿਆ ਹੈ। ਭਾਈ ਮਰਦਾਨਾ ਜੀ ਰਬਾਬ 'ਤੇ ਸੰਗੀਤ ਵਜਾ ਰਹੇ ਹਨ। ਗੁਰੂ ਸਾਹਿਬ ਗ਼ੁਲਾਬੀ ਰੰਗ ਦੇ ਲੰਮੇ ਚੋਲੇ ਵਿਚ ਲਾਲ ਰੰਗ ਦੇ ਵੱਡੇ ਤੱਕੀਏ ਨਾਲ ਢੋਅ ਲਗਾਈ ਗੋਡਿਆਂ ਭਾਰ ਬੈਠੇ ਹਨ। ਉਨ੍ਹਾਂ ਦੀ ਦਾਹੜੀ ਸਫ਼ੈਦ ਤੇ ਪੱਗ ਲੰਮੀ ਹੈ। ਉਨ੍ਹਾਂ ਨੇ ਸੱਜਾ ਹੱਥ ਉਠਾਇਆ ਹੋਇਆ ਹੈ, ਜਿਸ ਵਿਚ ਸਿਮਰਨਾ ਫੜ੍ਹਿਆ ਹੈ। ਭਾਈ ਬਾਲਾ ਅਤੇ ਭਾਈ ਮਰਦਾਨਾ ਜੀ ਦੀ ਪੁਸ਼ਾਕ ਲਾਲ ਰੰਗ ਦੀ ਅਤੇ ਇਕ ਵਿਸ਼ੇਸ਼ ਤਰ੍ਹਾਂ ਦੀ ਹੈ। ਭਾਈ ਮਰਦਾਨਾ ਜੀ ਦੀਆਂ ਮੁੱਛਾਂ ਨੁਕੀਲੀਆਂ ਹਨ ਪਰ ਉਹ ਬਿਨਾਂ ਦਾਹੜੀ ਤੋਂ ਚਿਤਰਿਆ ਗਿਆ ਹੈ।

ਸੰਤ ਦਾਸ ਛਿੱਬਰ ਦੀ ਇਸ ਸਾਖੀ ਦੇ ਇਨ੍ਹਾਂ ਸਾਰੇ ਮਿਥਿਹਾਸਿਕ ਚਿੱਤਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸੱਜੇ ਪਾਸਿਓਂ ਦੂਸਰੇ ਪਾਤਰਾਂ ਨੂੰ ਮੁਖਾਤਿਬ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਦਾ ਤਿੰਨ ਚੌਥਾਈ ਚਿਤਰਨ ਕਰਨ ਤੋਂ

ਇਲਾਵਾ ਬਾਕੀ ਸਾਰੀਆਂ ਆਕ੍ਰਿਤੀਆਂ ਇਕ ਚਸ਼ਮ ਚਿਤਰੀਆਂ ਗਈਆਂ ਹਨ। ਚਿੱਤਰਾਂ ਵਿਚ ਦੂਜੇ ਪਾਤਰਾਂ ਨਾਲੋਂ ਗੁਰੂ ਸਾਹਿਬ ਦੀ ਦੇਹ ਦਾ ਵੱਡਾ ਅਕਾਰ ਦਿਖਾਇਆ ਹੈ। ਉਨ੍ਹਾਂ ਦੇ ਸਿਰ ਦੁਆਲੇ ਕੋਈ ਹਾਲ਼ਾ ਨਹੀਂ ਸਿਰਜਿਆ ਗਿਆ। ਛਿੱਬਰ ਦੀ ਲਿਖੀ ਇਸ ਸਾਖੀ ਦੇ ਸਾਰੇ ਚਿੱਤਰਾਂ ਵਿਚ ਸਿਰਫ ਆਕ੍ਰਿਤੀਆਂ ਹੀ ਉਲੀਕੀਆਂ ਗਈਆਂ ਹਨ, ਪਿੱਠ-ਭੂਮੀ ਵਿਚ ਪ੍ਰਕਿਰਤੀ, ਪੰਛੀਆਂ ਦੀ ਹਲਚਲ ਜਾਂ ਕਿਸੇ ਭਵਨ ਆਦਿ ਦਾ ਕੋਈ ਵੀ ਚਿਤਰਨ ਨਹੀਂ ਕੀਤਾ ਗਿਆ, ਜਿਸ ਤਰ੍ਹਾਂ ਕਿ ਅਕਸਰ ਦੂਸਰੀਆਂ ਹੱਥ-ਲਿਖਤਾਂ ਅਤੇ ਕੰਧ-ਚਿੱਤਰਾਂ ਵਿਚ ਕੀਤਾ ਜਾਂਦਾ ਰਿਹਾ ਹੈ।

ਸੋ 'ਜਨਮ ਸਾਖੀ' ਚਿੱਤਰਾਂ ਵਿਚ ਉਸ ਵੇਲੇ ਦੀ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਜਨ-ਸਾਧਾਰਨ ਦੀ ਸੋਚ ਬਾਰੇ ਭਲੀ-ਭਾਂਤ ਵਾਕਫ਼ੀਅਤ ਮਿਲਦੀ ਹੈ ਕਿ ਕਿਵੇਂ ਲੋਕ ਵਹਿਮਾਂ-ਭਰਮਾਂ ਅਤੇ ਕਰਾਮਾਤੀ ਜੰਜਾਲਾਂ ਵਿਚ ਫਸੇ ਹੋਏ ਸਨ। ਅਜਿਹੇ ਜੰਜਾਲਾਂ ਵਿੱਚੋਂ ਗੁਰੂ ਸਾਹਿਬ ਨੇ ਸਮੁੱਚੀ ਮਾਨਵਤਾ ਨੂੰ ਅਗਿਆਨ ਦੇ ਇਸ ਕੂੜ ਅੰਧਕਾਰ 'ਚੋਂ ਮੁਕਤੀ ਦਿਵਾਈ। ਭਾਵੇਂ ਹੱਥ-ਲਿਖਤਾਂ ਵਿਚਲੇ ਇਹ ਚਿੱਤਰ ਸੌਂਦਰਯ ਪੱਖੋਂ ਉੱਤਮ ਕਿਰਤਾਂ ਹਨ ਪਰ ਇਨ੍ਹਾਂ ਕਿਰਤਾਂ ਦੇ ਸੌਂਦਰਯ ਨੂੰ ਮਾਣਨ ਲਈ ਕਿਸੇ ਵਿਸ਼ਵਾਸ ਦੇ ਸਹਾਰੇ ਦੀ ਲੋੜ ਨਹੀਂ। ਇਨ੍ਹਾਂ ਚਿੱਤਰਾਂ ਵਿੱਚੋਂ ਜਨ-ਸਾਧਾਰਨ ਨੂੰ ਵੀ ਆਤਮਿਕ ਰਸ ਦੀ ਅਨੁਭੂਤੀ ਹੁੰਦੀ ਹੈ। ਉਹ ਸਾਖੀ ਵਿਚਲੀਆਂ ਕਰਾਮਾਤਾਂ ਦੇ ਮਰਮ ਦਾ ਅਨੁਭਵ ਲੈਂਦਿਆਂ ਖ਼ੁਦ ਨੂੰ ਰੂਹਾਨੀ ਪਰਿਵੇਸ਼ ਵਿਚ ਘੁੰਮਦਾ ਮਹਿਸੂਸ ਕਰਦਾ ਹੈ।

ਜਨਮ ਸਾਖੀਆਂ ਵਿਚ ਇਤਿਹਾਸਿਕ ਅਤੇ ਮਿਥਿਹਾਸਕ ਵਿਅਕਤੀਆਂ ਅਤੇ ਘਟਨਾਵਾਂ ਦਾ ਚਿਤਰਨ ਚਿੱਤਰਕਾਰਾਂ ਨੇ ਇਸ ਤਰੀਕੇ ਨਾਲ ਕੀਤਾ ਹੈ ਕਿ ਸਾਰੇ ਪਾਤਰ ਜਿਉਂਦੇ ਜਾਗਦੇ ਜ਼ਿੰਦਗੀ ਵਿਚ ਵਿੱਚਰਦੇ ਪ੍ਰਤੀਤ ਹੁੰਦੇ ਹਨ। ਚਿੱਤਰਾਂ ਵਿਚਲੀਆਂ ਦੂਸਰੀਆਂ ਆਕ੍ਰਿਤੀਆਂ/ਪਾਤਰ ਗੁਰੂ ਸਾਹਿਬ ਵੱਲ ਨਜ਼ਰ ਟਿਕਾਈ ਰੱਖਦੀਆਂ ਹਨ। ਇਹ ਆਕ੍ਰਿਤੀਆਂ ਹਿੰਦੂਆਂ, ਮੁਸਲਮਾਨਾਂ ਤੇ ਰਾਜਿਆਂ ਦੀਆਂ ਹਨ, ਜਿਨ੍ਹਾਂ ਵਿਚ ਗੁਰੂ ਸਾਹਿਬ ਉਨ੍ਹਾਂ ਨੂੰ ਸੰਬੋਧਨ/ਸਿੱਖਿਆ/ਉਪਦੇਸ਼ ਦੇ ਰਹੇ ਹੁੰਦੇ ਹਨ। ਹੱਥ-ਲਿਖਤਾਂ ਦੇ ਚਿੱਤਰਾਂ ਵਿਚ ਭਾਈ ਬਾਲੇ ਨਾਲੋਂ ਭਾਈ ਮਰਦਾਨਾ ਜੀ ਦੀ ਆਕ੍ਰਿਤੀ ਜ਼ਿਆਦਾ ਪ੍ਰਧਾਨ ਰਹੀ ਹੈ, ਜੋ ਉਦਾਸੀਆਂ ਦੌਰਾਨ ਗੁਰੂ ਸਾਹਿਬ ਦਾ ਹਮਸਫ਼ਰ ਰਿਹਾ ਹੈ। ਚਿੱਤਰਕਾਰਾਂ ਨੇ ਚਿੱਤਰਾਂ ਦੀਆਂ ਕਲਾਤਮਿਕ ਖੂਬੀਆਂ ਨੂੰ ਧਿਆਨ ਵਿਚ ਰੱਖਦਿਆਂ ਅਗਰਭੂਮੀ ਤੇ ਪਿੱਠ ਭੂਮੀ ਦਾ ਅਹਿਸਾਸ ਬੜੀ ਬਾਰੀਕਬੀਨੀ ਨਾਲ ਦਿਖਾਇਆ ਹੈ। ਦਰਸ਼ਕ ਦੀ ਸਹੂਲਤ ਵਾਸਤੇ ਚਿੱਤਰਾਂ ਨੂੰ ਸਮਝਣ ਅਤੇ ਘਟਨਾਵਾਂ ਦੀ ਸਪੱਸ਼ਟਤਾ ਲਈ ਸਾਖੀ ਦਾ ਵੇਰਵਾ ਗੁਰਮੁਖੀ ਲਿਪੀ ਵਿਚ ਲਿਖਿਆ ਹੈ, ਇਸ ਨਾਲ ਦਰਸ਼ਕ ਆਸਾਨੀ ਨਾਲ ਪੂਰੀ ਘਟਨਾ/ਕਰਾਮਾਤ ਨੂੰ ਸਮਝ ਲੈਂਦਾ ਸੀ। ਕੁਝ ਕੁ 'ਜਨਮ ਸਾਖੀਆਂ' ਸ਼ਾਹਮੁਖੀ ਵਿਚ ਵੀ ਸਚਿੱਤਰ ਮਿਲਦੀਆਂ ਹਨ।

'ਜਨਮ ਸਾਖੀ' ਚਿੱਤਰਾਂ ਵਿਚ ਲੌਕਿਕ ਅਤੇ ਪਾਰਲੌਕਿਕ ਜਗਤ ਨੂੰ ਸਿਰਜਦਿਆਂ ਚਿੱਤਰਕਾਰ ਅਯਥਾਰਥਵਾਦੀ ਹੁੰਦਾ ਹੋਇਆ ਵੀ ਗੁਰੂ ਸਾਹਿਬ ਦੀ ਆਤਮਿਕ ਸਰਬ ਸ਼ਕਤੀਮਾਨਤਾ ਨੂੰ ਦ੍ਰਿੜ੍ਹ ਕਰ ਜਾਂਦਾ ਹੈ। ਜੇ ਕਹੀਏ ਕਿ ਇਕ ਪਾਸੇ ਗੁਰੂ ਨਾਨਕ ਸਰਬ ਸ਼ਕਤੀਮਾਨ ਹਨ ਤੇ ਦੂਜੇ ਪਾਸੇ ਇਸ ਦੇ ਉਲਟ ਪਿਤਾ ਮਹਿਤਾ ਕਾਲੂ ਇਕ ਦੁਨਿਆਵੀ ਸੋਚ ਅਧੀਨ ਆਪਣੇ ਪੁੱਤਰ ਨੂੰ 'ਸੱਚਾ ਸੌਦਾ' ਕਰਨ ਲਈ ਭੇਜਦੇ ਹਨ। ਇਸੇ ਮਨੋਰਥ ਅਧੀਨ ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਬਿਠਾਉਣਾ ਵੀ ਦੁਨਿਆਵੀ ਕੰਮਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ ਹੀ ਸੀ। ਇਨ੍ਹਾਂ ਸਭ ਕਾਰਜਾਂ ਨੂੰ ਬਾਖੂਬੀ ਨਿਭਾ ਕੇ ਗੁਰੂ ਸਾਹਿਬ ਦੀ ਸਰਬ-ਸਮਰੱਥਤਾ ਹੋਰ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ।

ਸੋ ਜਨਮ ਸਾਖੀਆਂ ਪਹਿਲਾਂ ਮੌਖਿਕ ਰੂਪ ਵਿਚ ਚਲਦੀਆਂ ਰਹੀਆਂ, ਲਿਖਤੀ ਰੂਪ ਧਾਰਨ ਕਰਨ ਤਕ ਇਨ੍ਹਾਂ ਵਿਚ ਤਬਦੀਲੀ ਹੋਣਾ ਸੁਭਾਵਿਕ ਸੀ। ਸਮੁੱਚੀਆਂ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਹਿੰਦੂ ਅਤੇ ਤੁਰਕ (ਇਸਲਾਮ) ਸਮਾਜ ਦੀਆਂ ਪਰੰਪਰਾਵਾਂ ਦੇ ਸਹਿਜ ਸੁਰ ਨਾਲ ਵਿਰੋਧ ਵਿਚ ਵਿੱਚਰਦੇ ਹਨ। ਇਨ੍ਹਾਂ ਪਰੰਪਰਾਵਾਂ ਕਰਕੇ ਲਗਪਗ ਸਾਰੀਆਂ ਜਨਮ ਸਾਖੀਆਂ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਲਹਿੰਦੀ ਸ਼ਬਦਾਵਲੀ ਦਾ ਪ੍ਰਭਾਵ ਮਿਲਦਾ ਹੈ ਕਿਉਂਕਿ ਜਨਮ ਸਾਖੀਆਂ ਸਾਮੀ/ਇਸਲਾਮੀ ਪਰੰਪਰਾਵਾਂ ਤੋਂ ਪ੍ਰਤੱਖ ਰੂਪ ਵਿਚ ਪ੍ਰਭਾਵਿਤ ਹਨ। ਇਹੋ ਪ੍ਰਭਾਵ ਹੱਥ ਲਿਖਤਾਂ ਦੇ ਚਿੱਤਰਾਂ ਵਿਚ ਵਿਦਮਾਨ ਹੈ। ਇਤਿਹਾਸ ਵੱਲ ਦੇਖੀਏ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵਿਦਮਾਨ ਭਗਤੀ ਲਹਿਰ ਹਿੰਦੂ ਧਰਮ ਤੋਂ ਉਪਜਦੀ ਹੈ ਅਤੇ ਸੂਫ਼ੀ ਲਹਿਰ ਇਸਲਾਮ ਵਿੱਚੋਂ। ਬਾਅਦ ਵਿਚ ਭਗਤੀ ਅੰਦੋਲਨ ਅਤੇ ਗੁਰਮਤਿ ਵਿਚਾਰਧਾਰਾ ਪ੍ਰਸਪਰ ਚਲਦੇ ਹਨ। ਪੁਰਾਤਨ ਪੰਜਾਬੀ ਵਾਰਤਕ ਦੀ ਇਸ ਵਿਧਾ ਵਿਚ ਦੋਵੇਂ ਲਹਿਰਾਂ ਦਾ ਸਮਕਾਲੀਨ ਯੁੱਗ ਚਿਤਰਨ ਬੜੀ ਨਫ਼ਾਸਤ (ਉੱਤਮਤਾ) ਨਾਲ ਕੀਤਾ ਮਿਲਦਾ ਹੈ। ਗੁਰੂ ਸਾਹਿਬ ਦੋਨਾਂ ਹਿੰਦੂ-ਤੁਰਕ ਪਿਤਾ ਪੁਰਖੀ ਰਿਵਾਇਤਾਂ ਦਾ ਪੁਰਜ਼ੋਰ ਖੰਡਨ ਕਰਦੇ ਹਨ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਜਨਮ ਸਾਖੀਆਂ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਇਤਿਹਾਸਿਕ ਦਸਤਾਵੇਜ਼ ਨਹੀਂ ਹਨ ਪਰ ਸਾਹਿਤਕ ਪੱਖੋਂ ਇਨ੍ਹਾਂ ਦੀ ਵਾਰਤਕ ਰਸਮਈ ਹੈ, ਜੋ ਉੱਤਮ ਦਰਜੇ ਦੀ ਹੈ, ਉਹ ਰੂਹ ਨੂੰ ਤ੍ਰਿਪਤ ਕਰਦੀ ਵਿਸਮਾਦ ਦੀ ਅਵਸਥਾ ਵਿਚ ਪਹੁੰਚਾਉਂਦੀ ਹੈ। ਕਲਾਤਮਿਕ ਪੱਖ ਤੋਂ ਜਨਮ ਸਾਖੀਆਂ ਦੀ ਵਾਰਤਕ ਅਤੇ ਚਿੱਤਰ ਦੋਵੇਂ ਕਲਾ ਦੇ ਉਤਕ੍ਰਿਸ਼ਟ ਨਮੂਨੇ ਹਨ ਕਿਉਂ ਜੋ ਹੱਥ ਲਿਖਤਾਂ ਵਿਚ ਸਾਖੀ ਸਾਹਿਤ ਅਤੇ ਚਿੱਤਰਕਲਾ ਪ੍ਰਸਪਰ ਨਾਲ-ਨਾਲ ਚੱਲਦੇ, ਦੋਵੇਂ ਇਕ ਦੂਜੇ ਦੇ ਪੂਰਕ ਹਨ।

'ਜਨਮ ਸਾਖੀ' ਚਿੱਤਰ ਇਕ ਤਰ੍ਹਾਂ ਦੀਆਂ ਬਿਰਤਾਂਤਕ ਰਚਨਾਵਾਂ ਹਨ,

ਜਿਨ੍ਹਾਂ ਵਿਚ ਨਾਟਕੀਅਤਾ ਦਾ ਅੰਸ਼ ਵੀ ਪ੍ਰਬਲ ਹੈ। ਇਸੇ ਨਾਟਕੀਅਤਾ ਨਾਲ ਸਾਖੀ ਵਿੱਚੋਂ ਰਸ ਦੀ ਅਨੁਭੂਤੀ ਹੁੰਦੀ ਹੈ। ਭਾਸ਼ਾਈ ਨੁਕਤੇ ਤੋਂ ਗੱਲ ਕਰੀਏ ਤਾਂ ਜਨਮ ਸਾਖੀਆਂ ਵਿਚ ਲਹਿੰਦੀ ਪੰਜਾਬੀ, ਖੜ੍ਹੀ ਬੋਲੀ, ਗੁਜਰਾਤੀ, ਮਰਾਠੀ ਸਮੇਤ ਅਨੇਕਾਂ ਭਾਸ਼ਾਵਾਂ ਦ੍ਰਿਸ਼ਟਮਾਨ ਹੁੰਦੀਆਂ ਹਨ। ਲਿਪੀ ਘੜ ਲੈਣ ਦੇ ਮੁੱਢਲੇ ਸੰਕੇਤ ਵੀ 'ਜਨਮ ਸਾਖੀ' ਦੇ ਰਾਗੁ ਆਸਾ ਮਹਲਾ ੧ ਪਟੀ ਦੇ ਸ਼ਬਦ-

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ... ਵਿੱਚੋਂ ਮਿਲਦੇ ਹਨ।

ਛਿੱਬਰ ਦੀ ਲਿਖਤ ਵਿਚ ਦੋ-ਦੋ ਮਾਤਰਾਵਾਂ ਵਿੱਚੋਂ ਇਕ ਇਕੱਲੇ ਵਿਅੰਜਣ ਨਾਲ ਲਗਾਈਆਂ ਹਨ, ਜਿਵੇਂ ਸਿਹਾਰੀ ਨਾਲ ਟਿੱਪੀ, ਬੰਦ ਤੇ ਖੁੱਲ੍ਹੇ ਊੜੇ (ਉ, ਓ) 'ਤੇ ਹੋੜਾ, ਟਿੱਪੀ ਦੇ ਨਾਲ ਇਕ ਵਿਅੰਜਣ 'ਤੇ ਹੀ ਹੋੜਾ, ਅੱਧਾ ਸਸਾ, ਅੱਧਾ 'ਜ਼' ਆਦਿ ਵਰਤੇ ਗਏ ਹਨ। ਇਹ ਉਸ ਦੀ ਲਿਖਤ ਦੀ ਭਾਸ਼ਾ ਵਿਗਿਆਨਕ ਵਿਸ਼ੇਸ਼ਤਾ ਹੈ। ਅਜਿਹਾ ਉਸ ਨੇ ਖ਼ਾਸ ਧੁਨੀਆਂ ਦੇ ਵੱਖਰੇ ਉਚਾਰਨ ਲਈ ਕੀਤਾ ਹੈ।

ਗੁਰੂ ਸਾਹਿਬ ਦੀ ਜੀਵਨ-ਗਾਥਾ ਦੀ ਇਸ ਲਿਖਤ ਦੇ ਨਾਲ-ਨਾਲ ਚਿੱਤਰ ਬਣਾਉਣ ਉੱਤੇ ਇਸ ਲਈ ਜ਼ੋਰ ਦਿੱਤਾ ਗਿਆ ਕਿਉਂਕਿ ਜਨ-ਸਧਾਰਨ ਚਿੱਤਰ ਸ਼ਬਦਾਵਲੀ ਨੂੰ ਸਹਿਜੇ ਹੀ ਮਾਣ/ਸਮਝ ਸਕਦਾ ਸੀ। ਜਨਮ ਸਾਖੀਆਂ ਦੇ ਇਹ ਚਿੱਤਰ ਆਤਮਾ ਅਤੇ ਸਿੱਧਾਂਤ ਪੱਖੋਂ ਗੁਰਮਤਿ ਦੇ ਆਸ਼ਿਆਂ ਅਨੁਕੂਲ ਹਨ। ਹੱਥ-ਲਿਖਤ ਸਾਖੀਆਂ ਦੇ ਇਨ੍ਹਾਂ ਚਿੱਤਰਾਂ ਦਾ ਅਵਲੋਕਨ ਕਰਦਿਆਂ ਜਨ-ਸਾਧਾਰਨ ਤਾਂ ਕੀ, ਕਲਾ ਸਮੀਖਿਅਕ ਵੀ ਨਿਰਾਸ਼ ਨਹੀਂ ਹੁੰਦਾ। ਪਰ ਜੇ ਇਸਤਰੀਵਾਦ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਸਾਰੇ ਸਾਖੀ ਚਿੱਤਰਾਂ ਵਿਚ ਇਸਤਰੀ ਪਾਤਰਾਂ ਦਾ ਅਭਾਵ ਹੀ ਰਿਹਾ ਹੈ। ਕਿਸੇ ਵੀ ਚਿੱਤਰ ਵਿਚ ਗੁਰੂ ਸਾਹਿਬ ਦੀ ਭੈਣ ਬੇਬੇ ਨਾਨਕੀ, ਮਾਤਾ ਤ੍ਰਿਪਤਾ, ਮਾਤਾ ਸੁਲੱਖਣੀ, ਦਾਈ ਦੌਲਤਾਂ, ਦਾਸੀ ਤੁਲਸਾਂ ਤੇ ਹੋਰ ਬਾਂਦੀਆਂ ਦਾ ਚਿਤਰਨ ਨਹੀਂ ਜਦਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਵਾਲੀ ਗੱਲ ਆਖੀ ਸੀ। ਇਸ ਦੇ ਉਲਟ ਕੰਧ-ਚਿੱਤਰਾਂ ਵਿਚ ਚਿੱਤਰਕਾਰਾਂ ਨੇ ਇਸਤਰੀ ਦਾ ਅਭਾਵ ਨਹੀਂ ਰਹਿਣ ਦਿੱਤਾ। ਸਾਖੀ ਦੀ ਲੋੜ ਮੁਤਾਬਿਕ ਇਸਤਰੀ ਪਾਤਰਾਂ ਦਾ ਚਿਤਰਨ ਹੋਇਆ ਹੈ।

ਲਗਪਗ ਸਾਰੀਆਂ ਹੱਥ-ਲਿਖਤ ਜਨਮ ਸਾਖੀਆਂ ਦੇ ਅਧਿਐਨ ਉਪਰੰਤ ਇਹੋ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਮੁੱਚੇ ਜੀਵਨ-ਕਾਲ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਵੇਲੇ ਦੇ ਸਮਾਜ ਸੱਭਿਆਚਾਰ ਵਿਚ ਫੈਲੇ ਅੰਧ-ਵਿਸ਼ਵਾਸ, ਬ੍ਰਾਹਮਣੀ ਕਰਮ-ਕਾਂਡ, ਨਿੱਘਰਦੀ ਸਮਾਜਿਕ ਵਿਵਸਥਾ, ਜਾਤੀ ਪ੍ਰਥਾ, ਨਾਬਰਾਬਰੀ ਅਤੇ ਵਰਣ-ਵਿਤਕਰੇ ਪ੍ਰਤੀ ਚੇਤੰਨਤਾ ਜਗਾਉਂਦੇ ਨਜ਼ਰੀਂ ਪੈਂਦੇ ਹਨ। ਉਹ ਭਾਰਤੀ ਤਤਕਾਲੀਨ ਸਮਾਜ-ਸੱਭਿਆਚਾਰਕ ਪਰੰਪਰਾਵਾਂ ਉੱਪਰ ਵੀ ਡੂੰਘੀ ਚੋਟ ਮਾਰਦੇ ਹਨ। ਵੱਖ-ਵੱਖ ਦਿਸ਼ਾਵਾਂ ਵਿਚ ਕੀਤੀਆਂ ਚਾਰ ਉਦਾਸੀਆਂ ਦੇ ਚਿੱਤਰਾਂ ਨੂੰ ਜ਼ਰਾ

ਨੇੜੇ ਹੋ ਕੇ ਵਾਚੀਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਸੀਹ ਵਿਸ਼ਵੀ ਦ੍ਰਿਸ਼ਟੀਕੋਣ ਰੂਪਾਂਤਰਿਤ ਹੁੰਦਾ ਹੈ। ਚਿੱਤਰਕਾਰਾਂ ਨੇ ਸਾਖੀਆਂ ਦਾ ਨਿਭਾਅ ਅਤੇ ਸੰਯੋਜਨ ਬੜੀ ਹੀ ਬਾਰੀਕਬੀਨੀ ਅਤੇ ਪਰਿਪੱਕਤਾ ਦੇ ਨਾਲ ਕੀਤਾ ਹੈ। 'ਜਨਮ ਸਾਖੀ' ਲਿਖਾਰੀਆਂ ਨੇ ਲਿਖਤ ਜਗਤ ਦੇ ਮੁਕਾਬਲਤਨ ਚਿੱਤਰ ਜਗਤ ਨੂੰ ਬੜੀ ਸੋਚ ਸਮਝ ਕੇ ਪੇਸ਼ ਕੀਤਾ ਹੈ, ਤਾਹੀਓਂ ਤਾਂ ਚਿੱਤਰ ਵੇਖਦਿਆਂ ਹੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਬੇਰੋਕ ਉੱਮੜ ਆਉਂਦੀ ਹੈ। ਇਹੋ ਕਾਰਨ ਹੈ ਕਿ ਜਨਮ ਸਾਖੀਆਂ ਉਸ ਵੇਲੇ ਦੇ ਸਮਾਜ ਦੀ ਮਨੋਬਿਰਤੀ ਨੂੰ ਬਦਲਣ ਦੇ ਸਮਰੱਥ ਸਾਬਤ ਹੋਈਆਂ ਹਨ। ਇਹ ਹੀ ਨਹੀਂ ਜਨਮ ਸਾਖੀਆਂ ਤੇ ਉਨ੍ਹਾਂ ਵਿਚਲੇ ਚਿੱਤਰਾਂ ਦੀ ਬਿਰਤਾਂਤਕ ਚਿੱਤਰਕਾਰੀ ਨੇ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੇ ਪੈਗ਼ੰਬਰੀ ਪੈਗ਼ਾਮ ਨੂੰ ਅਸਾਨੀ ਨਾਲ ਆਮ ਲੋਕਾਂ ਤਕ ਪਹੁੰਚਾਉਣ ਅਤੇ ਗੁਰਮਤਿ/ਸਿੱਖ ਧਰਮ ਦੇ ਪ੍ਰਚਾਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸੋ ਜਨਮ ਸਾਖੀਆਂ ਦੀ ਭਾਵੇਂ ਵਾਰਤਕ ਹੋਵੇ ਜਾਂ ਸਾਖੀ ਚਿੱਤਰ, ਇਹ ਦਰਸ਼ਕ ਅੱਗੇ ਇਕ ਫਿਲਮ ਵਾਂਗ ਘੁੰਮ ਜਾਂਦੀਆਂ ਹਨ, ਜਿਸ ਦੀ ਕਲਾਤਮਿਕਤਾ/ਸੌਂਦਰਯ ਨੂੰ ਸਹਿਜੇ ਹੀ ਮਾਣਿਆ ਜਾ ਸਕਦਾ ਹੈ।

ਇਸ ਕਲਾਤਮਿਕ ਸੌਂਦਰਯ ਨੂੰ ਇਕ ਵਧੀਆ ਕਾਗਜ਼ 'ਤੇ ਚੰਗੀ ਸਿਆਹੀ, ਚੰਗੇ ਰੰਗਾਂ ਨਾਲ ਹੀ ਮਾਣਿਆ ਜਾ ਸਕਦਾ ਸੀ। ਸੋ ਇਸ ਲਈ ਹੱਥ-ਲਿਖਤਾਂ ਦੇ ਕਾਗਜ਼ ਆਪ ਹੱਥੀਂ ਬਣਾਏ ਜਾਂਦੇ ਸਨ, ਮਸ਼ੀਨੀ ਨਹੀਂ। ਕਾਗਜ਼ ਇਸ ਤਰ੍ਹਾਂ ਦਾ ਤਿਆਰ ਕੀਤਾ ਜਾਂਦਾ ਸੀ, ਜੋ ਲੰਮੀ ਉਮਰ ਦਾ ਹੰਢਣਸਾਰ ਹੋਵੇ ਕਿਉਂਕਿ ਇਨ੍ਹਾਂ ਉੱਪਰ ਨਾ ਸਿਰਫ ਅੱਖਰਕਾਰੀ ਕਰਨੀ ਹੁੰਦੀ ਸੀ ਬਲਕਿ ਹਾਸ਼ੀਏ 'ਤੇ ਫੁੱਲ-ਪੱਤਿਆਂ ਦੀ ਨੱਕਾਸ਼ੀ ਅਤੇ ਕਈ ਵਾਰ ਚਿੱਤਰ ਵੀ ਬਣਾਉਣੇ ਹੁੰਦੇ ਸਨ। ਅਮੂਮਨ ਕਾਗਜ਼ ਦੋ ਤਰ੍ਹਾਂ ਦੇ ਬਣਾਏ ਜਾਂਦੇ ਸਨ:- ਇਕ ਚਮਕੀਲਾ ਰੇਸ਼ਮੀ (Glazed) ਤੇ ਦੂਜਾ ਚਮਕ ਰਹਿਤ (Matt Finish), ਜਿਸ ਵਿਚ ਥੋੜ੍ਹੇ ਦਾਣੇ ਰੜਕਦੇ ਭਾਵ ਖੁਰਦਰਾ ਮੋਟਾ। ਚਮਕੀਲੇ ਨੂੰ ਉਸ ਵੇਲੇ ਕਸ਼ਮੀਰੀ ਅਤੇ ਬਿਨਾਂ ਚਮਕ ਵਾਲੇ ਮੋਟੇ ਖੁਰਦਰੇ ਨੂੰ ਲਾਹੌਰੀ ਕਾਗਜ਼ ਦੱਸਿਆ ਜਾਂਦਾ ਸੀ। ਕਾਗਜ਼ ਦੇ ਮੋਟਾ ਹੋ ਜਾਣ ਕਰਕੇ ਲਿਖੇ ਅੱਖਰ ਦੂਜੇ ਪਾਸੇ ਨਹੀਂ ਦਿੱਸਦੇ ਸਨ। ਇਨ੍ਹਾਂ ਕਾਗਜ਼ਾਂ ਦੇ ਹੱਥ-ਲਿਖਤ ਖਰੜੇ ਕਾਫੀ ਭਾਰੇ ਹੋ ਜਾਂਦੇ ਸਨ।

ਚਿੱਤਰਕਾਰੀ ਅਤੇ ਅੱਖਰਕਾਰੀ ਕਰਨ ਲਈ ਸਾਰੇ ਰੰਗ ਕੁਦਰਤੀ ਵਰਤੇ ਜਾਂਦੇ ਸਨ। ਇਨ੍ਹਾਂ ਰੰਗਾਂ ਨੂੰ ਆਪ ਬਣਾਉਣ ਲਈ ਬਹੁਤ ਸਮਾਂ ਲੱਗਦਾ ਸੀ। ਰੰਗਾਂ ਨੂੰ ਤਿਆਰ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਫੁੱਲ, ਪੱਤੀਆਂ, ਸੰਧੂਰ, ਨੀਲ, ਨੀਲਾ ਥੋਥਾ, ਕੇਸਰ, ਕੱਜਲ, ਚੂਨਾ, ਪੀਲੀ ਮਿੱਟੀ, ਲਾਖ ਆਦਿ ਵਰਤੀ ਜਾਂਦੀ ਸੀ। ਪੱਕੀ ਇੱਟ ਨੂੰ ਘਸਾ ਕੇ ਵੀ ਰੰਗ ਤਿਆਰ ਕਰ ਲਿਆ ਜਾਂਦਾ ਸੀ। ਸੁਨਹਿਰੇ ਅੱਖਰ ਲਿਖਣ ਲਈ ਸੋਨੇ ਅਤੇ ਤਾਂਬੇ ਰੰਗ ਲਈ ਤਾਂਬੇ ਦੀ ਵੀ ਵਰਤੋਂ ਕੀਤੀ ਜਾਂਦੀ ਸੀ। ਇਹ ਸਾਰੇ

ਰੰਗ ਪਾਣੀ ਨਾਲ ਘੋਲ ਕੇ ਹੀ ਵਰਤੇ ਜਾਂਦੇ ਸਨ। ਲਿਖਣ ਵਿਚ ਗਲਤੀ ਹੋ ਜਾਣ 'ਤੇ ਹੜਤਾਲ ਫੇਰ ਲਈ ਜਾਂਦੀ ਸੀ। ਚਿੱਤਰ ਬਣਾਉਣ ਲਈ ਵਰਤਿਆ ਜਾਂਦਾ ਹਰ ਰੰਗ ਕਿਸੇ ਨਾ ਕਿਸੇ ਰਸ ਦਾ ਬੌਧਕ ਹੁੰਦਾ ਹੈ। ਰੰਗਾਂ ਦੀ ਸੁਚੱਜੀ ਚੋਣ ਹੀ ਦਰਸ਼ਕ ਨੂੰ ਚਿੱਤਰ ਵਿੱਚੋਂ ਸੁਹਜ ਦੀ ਅਨੁਭੂਤੀ ਕਰਾਉਂਦੀ ਹੈ।

'ਜਨਮ ਸਾਖੀ' ਦਾ ਮੂਲ ਪਾਠ ਅਮੂਮਨ ਕਾਲੀ ਸਿਆਹੀ ਨਾਲ ਹੀ ਲਿਖਿਆ ਹੁੰਦਾ ਸੀ। ਲਾਲ ਰੰਗ ਮੁੱਖ ਅੱਖਰ ਨੂੰ ਉੱਭਾਰਣ ਲਈ ਜਾਂ ਫਿਰ ਹਾਸ਼ੀਏ 'ਤੇ ਵੇਲ-ਬੂਟੀਆਂ ਨਾਲ ਅਲੰਕ੍ਰਿਤ ਕਰਨ ਲਈ ਵਰਤਿਆ ਜਾਂਦਾ ਸੀ। ਕਾਲੀ ਸਿਆਹੀ ਅਜਿਹੀ ਹੁੰਦੀ ਸੀ, ਜਿਸ ਨਾਲ ਅੱਖਰ ਪੂਰੇ ਕਾਲੇ ਚਮਕਦਾਰ ਤਾਂ ਹੋਣ ਪਰ ਕਾਗਜ਼ ਦੇ ਦੂਜੇ ਪਾਸੇ ਨਾ ਦਿੱਸਣ। ਲਿਖਾਰੀਆਂ ਨੂੰ ਮੁਹਤਾਤ ਰਹਿਣਾ ਪੈਂਦਾ ਸੀ ਕਿ ਸਿਆਹੀ ਏਨੀ ਪਤਲੀ ਨਾ ਹੋਵੇ ਕਿ ਕਾਗਜ਼ ਉੱਪਰ ਫੈਲ ਜਾਵੇ, ਏਨੀ ਗਾੜ੍ਹੀ ਵੀ ਨਾ ਹੋਵੇ ਕਿ ਉਸ ਦੀ ਪੱਪੜੀ ਬਣੇ ਤੇ ਸਮਾਂ ਪਾ ਕੇ ਉੱਖੜ ਜਾਵੇ। ਇਸ ਤਰ੍ਹਾਂ ਸਿਆਹੀ ਦਾ ਬਹੁਤ ਧਿਆਨ ਰੱਖਿਆ ਜਾਂਦਾ ਸੀ। ਹੱਥ-ਲਿਖਤ ਵਾਚਦਿਆਂ ਦੋ ਤਰ੍ਹਾਂ ਦੀ ਵਰਤੀ ਗਈ ਸਿਆਹੀ ਦਾ ਝੱਟ ਪਤਾ ਲੱਗ ਜਾਂਦਾ ਹੈ।

ਚੰਗੀ ਸਿਆਹੀ ਅਤੇ ਚੰਗੀ ਕਲਮ ਜਾਂ ਕਾਨੀ ਨਾਲ ਹੀ ਵਧੀਆ ਅੱਖਰਕਾਰੀ ਹੋ ਸਕਦੀ ਸੀ। ਇਹ ਕਲਮ ਉਜਾੜਾਂ ਵਿੱਚ ਉੱਗੇ ਸਰਕੜਿਆਂ ਜਾਂ ਕਾਹੀ ਤੋਂ ਅੱਠ ਤੋਂ ਦਸ ਇੰਚ ਦਾ ਨਰੋਆ ਕਾਨਾ ਲੈ ਕੇ ਬਣਾਈ ਜਾਂਦੀ ਸੀ। ਕਾਨੇ ਦੇ ਮੂੰਹ ਨੂੰ ਅੱਗਿਓਂ ਤਿੱਖੀ ਕਰਦ ਜਾਂ ਕੋਈ ਤਿੱਖੀ ਪੱਤਰੀ ਨਾਲ ਕਲਮ ਘੜ ਲਈ ਜਾਂਦੀ ਸੀ। ਪੱਕੇ ਕਾਨੇ ਜਾਂ ਪਤਲੇ ਬਾਂਸ ਦੀ ਨੋਕ ਪੱਕੀ ਹੋ ਕੇ ਭਾਵੇਂ ਘੱਟ ਲਿਫਦੀ ਸੀ ਪਰ ਉਸ ਨੂੰ ਸਿਆਹੀ ਦੇ ਟੋਬਿਆਂ ਦੀ ਲੋੜ ਜ਼ਿਆਦਾ ਪੈਂਦੀ ਸੀ। ਇਸ ਦੇ ਮੁਕਾਬਲੇ ਕੱਚੇ ਕਾਨੇ ਦੀ ਨੋਕ ਥੋੜ੍ਹੀ ਲਿਫ ਜਾਂਦੀ ਸੀ। ਨੋਕ ਦੇ ਅੰਦਰਵਾਰ ਕਾਨੇ ਦਾ ਕੱਚਾ ਗੁੱਦਾ ਰੂੰ ਵਾਂਗ ਸਿਆਹੀ ਚੂਸ ਲੈਂਦਾ ਸੀ, ਜਿਸ ਨਾਲ ਟੋਬੇ ਘੱਟ ਲੈਣੇ ਪੈਂਦੇ ਸਨ। ਵੱਖੋ-ਵੱਖਰੇ ਰੰਗਾਂ ਲਈ ਵੱਖਰੀ ਕਾਨੀ/ਕਲਮ ਰੱਖੀ ਹੁੰਦੀ ਸੀ ਤਾਂ ਜੋ ਰੰਗ ਨਾ ਬਦਲ ਜਾਣ। ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਕਲਮ ਦਾ ਜ਼ਿਕਰ ਕਰਦੇ ਫੁਰਮਾਉਂਦੇ ਹਨ:

ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩)

ਕਲਮ ਹੀ ਨਹੀਂ, ਜਿੱਥੇ ਬੈਠ ਕੇ ਲਿਖਿਆ ਜਾਂਦਾ ਸੀ, ਉਸ ਦੀ ਬਹੁਤ ਮਹਾਨਤਾ ਸੀ। ਜਿਸ ਕਲਮ ਨਾਲ ਗੁਰ ਇਤਿਹਾਸ ਜਾਂ ਬਾਣੀ ਲਿਖੀ ਜਾਂਦੀ ਸੀ, ਉਸ ਦੀ ਵੀ ਬੜੀ ਇੱਜ਼ਤ ਕੀਤੀ ਜਾਂਦੀ ਸੀ। ਸ੍ਰੀ ਅੰਮ੍ਰਿਤਸਰ ਦਾ ਗੁਰ ਅਸਥਾਨ ਰਾਮਸਰ ਸਾਹਿਬ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਹੱਥਾਂ ਨਾਲ 'ਆਦਿ ਗ੍ਰੰਥ' (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਵਾਇਆ। ਇਹ ਹੀ ਨਹੀਂ

ਤਲਵੰਡੀ ਸਾਬੋ ਦਾ ਗੁਰ ਅਸਥਾਨ ਲਿਖਣਸਰ ਸਾਹਿਬ ਇਸ ਦੀ ਗਵਾਹੀ ਦਿੰਦਾ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਨੇ ਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖੀਆਂ। ਇਤਿਹਾਸ ਦੱਸਦਾ ਹੈ ਕਿ ਬੀੜਾਂ ਦਾ ਕਾਰਜ ਸੰਪੂਰਨ ਹੋਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਸਿਆਹੀ ਅਤੇ ਕਲਮਾਂ ਜਿਨ੍ਹਾਂ ਨਾਲ ਅੱਖਰਕਾਰੀ ਕੀਤੀ ਸੀ, ਨੂੰ ਤਲਾਅ ਵਿਚ ਸੁੱਟ ਦਿੱਤਾ, ਜਿਸ ਦੇ ਕਿਨਾਰੇ ਬੈਠ ਕੇ ਲਿਖਣ ਕਾਰਜ ਚਲਦਾ ਸੀ। ਗੁਰੂ ਸਾਹਿਬਾਂ ਵਰ ਦਿੱਤਾ ਕਿ ਜੋ ਵੀ ਇੱਥੇ ਆ ਕੇ ਗੁਰਮੁਖੀ ਦੇ ਪੈਂਤੀ ਅੱਖਰ ਲਿਖੇਗਾ, ਉਹ ਤੀਖਣ ਬੁੱਧੀ ਵਾਲਾ ਹੋਵੇਗਾ। ਇਸ ਅਸਥਾਨ ਨੂੰ 'ਗੁਰੂ ਕੀ ਕਾਸ਼ੀ' ਆਖਿਆ। ਸੋ ਲਿਖਾਰੀ ਨੇ ਕਾਗਦੁ 'ਤੇ ਸਚੀ ਟਕਸਾਲ ਦੇ ਸਬਦੁ ਘੜਨੇ ਸਨ, ਜੋ ਧੁਰਿ ਤੋਂ ਆਏ ਸਨ, ਨੂੰ ਚੱਤੇ ਪਹਿਰ ਸਿਜਦਾ ਹੋਣਾ ਸੀ, ਲਈ ਚੰਗੀ ਲਿਖਤ ਤੇ ਚੰਗੀ ਕਲਮ ਦਾ ਹੋਣਾ ਜ਼ਰੂਰੀ ਸੀ।

ਚੰਗੀ ਕਲਮ ਵੀ ਆਪਣੀ ਚੰਗਿਆਈ ਦੇ ਜੌਹਰ ਤਾਂ ਹੀ ਦਿਖਾਏਗੀ ਜੇਕਰ ਚੰਗੀ ਸਿਆਹੀ ਹੋਵੇਗੀ। ਸਿਆਹੀ ਬਣਾਉਣ ਲਈ ਲਿਖਾਰੀ ਕਈ ਦਿਨ ਲਗਾ ਦਿੰਦੇ ਸਨ। ਉਹ ਗੁਣਵੱਤਾ ਨਾਲ ਸਮਝੌਂਤਾ ਨਹੀਂ ਕਰਦੇ ਸਨ। ਪੁਰਾਤਨ ਲਿਖਾਰੀਆਂ ਨੇ ਕਈ ਵਾਰ ਹੱਥ-ਲਿਖਤ ਬੀੜ ਦੇ ਸਮਾਪਨ ਤੋਂ ਬਾਅਦ ਸਿਆਹੀ ਬਣਾਉਣ ਦੀ ਤਰਕੀਬ ਵੀ ਲਿਖੀ ਹੁੰਦੀ ਸੀ, ਜਿਸ ਨਾਲ ਉਸ ਨੇ ਉਸ ਹੱਥ-ਲਿਖਤ ਨੂੰ ਪੂਰਿਆਂ ਕੀਤਾ ਹੁੰਦਾ ਸੀ। ਸਿਆਹੀ ਬਣਾਉਣਾ ਕੋਈ ਸੌਖਾ ਕੰਮ ਨਹੀਂ। ਇਸ ਵਿਚ ਬੜੇ ਤਹੱਮਲ (ਧੀਰਜ) ਦੀ ਜ਼ਰੂਰਤ ਹੈ, ਕਿਉਂ ਜੋ ਚੰਗੀ ਸਿਆਹੀ ਨਾਲ ਹੀ ਚੰਗੀ ਲਿਖਤ ਲਿਖੀ ਜਾ ਸਕਦੀ ਹੈ। ਸਿਆਹੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਵਿਚ ਫੁਰਮਾਉਂਦੇ ਹਨ:

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)

ਹੱਥ-ਲਿਖਤ 'ਜਨਮ ਸਾਖੀ' ਹੋਵੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਮਾਹਿਰ ਲਿਖਾਰੀ ਹੀ ਲਿਖਦੇ ਸਨ। ਹੱਥ-ਲਿਖਤ ਨੂੰ ਸ਼ੁਰੂ ਕਰਦਿਆਂ ਮੰਗਲਾਚਰਨ ਵਿਚ ੧ਓ ਚਿਤਰਦੇ ਸਨ। ਮੁਹਾਰਤ ਰੱਖਣ ਵਾਲੇ ਲਿਖਾਰੀਆਂ ਨੂੰ ਚੰਗਾ ਮਿਹਨਤਾਨਾ ਵੀ ਦਿੱਤਾ ਜਾਂਦਾ ਸੀ। ਰੜੇ ਮੁਹੱਲੇ ਲਾਹੌਰ ਦੇ ਕਸਬੀ ਲਿਖਾਰੀ ਆਤਮਾ ਸਿੰਘ ਸੂਦ ਨੂੰ ਇਕ 'ਜਨਮ ਸਾਖੀ' ਲਿਖਣ ਦੇ ਇਵਜ਼ ਵਿਚ ਉਸ ਵੇਲੇ ੩੩੦ ਰੁਪਏ ਭੇਟਾ ਦਿੱਤੀ ਗਈ ਸੀ, ਜਿਸ ਦਾ ਜ਼ਿਕਰ ਉਹ ਆਪ ਸਾਖੀ ਦੇ ਅੰਤ ਵਿਚ ਕਰਦਾ ਹੈ। ਇਸੇ ਤਰ੍ਹਾਂ ਰੜੇ ਮੁਹੱਲੇ ਲਾਹੌਰ ਦਾ ਇਕ ਹੋਰ ਮਾਹਿਰ ਲਿਖਾਰੀ ਗੋਰਖਦਾਸ ਵੀ ਲਿਖਤੀ ਰੂਪ ਵਿਚ ਖ਼ੁਦ ਕਬੂਲਦਾ ਹੈ ਕਿ ਉਸ ਨੂੰ ਖਜ਼ਾਨੇ ਵਿੱਚੋਂ ਮੋਟੀ ਰਕਮ ਵੀ ਮਿਲ ਗਈ ਤੇ ਖ਼ਾਸ ਜਗੀਰਾਂ ਵੀ ਮਿਲ ਗਈਆਂ ਜਦਕਿ ਉਸ ਦਾ ਖ਼ਰਚ ਕੁਝ ਨਹੀਂ

ਹੋਇਆ। ਗੋਰਖਦਾਸ ਵੇਲੇ ਭਾਈ ਬਾਲੇ ਵਾਲੀ ਸਾਖੀ ਦੇ ਅਨੇਕਾਂ ਉਤਾਰੇ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਭਾਈ ਮਨੀ ਸਿੰਘ ਜੀ ਨੇ ਵੀ 'ਜਨਮ ਸਾਖੀ' ਲਿਖੀ। ਇਸ ਕਾਲ ਵਿਚ ਵੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਬੀੜਾਂ ਦੇ ਹੱਥ-ਲਿਖਤ ਉਤਾਰੇ ਹੁੰਦੇ ਰਹੇ। 'ਨਾਨਕ ਪ੍ਰਕਾਸ਼', 'ਮਹਿਮਾ ਪ੍ਰਕਾਸ਼', 'ਗਿਆਨ ਰਤਨਾਵਲੀ' ਆਦਿ ਹੋਰਨਾਂ ਪੋਥੀਆਂ ਦੇ ਉਤਾਰਿਆਂ ਤੋਂ ਲੈ ਕੇ ਪੱਥਰ ਛਾਪਾ ਸ਼ੁਰੂ ਹੋਣ ਤੱਕ ਹੱਥ-ਲਿਖਤ ਖਰੜਿਆਂ ਦਾ ਕੰਮ ਬਾਦਸਤੂਰ ਜਾਰੀ ਰਿਹਾ। ਹੌਲੀ-ਹੌਲੀ ਹੱਥ ਨਾਲ ਖਰੜੇ ਲਿਖਣ ਦੀ ਕਲਾ ਦਾ ਪਤਨ ਹੋ ਗਿਆ। ਮਸ਼ੀਨੀਕਰਨ ਦਾ ਇਹ ਫਾਇਦਾ ਜ਼ਰੂਰ ਹੋਇਆ ਕਿ ਛਪਣ ਗਿਣਤੀ ਵਧਣ ਕਰਕੇ ਪ੍ਰਤੀਆਂ ਕਾਫੀ ਘੱਟ ਮੁੱਲ 'ਤੇ ਆਮ ਲੋਕਾਂ ਤਕ ਅੱਪੜਣ ਲੱਗ ਪਈਆਂ। ਇਸ ਨਾਲ ਗੁਰਮਤਿ ਵਿਚਾਰਧਾਰਾ ਨੂੰ ਫਰੋਗ (ਪ੍ਰਸਿੱਧੀ) ਮਿਲੀ।

ਸੋ ਹੱਥ-ਲਿਖਤ 'ਜਨਮ ਸਾਖੀ' ਖਰੜਿਆਂ ਦਾ ਚਿੱਤਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਨੂੰ ਚਿੱਤਰਾਂ ਵਿਚ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਦਰਸ਼ਕ/ਪਾਠਕ ਭਾਵੇਂ ਪੂਰੀ 'ਜਨਮ ਸਾਖੀ' ਪੜ੍ਹੇ ਜਾਂ ਨਾ ਪੜ੍ਹੇ ਪਰੰਤੂ ਚਿੱਤਰ ਵੇਖ/ਮਾਣ ਕੇ ਸਾਖੀ ਸਮਝ ਲੈਂਦਾ ਹੈ, ਜੋ ਚਿੱਤਰਕਾਰ ਦਾ ਹਾਸਲ ਹੈ। ਕੁੱਲ ਮਿਲਾ ਕੇ ਕਹੀਏ ਤਾਂ ਗੁਰੂ ਸਾਹਿਬ ਦੀਆਂ ਸਾ.ਰੀਆਂ ਜਨਮ ਸਾਖੀਆਂ ਦੇ ਚਿੱਤਰਾਂ ਨੂੰ ਵਾਚਣ ਅਤੇ ਬਾਣੀ ਪੜ੍ਹਨ ਉਪਰੰਤ ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਅਤੇ ਸਿੱਖਿਆਵਾਂ ਉੱਪਰ ਵਿਚਾਰ ਕਰ ਕੇ ਸਾਡੇ ਸਾਹਮਣੇ ਇੱਕ ਅਗੰਮੀ ਸ਼ਖ਼ਸੀਅਤ ਉੱਕਰ ਜਾਂਦੀ ਹੈ, ਜੋ ਗੌਰਵਤਾ, ਨਿਮਰਤਾ, ਪਿਆਰ, ਸ਼ਾਂਤੀ, ਏਕਤਾ, ਰੂਹਾਨੀ ਚਾਨਣ, ਦ੍ਰਿੜ੍ਹਤਾ ਅਤੇ ਸੱਚਾਈ ਵਰਗੇ ਉੱਤਮ ਗੁਣਾਂ ਦਾ ਨਿਚੋੜ ਹੈ। ■

ਸੇਵਾ ***ਪੰਨਾ ੪੪ ਦਾ ਬਾਕੀ***

ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਵਿੱਚ ਸੇਵਾ ਦੇ ਸੰਕਲਪ ਦਾ ਅਜਿਹਾ ਬੀਜ ਬੀਜਿਆ, ਕਿ ਅੱਜ ਤਕ ਲਗਾਤਾਰ ਫੁੱਲ, ਫਲ ਤੇ ਸੁਗੰਧੀ ਦੇ ਰਿਹਾ ਹੈ ਅਤੇ ਰਹਿੰਦੀ ਦੁਨੀਆ ਤਕ ਦਿੰਦਾ ਰਹੇਗਾ। ਗੁਰਮਤਿ ਅਨੁਸਾਰ ਸੇਵਾ ਦਾ ਸੰਕਲਪ ਅਜਿਹਾ ਸੰਕਲਪ ਹੈ, ਕਿ ਸੇਵਾ ਕਰਨ ਲੱਗਿਆਂ ਇਹ ਨਹੀਂ ਵੇਖਿਆ ਜਾਂਦਾ, ਕਿ ਸੇਵਾ ਕਿਸ ਦੀ ਕੀਤੀ ਜਾ ਰਹੀ ਹੈ। ਭਾਵ ਜਿਸ ਦੀ ਸੇਵਾ ਕੀਤੀ ਜਾ ਰਹੀ ਹੈ, ਉਹ ਕਿਹੜੇ ਧਰਮ, ਰੰਗ-ਰੂਪ, ਨਸਲ-ਭੇਦ, ਜਾਤ ਜਾਂ ਖੇਤਰ ਦਾ ਹੈ। ਹਰ ਇੱਕ ਪ੍ਰਾਣੀ ਮਾਤਰ (ਲੋੜਵੰਦ) ਦੀ ਸੇਵਾ ਕਰਨ ਦਾ ਸਿਧਾਂਤ ਸਿੱਖ ਮਤ ਵਿਚ ਪ੍ਰਚਲਿਤ ਹੈ, ਉਹ ਚਾਹੇ ਕਿਸੇ ਵੀ ਧਰਮ, ਮਜ਼ਹਬ, ਖਿੱਤੇ, ਰੰਗ, ਜਾਤ ਆਦਿ ਦਾ ਹੋਵੇ। ਇੱਕ ਸਮਾਨ ਸੇਵਾ ਕੀਤੀ ਜਾਂਦੀ ਹੈ।

■

ਬਹੁਪੱਖੀ ਸ਼ਖ਼ਸੀਅਤ: ਗਿਆਨੀ ਸੋਹਣ ਸਿੰਘ ਸੀਤਲ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਮਾਨਸ ਜਨਮ ਨੂੰ ਦੁਰਲੱਭ ਕਹਿ ਕੇ ਵਡਿਆਇਆ ਅਤੇ ਸਲਾਹਿਆ ਗਿਆ ਹੈ। ਗੁਰਬਾਣੀ ਦੇ ਨਿਰਣੇ ਮੁਤਾਬਕ ਇਸ ਜਨਮ ਦੀ ਦੁਰਲੱਭਤਾ ਕਾਰਨ ਹੀ ਇਸ ਦੀ ਪ੍ਰਾਪਤੀ ਲਈ ਦੇਵੀ-ਦੇਵਤੇ ਅਤੇ ਰਿਸ਼ੀ-ਮੁਨੀ ਵੀ ਤਰਸਦੇ ਰਹਿੰਦੇ ਹਨ। ਪਰ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਜੋ ਇਸ ਜਨਮ ਦੀ ਕਦਰ ਨਾ ਕਰਦੇ ਹੋਏ ਇਸ ਦਾ ਭਰਪੂਰ ਲਾਹਾ ਨਹੀਂ ਲੈਂਦੇ। ਆਪਣੇ ਪਰਵਾਰਿਕ ਅਤੇ ਸੰਸਾਰਿਕ ਝਮੇਲਿਆਂ ਵਿਚ ਉਲਝ ਕੇ ਉਹ ਆਪਣੇ ਜੀਵਨ ਦੇ ਬੇਸ਼ਕੀਮਤੀ ਪਲਾਂ ਨੂੰ ਅਜਾਂਈਂ ਹੀ ਗੁਆ ਦਿੰਦੇ ਹਨ। ਇਸ ਤਰ੍ਹਾਂ ਗੁਆਏ ਹੋਏ ਪਲ ਬਦਕਿਸਮਤੀ ਦੇ ਖਾਤੇ ਵਿਚ ਜਮ੍ਹਾ ਹੋ ਜਾਂਦੇ ਹਨ ਅਤੇ ਮਨੁੱਖ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਦੁਨੀਆ ਤੋਂ ਰੁਖ਼ਸਤ ਹੋ ਜਾਂਦਾ ਹੈ। ਮਨੁੱਖੀ ਜਨਮ ਦੀ ਮੁੜ ਪ੍ਰਾਪਤੀ ਨਾ ਹੋਣ ਕਰਕੇ ਹੀ ਭਗਤ ਕਬੀਰ ਜੀ ਜੀਵ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)

ਇਨ੍ਹਾਂ ਸਤਰਾਂ ਦੀ ਰੋਸ਼ਨੀ ਵਿਚ ਜੇਕਰ ਦੇਖਿਆ ਜਾਵੇ ਤਾਂ ਇਨਸਾਨੀ ਜ਼ਿੰਦਗੀ ਦਾ ਮਨੋਰਥ ਕੇਵਲ ਖਾਣ-ਪੀਣ ਅਤੇ ਐਸ਼ ਕਰਨ ਤਕ ਹੀ ਸੀਮਤ ਨਹੀਂ ਰਹਿ ਜਾਂਦਾ ਸਗੋਂ ਇਸ ਦਾ ਇੱਕ ਉੱਚਾ ਅਤੇ ਸੁੱਚਾ ਮਨੋਰਥ ਖ਼ਲਕਤ ਦੀ ਸੇਵਾ ਕਰਨਾ ਵੀ ਹੁੰਦਾ ਹੈ। ਇਸ ਮਨੋਰਥ ਨੂੰ ਤਸਦੀਕ ਕਰਦੇ ਹੋਏ ਗੁਰੂ ਸਾਹਿਬ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੪)

ਇਸੇ ਤਰ੍ਹਾਂ ਹੀ ਆਪਣਾ ਆਪ ਗੁਆ (ਸਖਤ ਮਿਹਨਤ ਕਰ ਕੇ) ਕੇ ਲੋਕਾਈ ਦਾ ਪਿਆਰ ਤੇ ਸਤਿਕਾਰ ਹਾਸਲ ਕਰਨ ਵਾਲਿਆਂ ਵਿਚ ਸ਼ਾਮਲ ਹੈ ਪੰਥਕ-ਢਾਡੀ ਅਤੇ ਉੱਚ-ਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ। ਇਹ ਪਿਆਰ ਅਤੇ ਸਤਿਕਾਰ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਦਾ ਵਡਮੁੱਲਾ ਸਰਮਾਇਆ ਹੁੰਦਾ ਹੈ ਜਿਸ ਨੂੰ

* *#੧੩੪੮/੧੭/੧ ਗਲੀ ਨੰ:੮, ਰਿਸ਼ੀ ਨਗਰ ਐਕਸਟੈਨਸ਼ਨ, ਲੁਧਿਆਣਾ-੧੪੧੦੦੧; ਮੋ. ੯੪੬੩੧੩੨੭੧੯*

ਹਾਸਲ ਕਰਨ ਲਈ ਉਸ ਵਿਅਕਤੀ ਨੂੰ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ। ਗਿਆਨੀ ਸੋਹਣ ਸਿੰਘ ਸੀਤਲ ਨੂੰ ਵੀ ਆਮ ਤੋਂ ਖਾਸ ਵਿਅਕਤੀ ਦਾ ਸਫ਼ਰ ਤੈਅ ਕਰਨ ਲਈ ਇੱਕ ਲੰਮੀ ਅਤੇ ਅਣਥੱਕ ਘਾਲਣਾ ਘਾਲਣੀ ਪਈ ਹੈ। ਬਹੁਪੱਖੀ ਸ਼ਖ਼ਸੀਅਤ (ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲਕਾਰ, ਨਾਟਕਕਾਰ ਅਤੇ ਇੱਕ ਖੋਜੀ ਇਤਿਹਾਸਕਾਰ) ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ ੭ ਅਗਸਤ, ੧੯੦੯ ਈ. ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਸ. ਖੁਸ਼ਹਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਜੀ ਦੇ ਮਨ ਵਿਚ ਇੱਕ ਤੀਬਰ ਤਾਂਘ ਸੀ, ਪਰ ਉਸ ਸਮੇਂ ਸੰਸਥਾਗਤ ਵਿੱਦਿਆ (ਖਾਸ ਕਰਕੇ ਪਿੰਡਾਂ 'ਚ) ਦੀ ਕਾਫੀ ਘਾਟ ਸੀ। ਇਸ ਘਾਟ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਜੀ ਨੇ ਆਪਣੇ ਪਿੰਡ ਦੇ ਸਾਧੂ/ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁਖੀ ਵਰਨਾਂ ਦੀ ਪਹਿਚਾਣ ਕਰਨੀ ਸਿੱਖ ਲਈ। ਇਸ ਪਹਿਚਾਣ ਨੇ ਉਨ੍ਹਾਂ ਦੇ ਹੌਂਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁਝ ਵਡੇਰੀ (੧੪ ਸਾਲ ਦੀ) ਉਮਰ ਦਾ ਹੋ ਜਾਣ ਦੇ ਬਾਵਜੂਦ ਵੀ ਗੁਆਂਢੀ ਪਿੰਡ 'ਵਰਨ' ਦੀ ਪਾਠਸ਼ਾਲਾ ਵਿਚ ਦਾਖ਼ਲ ਹੋ ਗਏ। ਪੜ੍ਹਾਈ ਵਿਚ ਉਨ੍ਹਾਂ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਵੱਲੋਂ ਉਨ੍ਹਾਂ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਇ ਛਿਮਾਹੀਆਂ ਵਿਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਸੀਤਲ ਜੀ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿਚ ਰਹਿ ਕੇ ਪਾਸ ਕਰ ਲਈ। ਉਸ ਸਮੇਂ ਮੈਟ੍ਰਿਕ ਵਿਚ ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।

ਇਸ ਸਿੱਖਿਆ ਪ੍ਰਾਪਤੀ ਦੇ ਦੌਰ (ਅੱਠਵੀਂ ਜਮਾਤ ਵਿਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਵੱਲੋਂ ਉਨ੍ਹਾਂ ਨੂੰ ਸਮਾਜਿਕ/ਪਰਵਾਰਿਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਨ੍ਹਾਂ ਦਾ ਵਿਆਹ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸ. ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਜੀ ਨੂੰ ਆਪਣੇ ਘਰ-ਪਰਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵੱਧ ਜਾਣ ਕਾਰਨ ਉਨ੍ਹਾਂ ਦਾ ਪੜ੍ਹਾਈ ਵਿਚਲਾ ਧਿਆਨ ਕੁਝ ਪਿੱਛੇ ਪੈਣ ਲੱਗ ਪਿਆ। ਜਿਸ ਕਾਰਨ ਉਹ ਉਚੇਰੀ ਵਿੱਦਿਆ ਦੇ ਤੌਰ 'ਤੇ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕੇ।

ਗਿਆਨੀ ਸੋਹਣ ਸਿੰਘ ਸੀਤਲ ਕੁਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀ-ਬਾੜੀ ਨਾਲ ਵੀ ਜੁੜੇ ਰਹੇ। ਇਸ ਕਿੱਤੇ ਨੂੰ ਕਰਦਿਆਂ ਹੀ ਉਨ੍ਹਾਂ ਦੇ ਅੰਦਰ ਕੁਝ ਵੱਖਰਾ ਕਰ ਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ। ਜੋਬਨ ਉੱਤੇ ਆਈ ਉਨ੍ਹਾਂ ਦੀ

ਇਸ ਇੱਛਾ ਨੇ ਇੱਕ ਦਿਨ ਉਨ੍ਹਾਂ ਨੂੰ 'ਢਾਡੀ ਕਲਾ' ਵੱਲ ਨੂੰ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਨ੍ਹਾਂ ਨੇ ਆਪਣਿਆਂ ਸਾਥੀਆਂ-ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਤੋਂ ਚੰਗੀ ਤਰ੍ਹਾਂ ਗਿਆਤ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿਚ ਆਪਣੀ ਹਾਜ਼ਰੀ ਭਰਨ ਲੱਗ ਪਿਆ। ਉਸ ਵਕਤ ਢਾਡੀ ਕਲਾ ਦੇ ਖੇਤਰ ਵਿਚ- ਸੋਹਣ ਸਿੰਘ ਘੁੱਕੇਵਾਲੀਆ, ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਭੀਲਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿਚ ਵਿਚਰ ਰਹੇ ਸਨ। ਸਿੱਖ ਸੰਗਤ ਵਿਚ ਇਨ੍ਹਾਂ ਜਥਿਆਂ ਦੀ ਚੰਗੀ ਭਲ ਸੀ। ਸ੍ਰੋਤਿਆਂ/ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿਚ ਕਰ ਦਿਖਾਇਆ। ਇਸ ਚਮਤਕਾਰ ਦੇ ਕਾਰਨਾਂ ਵਿਚ ਸੀਤਲ ਜੀ ਦਾ ਵਧੇਰੇ ਤਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ। ਦੇਸ਼-ਵਿਦੇਸ਼ ਵਿਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿਚ ਬਦਲ ਗਈ। ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲਗਪਗ ਛੇ ਦਹਾਕਿਆਂ ਤਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਤੇ ਲੋਕਾਂ ਨੂੰ ਆਪਣੇ ਵਿਰਸੇ ਤੇ ਇਤਿਹਾਸ ਤੋਂ ਵਾਕਿਫ਼ ਕਰਵਾਇਆ।

ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇਕ ਤੂਫ਼ਾਨੀ ਅਵਸਥਾ ਮੰਨਿਆ ਹੈ। ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ। ਇਸ ਕਲਮ ਨੇ ਸੀਤਲ ਜੀ ਦੀਆਂ ਭਾਵਨਾਵਾਂ ਨੂੰ ਕਵਿਤਾ ਵਿਚ ਪਰੋ ਦਿੱਤਾ। ਉਨ੍ਹਾਂ ਦੀ ਪਹਿਲੀ ਕਵਿਤਾ ੧੯੨੪ ਈ. ਨੂੰ 'ਅਕਾਲੀ' ਅਖਬਾਰ ਵਿਚ ਛਪ ਗਈ। ਇਸ ਕਵਿਤਾ ਦੇ ਨਾਲ ਹੀ ਸੀਤਲ ਜੀ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਨ੍ਹਾਂ ਨੇ ਇੱਕ ਕਾਵਿ ਸੰਗ੍ਰਹਿ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਦਿੱਤਾ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁਝ ਕਹਾਣੀਆਂ ਵੀ ਲਿਖੀਆਂ, ਜਿਨ੍ਹਾਂ ਵਿਚ 'ਕਦਰਾਂ ਬਦਲ ਗਈਆਂ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇਂ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਨ੍ਹਾਂ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਦੇ ਤੌਰ 'ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਨ੍ਹਾਂ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜਨਾਂ ਦੇ ਕਰੀਬ ਬਣਦੀ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ

ਦੇ ਤੌਰ 'ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕਰੁਣਾਮਈ ਢੰਗ ਨਾਲ ਬਿਆਨ ਕਰਦਾ ਹੈ। 'ਜੁੱਗ ਬਦਲ ਗਿਆ' ਸੀਤਲ ਜੀ ਦਾ ਇੱਕ ਹੋਰ ਚਰਿਚਤ ਨਾਵਲ ਹੈ ਜਿਸ ਨੂੰ ੧੯੭੪ ਈ. ਵਿਚ 'ਭਾਰਤੀ ਸਾਹਿਤ ਅਕਾਦਮੀ' ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਇਲਾਵਾ 'ਮੁੱਲ ਦਾ ਮਾਸ','ਜੰਗ ਜਾਂ ਅਮਨ','ਈਚੋਗਿਲ ਦੀ ਨਹਿਰ ਤੱਕ','ਵਿਯੋਗਣ', ਅਤੇ 'ਅੰਨ੍ਹੀ ਸੁੰਦਰਤਾ' ਆਦਿ ਸੀਤਲ ਦੁਆਰਾ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ।

ਸੀਤਲ ਜੀ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਨ੍ਹਾਂ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖਾਨੇ ਵਿਚ ਤਿਆਰ ਨਾ ਹੋ ਕਿ ਹਕੀਕੀ ਹਲਾਤਾਂ 'ਚੋਂ ਉਪਜਦੇ ਹਨ।

ਇੱਕ ਖੋਜੀ (ਸਿੱਖ) ਇਤਿਹਾਸਕਾਰ ਦੇ ਤੌਰ 'ਤੇ ਗਿਆਨੀ ਸੋਹਣ ਸਿੰਘ ਸੀਤਲ ਦਾ ਇੱਕ ਅਹਿਮਤਰੀਨ ਸਥਾਨ ਹੈ। ਉਨ੍ਹਾਂ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ, ਬਾਅਦ ਵਿਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ। ਉਸ ਦੇ ਇਸ ਉਪਰਾਲੇ ਨੇ ਜਿੱਥੇ ਸਿੱਖ ਇਤਿਹਾਸ ਬਾਰੇ ਪਾਏ ਜਾਂਦੇ ਕੁਝ ਭਰਮ-ਭੁਲੇਖਿਆਂ ਨੂੰ ਦੂਰ ਕੀਤਾ, ਉੱਥੇ ਸਿੱਖ ਇਤਿਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ। ਸੀਤਲ ਜੀ ਦੀਆਂ ਇਤਿਹਾਸਿਕ ਲਿਖਤਾਂ ਵਿਚ 'ਸਿੱਖ ਰਾਜ ਕਿਵੇਂ ਗਿਆ' ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। 'ਦੁਖੀਏ ਮਾਂ ਪੁੱਤ', 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਤੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਨ੍ਹਾਂ ਦੀਆਂ ਵਰਣਨਯੋਗ ਇਤਿਹਾਸਿਕ ਪੁਸਤਕਾਂ ਹਨ।

ਗਿਆਨੀ ਸੋਹਣ ਸਿੰਘ ਸੀਤਲ ਦਾ ਵਧੇਰੇ ਤਪ ਵਾਲਾ ਅਤੇ ਖੋਜ-ਭਰਪੂਰ ਕੰਮ 'ਸਿੱਖ ਇਤਿਹਾਸ ਦੇ ਸੋਮੇ', ਪੰਜ ਜਿਲਦਾਂ ਵਿਚ ਤਿਆਰ ਕਰਨੇ ਹਨ। ਸੀਤਲ ਜੀ ਦੀ ਇਸ ਤਪੱਸਿਆ ਨੇ ਸਿੱਖ ਇਤਿਹਾਸ ਨੂੰ ਕਾਫੀ ਹੱਦ ਤਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ।

ਗਿਆਨੀ ਸੋਹਣ ਸਿੰਘ ਸੀਤਲ ਵਰਗੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਅਤੇ ਨੇਕ-ਦਿਲ ਵਿਅਕਤੀ ਵਿਰਲੇ ਹੀ ਪੈਦਾ ਹੁੰਦੇ ਹਨ। ਪੰਥ ਦਾ ਅਮੋਲਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖੀਰ ੨੩ ਸਤੰਬਰ, ੧੯੯੮ ਈ. ਵਾਲੇ ਦਿਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਸੀਤਲ ਜੀ ਦੇ ਆਪਣੇ ਬੋਲ ਸਨ:

ਸੀਤਲ ਸਦਾ ਜਹਾਨ ਜੀਂਵਦਾ ਏ, ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ।

ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਆਈ. ਸੀ. ਐਸ.

*-ਸ੍ਰੀ ਦਲਜੀਤ ਰਾਏ ਕਾਲੀਆ**

ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦਾ ਨਾਂ ਸਿੱਖ ਜਗਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਹ ਉੱਘੇ ਵਿਦਵਾਨ, ਚਿੰਤਕ, ਸੁਲਝੇ ਹੋਏ ਰਾਜਨੀਤਿਕ, ਕੁਸ਼ਲ ਪ੍ਰਸ਼ਾਸਕ, ਸਿੱਖ ਬੁੱਧੀਜੀਵੀ, ਪੂਰਨ ਗੁਰਸਿੱਖ,ਨਿਡਰ ਅਤੇ ਬੇਬਾਕ ਪੰਥਕ ਸ਼ਖਸੀਅਤ ਸਨ। ਭਾਈ ਸਾਹਿਬ ਸਿੱਖ ਧਰਮ ਸ਼ਾਸਤਰ ਤੇ ਇਤਿਹਾਸ ਦੇ ਧੁਰੰਤਰ ਵਿਦਵਾਨ ਸਨ। ਉਹ ਪੁਲਾੜ ਵਿਗਿਆਨ, ਭਵਨ ਨਿਰਮਾਣ ਅਤੇ ਵੱਖ-ਵੱਖ ਵਿਸ਼ਿਆਂ ਬਾਰੇ ਚੋਖਾ ਗਿਆਨ ਰੱਖਦੇ ਸਨ। ਉਹ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਸਨ। ਉਨ੍ਹਾਂ ਨੂੰ ਅੰਗਰੇਜ਼ੀ ਵਿਚ ਵਿਸ਼ੇਸ਼ ਮੁਹਾਰਤ ਹਾਸਲ ਸੀ। ਸਿਰਦਾਰ ਕਪੂਰ ਸਿੰਘ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਲੰਬਰਦਾਰ ਸਨ। ਸਿਰਦਾਰ ਕਪੂਰ ਸਿੰਘ ਦਾ ਜੱਦੀ ਪਿੰਡ ਮੰਨਣ ਚੱਕ ਕਲਾਂ, ਜ਼ਿਲ੍ਹਾ ਲੁਧਿਆਣਾ ਸੀ, ਪਰ ਜ਼ਮੀਨ-ਜਾਇਦਾਦ ਦੇ ਸੰਬੰਧ ਵਿਚ ਉਨ੍ਹਾਂ ਦਾ ਪਰਵਾਰ ਚੱਕ ਨੰਬਰ ੫੩੧ ਲਾਇਲਪੁਰ ਵਿਖੇ ਵੱਸਿਆ ਹੋਇਆ ਸੀ। ਪੰਜਾਬ ਦੇ ਮਹਾਨ ਸਪੂਤ ਸਿਰਦਾਰ ਕਪੂਰ ਸਿੰਘ ਦਾ ਜਨਮ ੨ ਮਾਰਚ, ੧੯੦੯ ਈ. ਨੂੰ ਸਧਾਰਨ ਜੱਟ ਪਰਵਾਰ ਵਿਚ ਸ. ਦੀਦਾਰ ਸਿੰਘ ਦੇ ਘਰ ਹੋਇਆ। ਉਨ੍ਹਾਂ ਦੀ ਮਾਤਾ ਹਰਨਾਮ ਕੌਰ ਧਾਰਮਿਕ ਬਿਰਤੀ ਵਾਲੀ ਇਸਤਰੀ ਸੀ। ਮਾਤਾ ਜੀ ਦੀਆਂ ਧਾਰਮਿਕ ਰੁਚੀਆਂ ਦਾ ਵਿਸ਼ੇਸ਼ ਪ੍ਰਭਾਵ ਕਪੂਰ ਸਿੰਘ ਨੇ ਗ੍ਰਹਿਣ ਕੀਤਾ। ਉਨ੍ਹਾਂ ਨੇ ਪ੍ਰਾਇਮਰੀ ਤਕ ਦੀ ਵਿੱਦਿਆ ਆਪਣੇ ਪਿੰਡ ਵਿੱਚੋਂ ਹੀ ਪ੍ਰਾਪਤ ਕੀਤੀ।

ਉਨ੍ਹਾਂ ਨੌਵੀਂ ਅਤੇ ਦਸਵੀਂ ਜਮਾਤ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਕੀਤੀ। ਉਨ੍ਹਾਂ ਦਸਵੀਂ ਜਮਾਤ ਪੰਜਾਬ ਭਰ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਇਸ ਸਕੂਲ ਦੇ ਹੈੱਡ ਮਾਸਟਰ, ਮਾਸਟਰ ਤਾਰਾ ਸਿੰਘ ਜੀ ਸਨ, ਜੋ ਬਾਅਦ ਵਿਚ ਅਕਾਲੀ ਦਲ ਦੇ ਸਿਰਮੌਰ ਨੇਤਾ ਬਣੇ ਅਤੇ ਪੰਥ-ਰਤਨ ਦੇ ਨਾਂ ਨਾਲ ਜਾਣੇ ਗਏ। ਉਹ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋਏ। ਬੀ. ਏ. ਦੀ ਪੜ੍ਹਾਈ ਵਿਚ ਉਨ੍ਹਾਂ ਫ਼ਾਰਸੀ ਅਤੇ ਫ਼ਲਸਫ਼ਾ ਚੋਣਵੇਂ ਵਿਸ਼ੇ ਰੱਖੇ ਸਨ। ੧੯੩੧ ਈ. ਵਿਚ ਉਨ੍ਹਾਂ ਐਮ. ਏ. (ਫ਼ਿਲਾਸਫ਼ੀ) ਦੀ ਡਿਗਰੀ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਯੂਨੀਵਰਸਿਟੀ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਉਹ ੧੯੩੧ ਈ. ਵਿਚ ਹੋਰ ਉਚੇਰੀ ਵਿੱਦਿਆ ਹਾਸਿਲ ਕਰਨ ਲਈ ਲੰਦਨ ਦੀ ਕੈਂਬਰਿਜ ਯੂਨੀਵਰਸਿਟੀ ਵਿਚ ਦਾਖ਼ਲ ਹੋਏ। ਇੱਥੋਂ ਉਨ੍ਹਾਂ ੧੯੩੩ ਈ. ਵਿਚ ਨੈਤਿਕ ਵਿਗਿਆਨ ਦੀ ਡਿਗਰੀ ਪ੍ਰਾਪਤ ਕੀਤੀ। ਇੱਥੇ ਉਨ੍ਹਾਂ ਦੇ ਅਧਿਆਪਕ ਵਿਸ਼ਵ ਪ੍ਰਸਿੱਧ ਚਿੰਤਕ ਬਰਟਰੈਂਡ ਰੱਸਲ ਸਨ, ਜੋ ਉਨ੍ਹਾਂ ਤੋਂ ਬਹੁਤ

* #੧੫/੨੬੬, ਪੁਰਾਣੀ ਤਲਵੰਡੀ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-੧੪੨੦੪੭; ਮੋ. ੯੭੮੧੨-੦੦੧੬੮

ਪ੍ਰਭਾਵਿਤ ਹੋਏ। ਸਿਰਦਾਰ ਕਪੂਰ ਸਿੰਘ ਨੂੰ ਯੂਨੀਵਰਸਿਟੀ ਵੱਲੋਂ ਇੱਥੇ ਹੀ ਅਧਿਆਪਕ ਲੱਗਣ ਦੀ ਪੇਸ਼ਕਸ਼ ਕੀਤੀ ਗਈ। ਸਿਰਦਾਰ ਕਪੂਰ ਸਿੰਘ ਨੇ ੧੯੩੩ ਈ. ਵਿਚ ਪਹਿਲੀ ਵਾਰ ਵਿਚ ਹੀ ਆਈ. ਸੀ. ਐਸ. ਦਾ ਇਮਤਿਹਾਨ ਪਾਸ ਕਰ ਲਿਆ ਅਤੇ ੧੯੩੪ ਈ. ਵਿਚ ਦੇਸ਼ ਵਾਪਸ ਆ ਕੇ ਡਿਪਟੀ ਕਮਿਸ਼ਨਰ ਨਿਯੁਕਤ ਹੋਏ।

ਸਿਰਦਾਰ ਕਪੂਰ ਸਿੰਘ ਕੋਈ ੧੫ ਕੁ ਵਰ੍ਹੇ ਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਝੰਗ, ਗੁਜਰਾਤ (ਦੋਵੇਂ ਹੁਣ ਪਾਕਿਸਤਾਨ), ਰੋਹਤਕ, ਗੁੜਗਾਓਂ (ਹੁਣ ਗੁਰੂਗ੍ਰਾਮ), ਕਰਨਾਲ, ਕਾਂਗੜਾ ਅਤੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਰਹੇ। ਉਹ ਕੁਝ ਸਮੇਂ ਲਈ ਲਾਹੌਰ ਦੇ ਸਿਵਲ ਸਕੱਤਰੇਤ ਵਿਚ ਵੀ ਨਿਯੁਕਤ ਰਹੇ। ਦੇਸ਼ ਦੇ ਅਜ਼ਾਦ ਹੋਣ ਸਮੇਂ ਉਹ ਕਾਂਗੜਾ ਜ਼ਿਲ੍ਹੇ ਦੇ ਡੀ. ਸੀ. ਸਨ। ਉਦੋਂ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਵੱਲੋਂ ੧੦ ਅਕਤੂਬਰ, ੧੯੪੭ ਈ. ਨੂੰ ਇੱਕ ਗਸ਼ਤੀ ਪੱਤਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤਾ ਗਿਆ, ਜਿਸ ਵਿਚ ਸਿੱਖਾਂ ਨੂੰ ਇੱਕ ਜ਼ਰਾਇਮ ਪੇਸ਼ਾ ਕੌਮ ਵਜੋਂ ਪੇਸ਼ ਕਰ ਕੇ ਉਨ੍ਹਾਂ ਉੱਪਰ ਸਖ਼ਤ ਅਤੇ ਕਰੜੀ ਨਜ਼ਰ ਰੱਖਣ ਦੀਆਂ ਹਦਾਇਤਾਂ ਸਨ। ਇਸ ਪੱਤਰ ਦੇ ਜਾਰੀ ਹੋਣ ਨਾਲ ਸਰਦਾਰ ਕਪੂਰ ਸਿੰਘ ਦੀਆਂ ਭਾਵਨਾਵਾਂ ਨੂੰ ਤਕੜੀ ਠੇਸ ਪੁੱਜੀ ਤੇ ਉਨ੍ਹਾਂ ਨੇ ਪੱਤਰ ਲਿਖ ਕੇ ਪੰਜਾਬ ਦੇ ਰਾਜਪਾਲ ਕੋਲ ਇਸ ਸੰਬੰਧੀ ਵਿਰੋਧ ਦਰਜ ਕਰਾਇਆ ਅਤੇ ਇਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਸਿਰਦਾਰ ਕਪੂਰ ਸਿੰਘ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਲਿਖਦੇ ਹਨ- ''੧੩ ਅਪ੍ਰੈਲ ਅਤੇ ੧੪ ਅਪ੍ਰੈਲ, ੧੯੪੯ ਦੀ ਦਰਮਿਆਨੀ ਰਾਤ ਨੂੰ ਡਾਕਟਰ ਗੋਪੀ ਚੰਦ ਭਾਰਗਵ ਦੀ ਵਜ਼ਾਰਤ ਦੇ ਅਧਿਕਾਰਾਂ ਥੱਲੇ ਅਤੇ ਗੋਪੀ ਚੰਦ ਭਾਰਗਵ ਦੇ ਹੁਕਮ ਨਾਲ ਰਾਤ ਦੇ ਸਾਢੇ ਬਾਰ੍ਹਾਂ ਵਜੇ ਮੈਨੂੰ ਆਈ. ਸੀ. ਐਸ. ਦੀ ਪਦਵੀ ਤੋਂ ਮੁਅੱਤਲੀ ਦਾ ਹੁਕਮ ਸ੍ਰੀ ਸੱਚਦੇਵ ਆਈ.ਸੀ.ਐਸ. ਚੀਫ਼ ਸੈਕਰੇਟਰੀ ਦੇ, ਦਸਤਖਤਾਂ ਹੇਠ ਦੇ, ਦਿੱਤਾ ਗਿਆ। ...ਬਿਨਾ ਕਿਸੇ ਦੋਸ਼ ਲਾਏ ਦੇ, ਬਿਨਾਂ ਕਿਸੇ ਪੁੱਛ-ਪੜਤਾਲ ਦੇ ਤੇ ਬਿਨਾ ਕਾਇਦਾ ਕਾਨੂੰਨ ਵਿਚਾਰੇ ਦੇ ਸਿੱਧਾ ਹਿੱਕ ਦੇ ਧੱਕੇ ਨਾਲ ਤਾਂ ਜੋ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਇਹ ਨਾ ਸਮਝਣ ਕਿ ਉਨ੍ਹਾਂ ਦੀ ਕੁਚੇਸ਼ਟਾ ਨੂੰ ਫੁੱਲ ਨਹੀਂ ਚੜ੍ਹਾਏ ਗਏ। ਇਹ ਕਾਰਾ ਜਰਾਇਮ ਪੇਸ਼ਾ ਸਿੱਖ ਪੰਥ ਦੇ ਇੱਕ ਉੱਚਤਮ ਸ਼੍ਰੇਣੀ ਦੇ ਰਾਜ ਅਧਿਕਾਰੀ ਦੇ ਵਿਰੁੱਧ ਕੀਤਾ ਗਿਆ।''

ਪੁਸਤਕ 'ਸਾਚੀ ਸਾਖੀ' ਵਿਚ ਉਹ ਲਿਖਦੇ ਹਨ- ''ਮੇਰੇ ਉੱਤੇ ਅੱਠ ਦਸ ਦੂਸ਼ਣ ਪੰਜਾਬ ਸਰਕਾਰ ਨੇ ਲਾਏ ਸਨ ਅਤੇ ਜਿਸ ਦੇ ਨਤੀਜੇ ਵਜੋਂ ਮੈਨੂੰ ਆਈ.ਸੀ.ਐਸ. ਦੀ ਪ੍ਰਤਿਸ਼ਟ ਤੇ ਦ੍ਰਿੜ੍ਹ ਨੌਕਰੀ ਤੋਂ, ਹਿੱਕ ਦੇ ਧੱਕੇ ਨਾਲ, ਬਿਨਾਂ ਕਾਨੂੰਨ ਵਿਧਾਨ ਵਿਚਾਰੇ ਅਤੇ ਕੁਚੇਸ਼ਟਾ ਪ੍ਰੇਰਿਤ ਹੋ ਕੇ ਹਟਾ ਦਿੱਤਾ ਗਿਆ। ਕਿਸੇ ਚਪੜਾਸੀ ਨੂੰ ਵੀ ਇਉਂ ਨਿਰੋਲ ਤੇ ਸੈਕੂਲਰ ਬੇਹਿਯਾਈ ਨਾਲ ਸਰਕਾਰੀ ਨੌਕਰੀ ਵਿੱਚੋਂ ਕੱਢਿਆ ਨਹੀਂ ਜਾ ਸਕਦਾ। ਆਈ.ਸੀ.ਐਸ. ਦੀ ਪਦ ਪਦਵੀ ਤਾਂ ਕਾਨੂੰਨ ਅਨੁਸਾਰ ਐਸੀ ਦ੍ਰਿੜ੍ਹ ਸ਼ਿਲ੍ਹਾ ਆਧਾਰਿਤ ਸੀ, 'ਜਿਸ ਬਾਬਤ ਸੈਕਰੇਟਰੀ ਆਫ ਸਟੇਟ ਫਾਰ ਇੰਡੀਆ' ਨੇ ਇੱਕ ਸਮੇਂ ਬ੍ਰਿਟਿਸ਼

ਪਾਰਲੀਮੈਂਟ ਵਿਚ ਕਿਹਾ ਸੀ ਕਿ- ''ਹਿੰਦੁਸਤਾਨ ਵਿਚ ਰਾਜਿਆਂ ਮਹਾਰਾਜਿਆਂ ਨੂੰ ਗੱਦੀ ਤੋਂ ਲਾਹੁਣਾ ਸੁਖੈਨ ਹੈ, ਪਰ ਆਈ.ਸੀ.ਐਸ. ਅਫਸਰ ਨੂੰ ਨੌਕਰੀ ਤੋਂ ਉਤਾਰਨਾ ਕਠਿਨ ਹੈ।'' ਸਿਰਦਾਰ ਕਪੂਰ ਸਿੰਘ ਦਾ ਕੇਸ ਉਚੇਚੇ ਤੌਰ 'ਤੇ ਗੋਰੇ ਜੱਜ ਐਰਿਕ ਵੈਸਟਨ ਨੂੰ ਸੁਪਰੀਮ ਕੋਰਟ ਦਾ ਜੱਜ ਬਣਾ ਕੇ ਉਸ ਦੇ ਸਪੁਰਦ ਕੀਤਾ ਗਿਆ। ੨ ਸਤੰਬਰ, ੧੯੫੦ ਈ. ਨੂੰ ਸਿਰਦਾਰ ਕਪੂਰ ਸਿੰਘ ਨੂੰ ਨੌਕਰੀ ਤੋਂ ਬਰਤਰਫ ਕਰ ਦਿੱਤਾ ਗਿਆ। ਐਰਿਕ ਵੈਸਟਨ ਦੇ ਫੈਸਲੇ ਵਿਰੁੱਧ ਉਨ੍ਹਾਂ ਸੁਪਰੀਮ ਕੋਰਟ ਵਿਚ ਅਪੀਲ ਕੀਤੀ, ਪਰ ਉਹ ਖਾਰਜ ਹੋ ਗਈ। ਸਿਰਦਾਰ ਕਪੂਰ ਸਿੰਘ ੧੦-੧੨ ਸਾਲ ਹਾਈਕੋਰਟ, ਸੁਪਰੀਮ ਕੋਰਟ ਵਿਚ ਕੇਸਾਂ/ਅਪੀਲਾਂ ਕਰਨ ਵਿਚ ਉਲਝੇ ਰਹੇ, ਪਰ ਉਨ੍ਹਾਂ ਨੂੰ ਇਨਸਾਫ ਨਾ ਮਿਲਿਆ।

ਵਿਦਿਆਰਥੀ ਜੀਵਨ ਤੋਂ ਹੀ ਸਿਰਦਾਰ ਕਪੂਰ ਸਿੰਘ ਰਾਜਨੀਤੀ ਵਿਚ ਦਿਲਚਸਪੀ ਰੱਖਦੇ ਸਨ। ਉਹ ੧੯੨੯ ਈ. ਵਿਚ ਲਾਹੌਰ ਵਿਖੇ ਹੋਏ ਕਾਂਗਰਸ ਦੇ ਸਰਬ-ਹਿੰਦ ਇਜਲਾਸ ਸਮੇਂ ਵਿਦਿਆਰਥੀ ਵਲੰਟੀਅਰ ਵਜੋਂ ਇਸ ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਨੂੰ ਮਿਸਟਰ ਜਿਨਾਹ ਅਤੇ ਮਹਾਤਮਾ ਗਾਂਧੀ ਨਾਲ ਵੀ ਕਈ ਵਾਰ ਮਿਲਣ ਦੇ ਮੌਕੇ ਮਿਲਦੇ ਰਹੇ। ਸਿੱਖ ਨੇਤਾਵਾਂ ਵਿੱਚੋਂ ਉਹ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਅਤੇ ਸ਼ੇਰ-ਏ-ਪੰਜਾਬ ਅਮਰ ਸਿੰਘ ਤੋਂ ਬਹੁਤ ਪ੍ਰਭਾਵਿਤ ਸਨ। ਅਕਾਲੀ ਦਲ ਦੇ ਪ੍ਰਮੁੱਖ ਆਗੂ ਮਾਸਟਰ ਤਾਰਾ ਸਿੰਘ ਨਾਲ ਵੀ ਉਨ੍ਹਾਂ ਦੇ ਨੇੜਲੇ ਸੰਬੰਧ ਸਨ। ਡਿਪਟੀ ਕਮਿਸ਼ਨਰ ਦੀ ਨੌਕਰੀ ਤੋਂ ਬਰਤਰਫੀ ਬਾਅਦ ਉਹ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ ਸਨ। ਉਨ੍ਹਾਂ ਨੂੰ ੧੯੬੨ ਦੀਆਂ ਲੋਕ ਸਭਾ ਚੋਣਾਂ ਸਮੇਂ ਅਕਾਲੀ ਦਲ ਵੱਲੋਂ ਲੁਧਿਆਣਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਰਾਸ਼ਟਰੀ ਪਾਰਟੀ ਦੇ ਤੌਰ 'ਤੇ ਮਾਨਤਾ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਸਮੇਂ ਚੋਣਾਂ ਸੁਤੰਤਰ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀਆਂ ਸਨ। ਸਿਰਦਾਰ ਕਪੂਰ ਸਿੰਘ ਲੁਧਿਆਣਾ ਸੀਟ ਤੋਂ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਸ. ਮੰਗਲ ਸਿੰਘ ਨੂੰ ਹਰਾ ਕੇ ਲੋਕ ਸਭਾ ਵਿਚ ਪਹੁੰਚੇ। ਉਸ ਸਮੇਂ ਸ. ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਬਣੇ। ਸਿਰਦਾਰ ਸਾਹਿਬ ਨੇ ਲੋਕ ਸਭਾ ਵਿਚ ਕਈ ਯਾਦਗਾਰੀ ਭਾਸ਼ਣ ਦਿੱਤੇ। ਦਿੱਲੀ ਪਾਰਲੀਮੈਂਟ ਵਿਚ ਪੰਜਾਬ ਦੇ ਪੁਨਰਗਠਨ ਬਾਰੇ ਇੱਕ ਬਿੱਲ ੩ ਸਤੰਬਰ, ੧੯੬੬ ਨੂੰ ਲੋਕ ਸਭਾ ਵਿਚ ਪੇਸ਼ ਕੀਤਾ ਗਿਆ। ਇਸ ਬਿੱਲ 'ਤੇ ਬਹਿਸ ਦੌਰਾਨ ੬ ਸਤੰਬਰ, ੧੯੬੬ ਈ. ਨੂੰ ਲੋਕ ਸਭਾ ਵਿਚ ਸਿਰਦਾਰ ਕਪੂਰ ਸਿੰਘ ਨੇ ਇਸ ਬਿੱਲ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਇਸ ਬਿਲ ਨੂੰ 'ਗੰਦਾ ਆਂਡਾ' ਆਖਿਆ। ਉਨ੍ਹਾਂ ਨੇ ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਕੀਤਾ। ਉਨ੍ਹਾਂ ਦਾ ਇਹ ਭਾਸ਼ਣ ਇਤਿਹਾਸ ਵਿਚ ਮੀਲ ਪੱਥਰ ਸਾਬਤ ਹੋਇਆ, ਜਿਸ ਵਿਚ ਸਿੱਖਾਂ ਨਾਲ ਹੋ ਰਹੀ ਨਾ-ਇਨਸਾਫੀ ਨੂੰ ਬਹੁਤ ਸੁਲਝੇ ਢੰਗ ਨਾਲ ਬਿਆਨਿਆ।

ਉਨ੍ਹਾਂ ਦੇ ਭਾਸ਼ਣ ਦਾ ਕੁਝ ਭਾਗ:- ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫੌਰਨ ਚੁੱਕੇ ਜਾਣ ਤਾਂ ਜੋ ਸਿੱਖ ਹਿੰਦੁਸਤਾਨ ਵਿਚ ਬਰਾਬਰ ਦੇ ਭਰਾ ਬਣ ਕੇ ਰਹਿ ਸਕਣ:

(੧) ਜਿਹੜੇ ਸਿੱਖ ਇਲਾਕੇ ਜਾਣ ਬੁਝ ਕੇ ਅਤੇ ਬਿਨਾਂ ਕਾਰਨ, ਨਵੇਂ ਪੰਜਾਬ ਵਿੱਚੋਂ

ਕੱਢ ਦਿੱਤੇ ਗਏ ਹਨ ਅਤੇ ਜੋੜੇ ਨਹੀਂ ਗਏ, ਜਿਹਾ ਕਿ, ਗੁਰਦਾਸਪੁਰ ਜ਼ਿਲ੍ਹੇ ਦਾ ਇਲਾਕਾ ਜਿਸ ਵਿਚ ਡਲਹੌਜੀ ਸ਼ਾਮਿਲ ਹੈ, ਅੰਬਾਲੇ ਦਾ ਜ਼ਿਲ੍ਹਾ, ਸਣੇ ਚੰਡੀਗੜ੍ਹ, ਪੰਜੌਰ, ਕਾਲਕਾ ਤੇ ਅੰਬਾਲਾ ਸਦਰ ਦੇ ਅਤੇ ਊਨੇ ਦੀ ਸਾਰੀ ਤਹਿਸੀਲ ਅਤੇ ਨਾਲਾਗੜ੍ਹ ਦਾ 'ਦੇਸ਼' ਨਾਮ ਦਾ ਇਲਾਕਾ, ਸਰਸੇ ਦੀ ਤਹਿਸੀਲ, ਗੂਹਲਾ ਸਬ- ਤਹਿਸੀਲ, ਸਣੇ ਟੋਹਾਣਾ ਅਤੇ ਰੱਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲ੍ਹੇ ਵਿਚ ਹਨ ਅਤੇ ਕਰਨਾਲ ਦੇ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਵਿਚ ਗੰਗਾ ਨਗਰ ਦਾ ਜ਼ਿਲ੍ਹਾ, ਇਨ੍ਹਾਂ ਇਲਾਕਿਆਂ ਨੂੰ ਝਟ-ਪਟ ਪੰਜਾਬ ਵਿਚ ਸ਼ਾਮਿਲ ਕੀਤਾ ਜਾਵੇ ਤਾਂ ਕਿ ਸਾਰੇ ਨਾਲ ਲੱਗਦੇ ਸਿੱਖ ਵਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ ਸਿੱਖ ਹੋਮਲੈਂਡ ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ।

(੨) ਇਸ ਨਵੇਂ ਨਿਰਮਿਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿੱਤੀ ਜਾਵੇ ਜਿਹੜੀ ਕਿ ਸੰਨ ੧੯੫੦ ਵਿਚ ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਹੋਏ ਸਨ।

(*ਸਾਚੀ ਸਾਖੀ* ਸਿਰਦਾਰ ਕਪੂਰ ਸਿੰਘ, ਪੰਨਾ ੧੭੯-੧੮੦)

੧੪ ਜੁਲਾਈ, ੧੯੬੫ ਨੂੰ ਲੁਧਿਆਣਾ ਵਿਖੇ ਸਿਰਦਾਰ ਕਪੂਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਹਰੀ ਸਿੰਘ ਨਲੂਆ ਕਾਨਫਰੰਸ ਹੋਈ, ਜਿਸ ਵਿਚ ਸਿਰਦਾਰ ਕਪੂਰ ਸਿੰਘ ਜੀ ਨੇ ਇਹ ਮਤੇ ਪੇਸ਼ ਕੀਤੇ:

੧. ਜਾਣੀ-ਪਹਿਚਾਣੀ ਇਤਿਹਾਸਿਕ ਸ਼ਖ਼ਸੀਅਤ ਜਰਨੈਲ ਹਰੀ ਸਿੰਘ ਨਲੂਆ ਦੀ ਇਤਿਹਾਸਿਕ ਯਾਦ ਵਿਚ ਕੀਤੀ ਜਾ ਰਹੀ ਕਾਨਫਰੰਸ ਸਾਰਿਆਂ ਨੂੰ ਇਹ ਚੇਤੇ ਕਰਵਾਉਂਦੀ ਹੈ ਕਿ ਸਿੱਖ ਇਤਿਹਾਸ ਦੇ ਨਿਰਮਾਤਾ ਹਨ ਅਤੇ ਉਹ ਅਜ਼ਾਦ ਭਾਰਤ ਵਿਚ ਆਪਣੇ ਰਾਜਨੀਤਕ ਉਦੇਸ਼ਾਂ ਪ੍ਰਤੀ ਚੇਤੰਨ ਹਨ।

੨. ਇਹ ਕਾਨਫਰੰਸ ਯਾਦ ਦਿਵਾਉਂਦੀ ਹੈ ਕਿ ਸਿੱਖਾਂ ਨੇ ਸਾਂਝੀ ਭਾਰਤੀ ਕੌਮੀਅਤ ਵਿਚ ਸ਼ਾਮਿਲ ਹੋਣਾ ਇਸ ਸਪੱਸ਼ਟ ਸ਼ਰਤ 'ਤੇ ਸਵੀਕਾਰ ਕੀਤਾ ਸੀ ਕਿ ਉਨ੍ਹਾਂ ਨੂੰ ਸੰਵਿਧਾਨਿਕ ਤੌਰ 'ਤੇ ਬਰਾਬਰ ਦਾ ਹਿੱਸੇਦਾਰ ਸਵੀਕਾਰ ਕੀਤਾ ਜਾਵੇਗਾ। ਇਹ ਮਹੱਤਵਪੂਰਨ ਸਮਝੌਤਾ ਭਾਰਤ ਦੇ ਅਜੋਕੇ ਹਾਕਮਾਂ ਦੇ ਸਨਕੀਪਣ ਕਾਰਨ ਨਾ- ਮਨਜ਼ੂਰ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਿੱਖਾਂ ਨੂੰ ਯੋਜਨਾਬੱਧ ਤਰੀਕੇ ਨਾਲ ਉਨ੍ਹਾਂ ਦੇ ਹੋਮਲੈਂਡ, ਪੰਜਾਬ, ਵਿਚ ਛੋਟੇ ਜਿਹੇ ਰਾਜਨੀਤਕ ਰੁਤਬੇ ਵੱਲ ਮੋੜ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਭਾਰਤ ਮਾਤ-ਭੂਮੀ ਵਿਚ ਗੈਰ-ਮਹੱਤਵਪੂਰਨ ਸਥਿਤੀ ਵਿਚ ਪਹੁੰਚਾ ਦਿੱਤਾ ਗਿਆ ਹੈ। ਸਿੱਖਾਂ ਵਿਚ ਇਹ ਸਮਰੱਥਾ ਹੈ ਕਿ ਉਹ ਨਿਰਪੱਖ ਅੰਤਰਰਾਸ਼ਟਰੀ ਟ੍ਰਿਬਿਊਨਲ ਅੱਗੇ, ਜੋ ਕਿ ਭਾਰਤੀ ਹਾਕਮਾਂ ਦੇ ਪ੍ਰਭਾਵ ਅਧੀਨ ਨਾ ਹੋਵੇ, ਸਾਹਮਣੇ ਪੇਸ਼ ਹੋ ਕੇ ਇਹ ਸਾਬਤ ਕਰ ਸਕਦੇ ਹਨ ਕਿ ਭਾਰਤ ਦਾ ਕਾਨੂੰਨ, ਅਦਾਲਤੀ ਪ੍ਰਕਿਰਿਆ ਅਤੇ ਪ੍ਰਬੰਧਕੀ ਕਾਰਵਾਈਆਂ ਲਗਾਤਾਰ ਅਤੇ ਸਖਤੀ ਨਾਲ ਸਿੱਖਾਂ ਦੇ ਖ਼ਿਲਾਫ ਕੀਤੀਆਂ ਜਾ ਰਹੀਆਂ

ਹਨ ਅਤੇ ਸਿੱਖਾਂ ਉੱਤੇ ਅੰਨ੍ਹਾ ਰਾਜ ਪ੍ਰਬੰਧ ਥੋਪਿਆ ਜਾ ਰਿਹਾ ਹੈ।

੩. ਇਹ ਕਾਨਫਰੰਸ ਗੰਭੀਰ ਵਿਚਾਰ- ਵਟਾਂਦਰਾ ਕਰਨ ਉਪਰੰਤ ਇਸ ਸਿੱਟੇ 'ਤੇ ਪੁੱਜੀ ਹੈ ਕਿ ਸਿੱਖਾਂ ਕੋਲ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਹੋਰ ਕੋਈ ਚਾਰਾ ਨਹੀਂ ਸਿਵਾਏ ਇਸ ਦੇ ਕਿ ਉਹ ਭਾਰਤੀ ਰਾਜ ਦੇ ਘੇਰੇ ਅੰਦਰ ਸਵੈ-ਨਿਸ਼ਚਿਤ ਰਾਜਨੀਤਿਕ ਦਰਜਾ ਹਾਸਲ ਕਰਨ ਲਈ ਰਾਜਨੀਤਿਕ ਮੰਗ ਨੂੰ ਤਿਆਰ ਕਰਨ।

ਇੱਥੇ ਲੇਖਕ ਦਾ ਨਾਂ ਨਹੀਂ ਦਿੱਤਾ ਹੋਇਆ, ਪਰ ਸਪੱਸ਼ਟ ਤੌਰ 'ਤੇ ਇਹ ਸਿਰਦਾਰ ਕਪੂਰ ਸਿੰਘ ਦੀ ਹੱਥ-ਲਿਖਤ ਹੈ, (*ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪੰਨਾ ੧੧੨)।

ਮਾਸਟਰ ਤਾਰਾ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਵਡੇਰੇ ਪੰਥਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ੬ ਅਕਤੂਬਰ, ੧੯੬੯ ਈ. ਨੂੰ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਵਾਲੇ ਦੋਵੇਂ ਅਕਾਲੀ ਦਲ ਇੱਕ ਹੋ ਗਏ। ਇਸ ਸਮੇਂ ਸਿਰਦਾਰ ਕਪੂਰ ਸਿੰਘ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਸ. ਦਰਸ਼ਨ ਸਿੰਘ ਫੇਰੂਮਾਨ ਵੱਲੋਂ ੨੭ ਅਕਤੂਬਰ, ੧੯੬੯ ਈ. ਨੂੰ ਸ਼ਹੀਦੀ ਦੇਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਵਿਚ ਉਨ੍ਹਾਂ ਨੂੰ ਅਕੀਦਤ ਦੇਣ ਬਾਰੇ ਯਾਦਗਾਰੀ ਭਾਸ਼ਣ ਸਿਰਦਾਰ ਕਪੂਰ ਸਿੰਘ ਜੀ ਨੇ ਦਿੱਤਾ। ਉਨ੍ਹਾਂ ਆਪਣੇ ਭਾਸ਼ਣ ਵਿਚ ਕਿਹਾ:

੧. ਫੇਰੂਮਾਨ ਜੀ ਨੇ ਇਸ ਲਈ ਸ਼ਹਾਦਤ ਦਿੱਤੀ ਕਿ ਉਹ ਕਾਲਖ ਜਿਹੜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ, ਜਿਊਂਦੇ ਸੜ ਮਰਨ ਦੇ ਅਰਦਾਸੇ ਭੰਗ ਕਰ ਕੇ ਕਾਇਰ, ਦੰਭੀ, ਗੁਰੂ ਤੋਂ ਬੇਮੁਖ ਤੇ ਪੰਥ ਦੇ ਭਗੌੜੇ ਅਖੌਤੀ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਏ।

੨. ਸ. ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹੀਦੀ ਦਿੱਤੀ ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ, ਚੰਡੀਗੜ੍ਹ, ਭਾਖੜਾ ਆਦਿ ਪੰਜਾਬੀ ਸੂਬੇ ਵਿਚ ਸ਼ਾਮਿਲ ਕਰਵਾਉਣ ਲਈ ਕੀਤੇ ਸੀ ਉਨ੍ਹਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ ਉਹ ਕਾਇਮ ਕੀਤੇ ਜਾਣ। ...

੪. ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿਚ ਪ੍ਰਾਪਤ ਕਰਨ ਹਿੱਤ ਕੀਤੀ ਗਈ ਹੈ।

ਮੈਂ ਇਸ ਸ਼ਹੀਦ ਮਰਦ, ਸਿੰਘਊ ਜਜ਼ਬੇ ਨਾਲ ਭਰਪੂਰ ਸਿੱਖ ਨੂੰ ਇੱਥੇ ਅੱਜ ਨਮਸਕਾਰ ਕਰਦਾ ਹਾਂ ਕਿਉਂ ਜੋ ਉਹ ਸਿੱਖ ਹੋਮਲੈਂਡ ਦਾ ਪਹਿਲਾ ਸ਼ਹੀਦ ਹੈ।

(*ਸਾਚੀ ਸਾਖੀ* ਸਿਰਦਾਰ ਕਪੂਰ ਸਿੰਘ, ਪੰਨਾ ੧੯੨)

ਸਿਰਦਾਰ ਕਪੂਰ ਸਿੰਘ ਜਿੱਥੇ ਇੱਕ ਰਾਜਨੇਤਾ ਅਤੇ ਉੱਘੇ ਵਿਦਵਾਨ ਸਨ, ਉੱਥੇ ਉਹ ਸਫਲ ਉੱਚ ਕੋਟੀ ਦੇ ਲੇਖਕ ਵੀ ਸਨ। ਉਨ੍ਹਾਂ ਨੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਕਈ ਪੁਸਤਕਾਂ ਅਤੇ ਟ੍ਰੈਕਟ ਲਿਖੇ। ਉਹ ਸਮੇਂ-ਸਮੇਂ 'ਤੇ ਵੱਖ-ਵੱਖ ਅਖ਼ਬਾਰਾਂ ਮੈਗਜ਼ੀਨਾਂ ਲਈ ਸਾਹਿਤਕ ਲੇਖ, ਖੋਜ ਪੱਤਰ ਅਤੇ ਇਤਿਹਾਸ ਨਾਲ ਸੰਬੰਧਿਤ ਖੋਜ ਨਿਬੰਧ ਵੀ ਲਗਾਤਾਰ ਲਿਖਦੇ ਰਹੇ। ਉਨ੍ਹਾਂ ਦੇ ਬਹੁਤ ਸਾਰੇ ਲੇਖ ਸਿੱਖ ਰੀਵਿਊ ਵਿਚ ਸਮੇਂ-ਸਮੇਂ 'ਤੇ ਛਪਦੇ

ਰਹੇ। ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਿਖਦੇ ਹਨ, "ਇੱਕ ਵਾਰਤਕ ਲੇਖਕ ਦੇ ਤੌਰ 'ਤੇ ਆਪ ਨੂੰ ਪੰਜਾਬੀ ਸਾਹਿਤ ਖੇਤਰ ਵਿਚ ਇੱਕ ਨਿਵੇਕਲਾ ਸਥਾਨ ਪ੍ਰਾਪਤ ਹੈ। ਇਨ੍ਹਾਂ ਨੇ ਜੋ ਅੱਖਰ ਵੀ ਲਿਖੇ ਹਨ, ਉਹ ਸਾਰੇ ਸਿੱਕੇ-ਬੰਦ ਹਨ, ਬੇਸ਼ਕੀਮਤੀ ਹਨ। ਇਨ੍ਹਾਂ ਦੀਆਂ ਲਿਖਤਾਂ ਗਿਆਨ ਦਾ ਭੰਡਾਰ ਹਨ। ਜਿਨ੍ਹਾਂ ਦੀ ਸ਼ੈਲੀ ਸਰਲ ਅਤੇ ਸਪੱਸ਼ਟ ਹੈ।"

ਸਭ ਤੋਂ ਪਹਿਲਾਂ ੧੯੩੫ ਈ. ਵਿਚ ਉਨ੍ਹਾਂ ਦਾ ਕਾਵਿ-ਸੰਗ੍ਰਹਿ 'ਹਸ਼ੀਸ਼' ਪ੍ਰਕਾਸ਼ਿਤ ਹੋਇਆ। 'ਸਾਚੀ ਸਾਖੀ' ਉਨ੍ਹਾਂ ਦੀ ਬਹੁ-ਚਰਚਿਤ ਸੈ-ਜੀਵਨੀ ਨੁਮਾ ਰਚਨਾ ਹੈ। ਇਸ ਦੇ ਨਾਲ ਨਾਲ ਇਹ ਇੱਕ ਇਤਿਹਾਸਿਕ ਦਸਤਾਵੇਜ਼ ਵੀ ਹੈ, ਜੋ ਕਿ ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ੧੯੪੭ ਈ. ਤਕ ਦੀਆਂ ਬਹੁਤ ਸਾਰੀਆਂ ਘਟਨਾਵਾਂ ਨੂੰ ਬੇਬਾਕੀ ਨਾਲ ਬਿਆਨਦਾ ਹੈ। ਇਹ ਪੁਸਤਕ ਸਮੇਂ-ਸਮੇਂ 'ਤੇ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨਾਲ ਕੀਤੇ ਕੌਲ-ਕਰਾਰਾਂ ਦੇ ਬਾਰੇ ਵੀ ਚਾਨਣਾ ਪਾਉਂਦੀ ਹੈ। ਇਸ ਤੋਂ ਇਲਾਵਾ ਇਹ ਪੁਸਤਕ ਆਗੂਆਂ ਗਿਆਨੀ ਕਰਤਾਰ ਸਿੰਘ, ਬਲਦੇਵ ਸਿੰਘ ਬਾਰੇ ਜ਼ਿਕਰ ਕਰਦੀ ਹੈ ਕਿ ਕਿਵੇਂ ਇਨ੍ਹਾਂ ਨੇ ਸਿੱਖ ਕੌਮ ਦੀ ਅਜ਼ਾਦੀ ਲਈ ਹੱਥੋਂ ਆਏ ਕਈ ਮੌਕੇ ਗੁਆਏ। ਉਨ੍ਹਾਂ ਦੀ ਪੁਸਤਕ 'ਸਪਤ ਸ੍ਰਿੰਗ' ਵਿਚ ਸੱਤ ਮਹਾਨ ਪੁਰਸ਼ਾਂ ਦੇ ਜੀਵਨ ਬਿਰਤਾਂਤ ਦਰਜ ਹਨ। 'ਪੁੰਦਰੀਕ' (ਕਲਾ, ਸਾਹਿਤ, ਸੱਭਿਆਚਾਰ ਅਤੇ ਸੰਸਕ੍ਰਿਤੀ ਬਾਰੇ ਨਿਬੰਧ), ਬਹੁ ਵਿਸਥਾਰ (ਇਤਿਹਾਸਿਕ ਅਤੇ ਧਾਰਮਿਕ ਨਿਬੰਧ) ੧੯੫੨ ਵਿਚ ਵਿਚ ਪ੍ਰਕਾਸ਼ਿਤ ਹੋਈਆਂ। ਉਨ੍ਹਾਂ ਦੀ ਲਿਖਤ 'ਸਿੱਖਾਂ ਦੀਆਂ ਸਿਆਸੀ ਭੁੱਲਾਂ' (ਪੰਜਾਬੀ ਰੂਪ) ਸਰਦਾਰ ਲਛਮਣ ਸਿੰਘ ਜਲਵਾਣਾ ਦੀ ਸੰਪਾਦਨਾ ਹੇਠ ਛਪਿਆ। ਉਨ੍ਹਾਂ ਦੀਆਂ ਪੁਸਤਕਾਂ 'ਇੱਕ ਸਿੱਖ ਦਾ ਬੁੱਧ ਨੂੰ ਪ੍ਰਣਾਮ' ਅਤੇ 'ਪੰਚਨਦ' ਸਰਦਾਰ ਜੈਤੇਗ ਸਿੰਘ ਅਨੰਤ ਦੀ ਸੰਪਾਦਨਾ ਹੇਠ ਛਪੀਆਂ। 'ਰਾਜ ਕਰੇਗਾ ਖਾਲਸਾ ਅਤੇ ਹੋਰ ਨਿਬੰਧ', 'ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ ਅਤੇ ਹੋਰ ਨਿਬੰਧ' ਡਾ. ਗੁਰਮੁਖ ਸਿੰਘ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਈਆਂ। ਉਨ੍ਹਾਂ ਦੀ ਲਿਖੀ ਪੁਸਤਕ 'ਦਸ਼ਮੇਸ਼ ਜੀ ਦਾ ਜਲਾਲੀ ਰੂਪ' (ਹਿੰਦੀ ਅਤੇ ਪੰਜਾਬੀ ਵਿਚ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ। ਟ੍ਰੈਕਟ 'ਨਵਮ ਅਤੇ ਦਸਮ ਪਾਤਸ਼ਾਹ ਦੇ ਮਾਲਵੇ ਦੇ ਸਫਰਾਂ ਦੀ ਸਾਖੀ ਉੱਤੇ ਇੱਕ ਪੰਛੀ ਝਾਤ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤੀ। ਉਨ੍ਹਾਂ ਦੀ ਲਿਖੀ ਪੁਸਤਕ 'ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦ ਪਦਵੀ' ਨੂੰ ਗੁਰੂ ਨਾਨਕ ਦੇਵ ਮਿਸ਼ਨ, ਸਨੌਰ, ਪਟਿਆਲਾ ਨੇ ਪ੍ਰਕਾਸ਼ਿਤ ਕੀਤਾ।

ਸਿਰਦਾਰ ਕਪੂਰ ਸਿੰਘ ਦੀ ਅੰਗਰੇਜ਼ੀ ਪੁਸਤਕ ਪਰਾਸ਼ਰ ਪ੍ਰਸ਼ਨਾ ਜਾਂ ਵੈਸਾਖੀ ਆਫ ਗੁਰੂ ਗੋਬਿੰਦ ਸਿੰਘ ਇੱਕ ਸ਼ਾਹਕਾਰ ਰਚਨਾ ਹੈ। ਅੰਗਰੇਜ਼ੀ ਵਿਚ ਉਨ੍ਹਾਂ ਦੀਆਂ ਹੋਰ ਪੁਸਤਕਾਂ 'ਸੇਕਰਡ ਰਾਈਟਿੰਗਜ਼ ਆਫ ਦਾ ਸਿੱਖਸ' (ਯੂਨੈਸਕੋ ਪਬਲੀਕੇਸ਼ਨ), 'ਮੀ ਜੁਡੀਸ਼' (ਅੰਗਰੇਜ਼ੀ ਫੁਟਕਲ ਸੰਗ੍ਰਹਿ), 'ਸਿੱਖਇਜ਼ਮ ਫਾਰ ਮਾਡਰਨ ਮੈਨ', 'ਗੁਰੂ ਨਾਨਕ ਲਾਈਫ ਐਂਡ ਥਾਟ', 'ਦੀ ਆਨਰ ਆਫ ਸਵੋਰਡ', 'ਗੁਰੂ ਅਰਜਨ ਐਂਡ ਹਿਜ਼ ਸੁਖਮਨੀ' ਆਦਿ

ਸ਼ਾਮਿਲ ਹਨ।

ਵੀਹਵੀਂ ਸਦੀ ਦੇ ਉੱਘੇ ਸਾਹਿਤਕਾਰ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, "ਸਿਰਦਾਰ ਕਪੂਰ ਸਿੰਘ ਇੱਕ ਅਜਿਹਾ ਖੋਜੀ ਲਿਖਾਰੀ ਹੈ, ਜਿਸ ਦੀ ਖੋਜ ਦਾ ਦਾਇਰਾ ਅਮੁੱਕ ਹੈ। ਉਸ ਦੀ ਵਿਸ਼ਾਲ ਲਪੇਟ ਵਿਚ ਇਤਿਹਾਸ, ਧਰਮ, ਅਰਥ, ਕਲਾ ਦਰਸ਼ਨ, ਵਿਗਿਆਨ ਜਿਹੇ ਗੂੜ ਵਿਸ਼ੇ ਆ ਜਾਂਦੇ ਹਨ। ਹਰ ਪਾਸੇ ਦੀ ਸੂਝ ਦੇ ਨਾਲ ਇਸ ਲਿਖਾਰੀ ਦੀ ਆਪਣੀ ਸ਼ਖ਼ਸੀਅਤ ਦਾ ਅਸਰ ਨਾ ਕੇਵਲ ਪਾਠਕ ਦੀਆਂ ਮਾਨਸਿਕ ਤੇ ਸਾਹਿਤਕ ਰੁਚੀਆਂ ਨੂੰ ਟੁੰਬਦਾ ਹੈ, ਸਗੋਂ ਉਸ ਦੇ ਕੌਮੀ ਜਜ਼ਬੇ ਨੂੰ ਉਭਾਰਦਾ ਅਤੇ ਆਪਣੀ ਕੌਮ ਦੀ ਮਹਾਨਤਾ ਲਈ ਸ਼ਰਧਾ ਅਤੇ ਮਾਣ ਪੈਦਾ ਕਰਦਾ ਹੈ।" ਉੱਘੇ ਵਿਦਵਾਨ ਡਾ. ਗੁਰਮੁਖ ਸਿੰਘ ਜੀ ਆਪਣੇ ਦੁਆਰਾ ਸੰਪਾਦਿਤ ਪੁਸਤਕ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ' ਵਿਚ ਸਿਰਦਾਰ ਕਪੂਰ ਸਿੰਘ ਦੀ ਵਾਰਤਕ ਕਲਾ ਬਾਰੇ ਲਿਖਦੇ ਹਨ- "ਸਿਰਦਾਰ ਕਪੂਰ ਸਿੰਘ ਦੀ ਵਾਰਤਕ ਉੱਤਮ ਪ੍ਰਕਾਰ ਦੀ ਹੈ ਅਤੇ ਇਸ ਦੇ ਰੰਗ, ਰੂਪ, ਗੁਣ ਆਦਿ ਨੂੰ ਧਿਆਨ ਵਿਚ ਰੱਖਦਿਆਂ ਸਹਿਜੇ ਹੀ ਆਖ ਸਕਦੇ ਹਾਂ ਕਿ ਅੰਗਰੇਜ਼ੀ ਵਾਰਤਕ ਵਿਚ ਜੋ ਸਥਾਨ ਐਮਰਸਨ, ਰਸਕਨ, ਕਾਰਲਾਇਲ, ਬਰਟ੍ਰੈਂਡ ਰੱਸਲ ਆਦਿ ਦਾ ਹੈ, ਉਹ ਸਥਾਨ ਪੰਜਾਬੀ ਵਿਚ ਸਿਰਦਾਰ ਕਪੂਰ ਸਿੰਘ ਦੀ ਵਾਰਤਕ ਨੂੰ ਪ੍ਰਾਪਤ ਹੈ।"

ਸਿਰਦਾਰ ਕਪੂਰ ਸਿੰਘ ਜੀ ਦੀ ਵਿਦਵਤਾ ਨੂੰ ਮੁੱਖ ਰੱਖਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ੧੩ ਅਕਤੂਬਰ, ੧੯੭੩ ਈ. ਨੂੰ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜਮ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। ੧੬-੧੭ ਅਕਤੂਬਰ, ੧੯੭੩ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਨੰਦਪੁਰ ਸਾਹਿਬ ਦਾ ਮਤਾ ਜੋ ਅਨੰਦਪੁਰ ਸਾਹਿਬ ਵਿਖੇ ਬਣਿਆ, ਉਸ ਦਾ ਅੰਤਿਮ ਖਰੜਾ ਸਿਰਦਾਰ ਕਪੂਰ ਸਿੰਘ ਵੱਲੋਂ ਬਣਾਇਆ ਸਮਝਿਆ ਜਾਂਦਾ ਹੈ। ਸਿਰਦਾਰ ਕਪੂਰ ਸਿੰਘ ਵੀਹਵੀਂ ਸਦੀ ਦੇ ਉਨ੍ਹਾਂ ਚੋਣਵੇਂ ਵਿਦਵਾਨਾਂ ਵਿੱਚੋਂ ਸਨ ਜਿਨ੍ਹਾਂ ਨੇ ਆਪਣੇ ਜੀਵਨ ਦਾ ਬਿਹਤਰੀਨ ਸਮਾਂ ਸਿੱਖ ਧਰਮ ਦੀ ਵਡਿਆਈ ਅਤੇ ਇਸ ਦੇ ਗੌਰਵ ਨੂੰ ਉਜਾਗਰ ਕਰਨ ਹਿੱਤ ਲਾਇਆ। ਉਨ੍ਹਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਿਚਾਰ ਇਸ ਪ੍ਰਕਾਰ ਹਨ- "ਸਿਰਦਾਰ ਕਪੂਰ ਸਿੰਘ ਜੀ ਧੁਰੋਂ ਅਜ਼ਾਦ ਕੀਤੇ ਮਰਦ ਸਨ। ਜ਼ਰਾ ਨਹੀਂ ਝਿਜਕਦੇ ਸਨ। ਸੱਚੀ ਗੱਲ ਕਹਿੰਦਿਆਂ ਭਾਵੇਂ ਉਨ੍ਹਾਂ ਨੂੰ ਕਹੀ ਗੱਲ ਦੀ ਕਿੰਨੀਂ ਵੀ ਕੀਮਤ ਚੁਕਾਉਣੀ ਪਵੇ। ਇਤਿਹਾਸ, ਗੁਰਬਾਣੀ, ਵੇਦਾਂ, ਕਤੇਬਾਂ ਆਦਿ ਦੇ ਉਹ ਗਿਆਤਾ ਸਨ ਤੇ ਉਨ੍ਹਾਂ ਤੋਂ ਪ੍ਰਾਪਤ ਗਿਆਨ ਦੀ ਵਰਤੋਂ ਇਸ ਸਹਿਜ ਢੰਗ ਨਾਲ ਕਰਦੇ ਸਨ ਕਿ ਪੜ੍ਹਨ ਵਾਲੇ ਤੇ ਰਤਾ ਭਾਰ ਵੀ ਨਹੀਂ ਸੀ ਪੈਂਦਾ। ਉਹ ਗਿਆਨ ਦੀ ਗੰਗਾ ਸਨ। ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਜਿਸ ਵਿਚ ਸਿੱਖਾਂ ਦੀ ਹੋਂਦ-ਹਸਤੀ ਨੂੰ ਕਾਇਮ ਰੱਖਣ ਤੇ ਸਿੱਖਾਂ ਦੇ ਬੋਲ ਬਾਲੇ ਲਈ ਕੌਮ ਨੂੰ ਤਿਆਰ ਕੀਤਾ ਗਿਆ ਹੈ, ਉਨ੍ਹਾਂ ਦੀ ਹੀ ਸੋਚਣੀ ਦੀ ਉਪਜ ਸੀ।" **ਬਾਕੀ ਪੰਨਾ ੭੪ 'ਤੇ**

ਕਵੀਸ਼ਰ ਪੰਡਿਤ ਮੋਹਣ ਸਿੰਘ ਘਰਿਆਲਾ

*-ਸ. ਜਸਵੰਤ ਸਿੰਘ**

ਪਾਕਿਸਤਾਨ ਬਣਨ ਤੋਂ ਪਹਿਲਾਂ, ਪਿੰਡ-ਪਿੰਡ ਛਿੰਝਾਂ ਪੈਂਦੀਆਂ, ਸਾਲਾਨਾ ਧਾਰਮਿਕ ਸਮਾਗਮ ਹੁੰਦੇ, ਜਿਨ੍ਹਾਂ ਵਿਚ ਘੋਲ ਹੁੰਦੇ, ਕਬੱਡੀ ਖੇਡੀ ਜਾਂਦੀ। ਉਸ ਵਕਤ ਦੇ ਨੌਜਵਾਨ ਚਾਟੀਆਂ ਦੀਆਂ ਚਾਟੀਆਂ ਘਿਓ ਖਾਂਦੇ, ਛੱਨਿਆਂ ਨਾਲ ਬੂਰੀਆਂ ਦਾ ਦੁਧ ਪੀਂਦੇ। ਘਿਓ ਦੁਧ ਖਾ-ਪੀ ਕੇ ਸਰੀਰ ਤਾਕਤਵਾਰ ਬਨਾਉਣ ਲਈ ਮੁਗਦਰ ਚੁਕਦੇ, ਮੂੰਗਲੀਆਂ ਫੇਰਦੇ, ਰੱਸੇ ਖਿੱਚਦੇ, ਛਾਲਾਂ ਮਾਰਦੇ, ਡੰਡ-ਬੈਠਕਾਂ ਕੱਢਦੇ ਅਤੇ ਖੇਤੀਬਾੜੀ ਕਰਦੇ ਸਨ। ਪੰਜਾਬ ਦੇ ਗੱਭਰੂਆਂ ਦੇ ਸਰੀਰ ਦੀਆਂ ਧੁੰਮਾਂ ਸਾਰੀ ਦੁਨੀਆ ਵਿਚ ਸਨ। ਸਿਹਤਮੰਦ ਜੁੱਸੇ ਵੇਖ ਕੇ ਪੁੰਗਰ ਰਹੀ ਜਵਾਨੀ ਆਪਣੇ ਆਪ ਹੀ ਸਰੀਰਕ ਸਿਹਤ ਬਣਾਉਣ ਲਈ ਆਪ ਮੁਹਾਰੇ ਪ੍ਰੇਰੀ ਜਾਂਦੀ। ਇਸੇ ਤਰ੍ਹਾਂ ਇਤਿਹਾਸਿਕ ਧਾਰਮਿਕ ਸਥਾਨਾਂ 'ਤੇ ਪਿੰਡਾਂ ਵਿਚ ਧਾਰਮਿਕ ਦੀਵਾਨ ਸਜਦੇ। ਇਤਿਹਾਸਿਕ ਸਥਾਨਾਂ 'ਤੇ ਢਾਡੀ ਤੇ ਕਵੀਸ਼ਰ ਸੰਗਤ ਨੂੰ ਇਤਿਹਾਸਿਕ ਪ੍ਰਸੰਗ ਸੁਣਾਉਂਦੇ। ਪਿੰਡਾਂ ਵਿਚ ਲੋਕ ਢੋਲਕੀਆਂ, ਛੈਣਿਆਂ ਤੇ ਚਿਮਟਿਆਂ ਨਾਲ ਅੱਧੀ-ਅੱਧੀ ਰਾਤ ਤਕ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਹਿੰਦੇ। ''ਜਿਹੀ ਸੰਗਤ ਤਿਹੀ ਰੰਗਤ'' ਦੇ ਅਖਾਣ ਪਿੱਛੇ ਬੜਾ ਵੱਡਾ ਮਨੋਵਿਗਿਆਨਿਕ ਤੱਥ ਛੁਪਿਆ ਹੋਇਆ ਹੈ। ਨੌਜਵਾਨ ਪੀੜ੍ਹੀ ਨੂੰ ਜਿਹੋ ਜਿਹਾ ਵਾਤਾਵਰਨ ਸਾਡਾ ਸਮਾਜ ਦੇਵੇਗਾ, ਉਹ ਉਹੋ ਜਿਹੀ ਬਣ ਜਾਵੇਗੀ। ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਲੱਚਰ ਗਾਇਕਾਂ/ਗਾਇਕਾਵਾਂ ਤੇ ਗੀਤਕਾਰਾਂ ਨੇ ਅਸ਼ਲੀਲਤਾ ਤੇ ਨੰਗੇਜ਼ਵਾਦ ਪ੍ਰੋਸ ਕੇ ਧਰਮ ਦੇ ਸੁਨਹਿਰੀ ਅਸੂਲਾਂ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਮੇਰੇ ਮਾਣਯੋਗ ਪਿਤਾ ਜੀ ਹਰ ਮਹੀਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ ਸਾਹਿਬ ਵਿਖੇ ਮੱਸਿਆ ਦੇ ਦਿਹਾੜੇ ਜਾਂਦੇ ਹੁੰਦੇ ਸਨ। ਕਈ ਵਾਰੀ ਉਹ ਮੈਨੂੰ ਨਾਲ ਲੈ ਜਾਂਦੇ। ਉੱਥੇ ਸੈਂਟਰਲ ਮਾਝਾ ਦੀਵਾਨ (ਪ੍ਰਦਖਣਾਂ ਦੇ ਉੱਤਰ ਵੱਲ) ਵਿਚ ਮੈਂ ਪਹਿਲੀ ਵਾਰ ਬਲੀ ਸਿੰਘ ਨਿਹੰਗ ਸਿੰਘ) ਗੰਡੀਵਿੰਡ ਵਾਲਿਆਂ ਨੂੰ ਕਵੀਸ਼ਰੀ ਕਰਦਿਆਂ ਸੁਣਿਆ। ਉਸ ਤੋਂ ਬਾਅਦ ਢਾਡੀ ਪਿਆਰਾ ਸਿੰਘ ਪੰਛੀ, ਗੁਰਚਰਨ ਸਿੰਘ ਗੋਹਲਵੜ ਆਦਿ ਢਾਡੀਆਂ ਤੇ ਕਵੀਸ਼ਰਾਂ ਨੂੰ ਸੁਣਨ ਦਾ ਮੌਕਾ ਮਿਲਦਾ ਰਿਹਾ। ਮੈਂ ਬਾਬਾ ਬੁੱਢਾ ਜੀ ਦੇ ਸਲਾਨਾ ਸਮਾਗਮ (ਮੇਲੇ) 'ਤੇ ਪਹਿਲੀ ਵਾਰ ਪੰਡਿਤ ਮੋਹਣ ਸਿੰਘ ਘਰਿਆਲਾ ਨੂੰ ਸੁਣਿਆ। ਉਨ੍ਹਾਂ ਦੇ ਨਾਲ ਉਸ ਵਕਤ ਉਨ੍ਹਾਂ ਦੇ ਜਥੇ ਦਾ ਸਾਥੀ ਛੋਟੀ ਉਮਰ ਦਾ ਬਲਦੇਵ ਸਿੰਘ ਬੈਂਕਾ ਹੁੰਦਾ ਸੀ।

ਪੰਡਿਤ ਮੋਹਣ ਸਿੰਘ ਘਰਿਆਲਾ ਦਾ ਜਨਮ ਪਿੰਡ ਰਾਜੇ ਜੰਗ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਸ. ਪੂਰਨ ਸਿੰਘ ਤੇ ਮਾਤਾ ਗੁਲਾਬ ਕੌਰ ਦੀ ਕੁੱਖੋਂ ੧੯੧੮ ਈ. ਵਿਚ

* *ਮਾਰਫਤ ਜਸਜੀਤ ਸਿੰਘ ਸੰਧੂ, ਪਿੰਡ ਤੇ ਡਾਕ. ਘਰਿੰਡਾ, ਵਾਇਆ ਡੀ. ਖਾਸਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ। ਮੋ. ੯੮੧੪੪-੩੫੮੪੪*

ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ ਬਹੁਤ ਵੱਡਾ ਸਾਲਾਨਾ ਜੋੜ ਮੇਲਾ ਲੱਗਿਆ ਕਰਦਾ ਸੀ। ਉੱਥੇ ਪੰਡਿਤ ਬੀਰਬਲ, ਘੱਲ ਕਲਾਂ ਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਗਿਰਦ ਬਣ ਗਏ। ੧੯੪੭ ਈ. ਦੀ ਵੰਡ ਤੋਂ ਪਹਿਲਾਂ ਦੇ ਜ਼ਮਾਨੇ ਵਿਚ ਸੋਹਣ ਸਿੰਘ ਘੁਕੇਵਾਲੀ, ਗਿ. ਸੋਹਣ ਸਿੰਘ ਸੀਤਲ, ਕਪੂਰ ਸਿੰਘ ਰੂੜੇ ਆਸਲ, ਗੋਪਾਲ ਸਿੰਘ ਗੋਹਲਵੜ, ਕਰਨੈਲ ਸਿੰਘ ਦਬੁਰਜੀ ਢਾਡੀ ਅਤੇ ਕਵੀਸ਼ਰ ਤੇ ਸ਼ਾਇਰ ਬਾਬੂ ਰਜਬ ਅਲੀ ਸਾਹੋਕੇ ਵਾਲੇ ਮੋਹਣ ਸਿੰਘ ਘਰਿਆਲਾ ਜੀ ਸਮਕਾਲੀ ਸਨ।

੧੯੪੭ ਈ. ਤੋਂ ਬਾਅਦ ਉਹ ਘਰਿਆਲੇ ਆ ਵੱਸੇ। ਉਸ ਵਕਤ ਉਨ੍ਹਾਂ ਦੇ ਸਮਕਾਲੀ ਜਗੀਰ ਸਿੰਘ ਮਸਤ, ਜੋਗਾ ਸਿੰਘ ਜੋਗੀ, ਬਲੀ ਸਿੰਘ (ਨਿਹੰਗ ਸਿੰਘ) ਗੰਡੀਵਿੰਡ, ਪਿਆਰਾ ਸਿੰਘ ਪੰਛੀ, ਕਰਨੈਲ ਸਿੰਘ ਪਾਰਸ (ਬਲਵੰਤ ਸਿੰਘ ਰਾਮੂਵਾਲੀਆ ਦੇ ਪਿਤਾ) ਆਦਿ ਸਨ।

ਉਨ੍ਹਾਂ ਦੇ ਸ਼ਗਿਰਦਾਂ ਦਾ ਘੇਰਾ ਵੀ ਬਹੁਤ ਵਿਸ਼ਾਲ ਸੀ। ਸ਼ਗਿਰਦਾਂ ਵਿਚ ਮੁੱਖ ਸਨ- ਬਲਦੇਵ ਸਿੰਘ ਬੈਂਕਾ, ਸਰੂਪ ਸਿੰਘ ਸੂਰਵਿੰਡ, ਯੋਧਾ ਸਿੰਘ ਖਿਆਲਾ ਅਤੇ ਜਰਨੈਲ ਸਿੰਘ ਸਭਰਾ ਆਦਿ। ਇਨ੍ਹਾਂ ਤੋਂ ਇਲਾਵਾ ਕਾਫੀ ਗਿਣਤੀ ਵਿਚ ਉਨ੍ਹਾਂ ਦੇ ਸ਼ਗਿਰਦ ਸਨ।

ਉਨ੍ਹਾਂ ਦੀਆਂ ਪੁਰਾਣੀਆਂ ਗਾਥਾਵਾਂ ਦੀ ਕਵੀਸ਼ਰੀ ਲੋਕਾਂ ਵਿਚ ਬੜੀ ਮਕਬੂਲ ਹੋਈ। ਗੁਰੂ ਇਤਿਹਾਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਜੰਗਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਉਨ੍ਹਾਂ ਇਤਿਹਾਸਿਕ ਸਿੱਖ ਇਸਤਰੀਆਂ ਬਾਰੇ ਵੀ ਕਈ ਕਵੀਸ਼ਰੀ ਪ੍ਰਸੰਗ ਲਿਖੇ।

ਉਨ੍ਹਾਂ ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਬਾਬਾ ਬੋਤਾ ਸਿੰਘ ਜੀ, ਬਾਬਾ ਗਰਜਾ ਸਿੰਘ ਜੀ, ਭਾਈ ਮਨੀ ਸਿੰਘ ਜੀ ਅਤੇ ਭਾਈ ਤਾਰਾ ਸਿੰਘ ਜੀ ਵਾਂ ਆਦਿ ਬਾਰੇ ਕਈ ਪ੍ਰਸੰਗ ਲਿਖੇ ਜੋ ਅੱਜ ਵੀ ਉਨ੍ਹਾਂ ਦੇ ਸ਼ਗਿਰਦ ਕਵੀਸ਼ਰ ਸਟੇਜਾਂ 'ਤੇ ਬੜੇ ਫ਼ਖਰ ਨਾਲ ਗਾਉਂਦੇ ਹਨ।

ਪੰਜਾਬ ਦੇ ਅਜ਼ਾਦੀ ਸੰਗਰਾਮੀਆਂ ਬਾਰੇ ਵੀ ਉਨ੍ਹਾਂ ਬਹੁਤ ਕੁਝ ਲਿਖਿਆ, ਜਿਨ੍ਹਾਂ ਵਿਚ ਸ਼ਹੀਦ ਊਧਮ ਸਿੰਘ ਸੁਨਾਮ, ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ, ਗ਼ਦਰੀ ਬਾਬੇ, ਬੱਬਰ ਅਕਾਲੀ ਲਹਿਰ ਤੇ ਨਾਮਧਾਰੀ ਕੂਕਾ ਲਹਿਰ ਆਦਿ ਬਾਰੇ ਜ਼ਿਕਰ ਮਿਲਦਾ ਹੈ। ਆਪਣੇ ਦੇਸ਼-ਭਗਤੀ ਦੇ ਜਜ਼ਬਾਤਾਂ ਨੂੰ ਉਨ੍ਹਾਂ ਆਪਣੀ ਕਲਮ ਤੋਂ ਇਸ ਤਰ੍ਹਾਂ ਪੇਸ਼ ਕੀਤਾ ਹੈ:

ਭਗਤ ਰੱਬ ਦਾ ਬਣਨਾ ਬਹੁਤ ਔਖਾ, ਔਖਾ ਦੇਸ ਦਾ ਭਗਤ ਅਖਵਾਵਣਾ ਜੇ।
ਜਿਊਂਦੀ ਜਿੰਦ ਨੂੰ ਚਿਖਾ 'ਤੇ ਚਾੜ੍ਹ ਦੇਣਾ, ਸੜ ਵਾਂਗ ਪਤੰਗਿਆ ਜਾਵਣਾ ਜੇ।

ਜਦ ਸਿੰਘ ਅਨੰਦਪੁਰ ਤੋਂ ਦਸਵੇਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਆਪਣੇ ਘਰਾਂ ਨੂੰ ਪਰਤ ਆਏ ਤਾਂ ਮਾਤਾ ਭਾਗੋ ਜੀ ਨੇ ਬੇਦਾਵੀਏ ਸਿੰਘਾਂ ਨੂੰ ਵੰਗਾਰਿਆ:

ਅਸੀਂ ਚੱਲ ਕੇ ਗੁਰਾਂ ਤੋਂ ਜਿੰਦ ਵਾਰੀਏ

ਤੁਸੀ ਪਾ ਲਓ ਚੂੜੀਆਂ ਛੱਲੇ।...

ਸਿੱਖ ਦੀ ਸ਼ਾਨ ਬਾਰੇ ਉਨ੍ਹਾਂ ਲਿਖਿਆ:-

ਜਿਹੜੀਆਂ ਕੌਮਾਂ ਨੂੰ ਮਰਨ ਦਾ ਢੰਗ ਆਇਆ,
ਉਹ ਕਿਸੇ ਤੋਂ ਮਾਰਿਆਂ, ਮਰਦੀਆਂ ਨਹੀਂ।
ਜਿਹੜੀਆਂ ਕੌਮਾਂ, 'ਚ ਨਹੀ ਗੱਦਾਰ ਹੁੰਦੇ,
ਉਹ ਕੌਮਾਂ ਤਾਂ ਕਿਸੇ ਤੋਂ ਹਰਦੀਆਂ ਨਹੀਂ।

ਜ਼ਿੰਦਗੀ ਬਾਰੇ ਵੀ ਉਨ੍ਹਾਂ ਦਾ ਨਜ਼ਰੀਆ ਬਹੁਤ ਸਪੱਸ਼ਟ ਹੈ:

...ਹੁੰਦਾ ਏ ਖਾਲਕ ਖੁਸ਼ ਉਨ੍ਹਾਂ 'ਤੇ, ਸਾਫ ਜਿਨ੍ਹਾਂ ਦੀਆਂ ਨੀਅਤਾਂ ਨੇ।
ਅੱਵਲ ਤਾਂ ਦੁਨੀਆਂ, 'ਚ ਆਉਣਾ ਔਖਾ, ਜ਼ਿੰਦਗੀ ਨੂੰ ਜ਼ਿੰਦਗੀ ਬਣਾਉਣਾ ਔਖਾ।

ਆਪਣੇ ਤੋਂ ਵੱਡਿਆਂ ਦੀ ਇੱਜ਼ਤ ਕਰਨ ਬਾਰੇ ਉਹ ਲਿਖਦੇ ਹਨ:

...ਹੁਸਨ, ਜਵਾਨੀ, ਮਾਪੇ ਵਿਕਦੇ ਨਹੀਂ ਦੁਕਾਨਾਂ 'ਤੇ।

ਉਨ੍ਹਾਂ ਦੀਆਂ ਅਨੇਕਾਂ ਟੂਕਾਂ ਹਨ, ਜੋ ਲੋਕਾਂ ਦੀ ਜ਼ਬਾਨ 'ਤੇ ਮੁਹਾਵਰਿਆਂ ਵਾਂਗ ਚੜ੍ਹ ਗਈਆਂ ਹਨ।

੧੯੪੭ ਈ. ਵਿਚ ਪੰਜਾਬ ਦੀ ਵੰਡ, ਪੰਜਾਬੀਆਂ, ਖਾਸ ਕਰਕੇ ਸਿੱਖਾਂ ਵਾਸਤੇ ਇਕ ਬੜਾ ਵੱਡਾ ਦੁਖਾਂਤ ਸੀ। ਜਿਸ ਵਿਚ ਉਨ੍ਹਾਂ ਦਾ ਬੜਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਹਰ ਸ਼ਾਇਰ ਤੇ ਲੇਖਕ ਨੇ ਇਸ ਦੁਖਾਂਤ ਦਾ ਜ਼ਿਕਰ ਆਪਣੀਆਂ ਕਵਿਤਾਵਾਂ ਤੇ ਲਿਖਤਾਂ ਵਿਚ ਬੜੇ ਮਾਰਮਿਕ ਸ਼ਬਦਾਂ ਵਿਚ ਕੀਤਾ ਹੈ। ਸੀਤਲ ਜੀ ਨੇ ਵੀ ਇਸ ਵੰਡ ਕਾਰਨ ਪੰਜਾਬੀਆਂ ਤੇ ਅਕਹਿ ਤੇ ਅਸਹਿ ਕਸ਼ਟਾਂ ਦਾ ਜ਼ਿਕਰ 'ਪੰਜਾਬ ਦਾ ਉਜਾੜਾ' ਨਾਮਕ ਪੁਸਤਕ ਵਿਚ ਕੀਤਾ ਹੈ। ਪੰਡਿਤ ਜੀ ਨੇ ਵੀ ਵੰਡ ਦੌਰਾਨ ਇਕ ਲੜਕੀ, ਜਿਸ ਦਾ ਸਾਰਾ ਪਰਵਾਰ ਫਿਰਕੂ ਕਤਲ-ਏ-ਆਮ ਦੀ ਭੇਟ ਚੜ੍ਹ ਗਿਆ ਸੀ, ਜੋ ਇਕੱਲੀ ਬਚ ਕੇ ਚੜ੍ਹਦੇ ਪੰਜਾਬ 'ਚ ਆਈ ਸੀ, ਉਸ ਦੀ ਦੁਖਾਂਤਕ ਦਾਸਤਾਨ 'ਸਾਵੇਂ' ਨਾਮਕ ਕਵਿਤਾ ਵਿਚ ਲੜਕੀ ਦੇ ਮੂੰਹੋਂ ਬੜਾ ਤਰਸਯੋਗ ਵਰਣਨ ਕਰਾਉਂਦੇ ਹਨ। ਉਹ ਕਹਿੰਦੀ ਹੈ:

ਸਾਵੇਂ ਸਾਵਿਆਂ ਦੇ, ਮੈਨੂੰ ਸਾਵੇਂ ਰਤਾ ਨਾ ਛੱਡਿਆ ਏ।
ਪਿਓ ਦਾਦਾ ਜਿਸ ਥਾਂ ਵਸਦਾ ਸੀ, ਉਸ ਘਰ 'ਚੋਂ ਸਾਨੂੰ ਕੱਢਿਆ ਏ।
ਇਹ ਕਿੱਕਲੀ ਆਖਣ ਵੀਰੇ ਦੀ, ਮੇਰੇ ਵੀਰੇ ਘੱਤ ਵਹੀਰ ਗਏ।
ਮਾਂ ਹੁੰਦੀ ਪੂੜੇ ਤਲ ਦੇਂਦੀ, ਮੇਰੇ ਸੁਖ ਦੇ ਦਿਨ ਅਖੀਰ ਗਏ।
ਦਸ ਮੈਨੂੰ ਸਾਵੇਂ ਆਂਹਦੇ ਕੀ, ਕੀ ਮੈਂ ਇਨ੍ਹਾਂ ਨਾਲ ਸਾਵੀਂ ਹਾਂ।
ਤਾਹੀਂਓਂ ਮੇਰੇ ਵੀਰਾ ਮੋਹਣ ਸਿੰਘਾ! ਬੈਠੀ ਮੈਂ ਪਰੇ ਨਥਾਵੀਂ ਹਾਂ।

ਪੰਜਾਬ ਦੀ ਵੰਡ ਕਾਰਨ ਖੁਸ਼ਹਾਲ ਵਸਦੇ ਪੰਜਾਬੀ ਆਰਥਿਕ ਪੱਖੋਂ ਕੱਖੋਂ ਹੌਲੇ ਹੋ ਗਏ। ਲੱਖਾਂ-ਪਤੀ, ਕੱਖਾਂ-ਪਤੀ ਬਣ ਗਏ। ਕੱਖਾਂ ਪਤੀ ਹੋਣ ਦੇ ਬਾਵਜੂਦ ਕਿਸੇ ਪੰਜਾਬੀ ਏਧਰ ਆ ਕੇ ਕਿਸੇ ਅੱਗੇ ਹੱਥ ਨਹੀਂ ਅੱਡਿਆ। ਇਸ ਆਰਥਿਕ ਮੰਦਹਾਲੀ

ਦਾ ਜ਼ਿਕਰ ਉਨ੍ਹਾਂ ਆਪਣੀ ਕਵਿਤਾ ਵਿਚ ਇੰਝ ਕੀਤਾ ਹੈ:

ਦੁਨੀਆ ਆਟਾ ਆਟਾ ਕਰਦੀ, ਆਟਾ ਹੱਥ ਨਾ ਆਇਆ ਜੇ।
ਹਲੋ, ਸਾਧੋ ਕੇ ਤੇ ਜੁਲਕੇ, ਸੁਫਨਾ ਹੋ ਗਏ ਕਣਕਾਂ ਦੇ ਫੁਲਕੇ।

ਮੈਨੂੰ ਯਾਦ ਹੈ, ਪਾਕਿਸਤਾਨ ਬਣਨ ਤੋਂ ਛੇਤੀ ਬਾਅਦ ਲੋਕ ਕਣਕ ਦੀ ਥਾਂ ਕਈ ਸਾਲ ਛੋਲਿਆਂ ਦੀਆਂ ਰੋਟੀਆਂ ਖਾਂਦੇ ਰਹੇ ਸਨ। ਉਕਤ ਕਾਵਿ- ਸਤਰਾਂ ਵਿਚ ਹਲੋ, ਸਾਧੋ ਕੇ, ਜੁਲਕੇ ਪਿੰਡਾਂ ਦੇ ਨਾਂ ਹਨ।

ਆਪਣੀ ਜਨਮ-ਭੂਮੀ ਛੱਡਣੀ ਬੜੀ ਮੁਸ਼ਕਲ ਹੁੰਦੀ ਹੈ। ਜੇ ਕਿਸੇ ਕਾਰਨ ਛੁੱਟ ਜਾਵੇ ਤਾਂ ਪੀੜ੍ਹੀਆਂ ਤਕ ਭੁਲਦੀ ਨਹੀਂ। ਇਕ ਵਾਰ ਪਾਕਿਸਤਾਨ ਸੁਪਰੀਮ ਕੋਰਟ ਦਾ ਜਸਟਿਸ ਜਲੰਧਰ ਜ਼ਿਲ੍ਹੇ ਵਿਚ ਆਪਣੇ ਬਜ਼ੁਰਗਾਂ ਦਾ ਪਿੰਡ ਵੇਖਣ ਆਇਆ। ਪਿੰਡ ਪਹੁੰਚ ਕੇ ਉਸ ਨੇ ਆਪਣੇ ਬਜ਼ੁਰਗਾਂ ਦੇ ਪਿੰਡ ਦੀ ਗਲੀ ਦੀ ਧੂੜ ਆਪਣੇ ਮੱਥੇ ਨਾਲ ਲਾਈ। ਪਿੰਡ ਵਾਲਿਆਂ ਨੇ ਉਸ ਦਾ ਬੜਾ ਇਸਤਕਬਾਲ (ਸਵਾਗਤ) ਕੀਤਾ। ਉਸ ਦੇ ਬਜ਼ੁਰਗਾਂ ਦਾ ਮਕਾਨ ਨਾਨਕਸ਼ਾਹੀ ਇੱਟਾਂ ਦਾ ਬਣਿਆ ਹੋਇਆ ਸੀ। ਚੀਫ਼ ਜਸਟਿਸ ਨੇ ਪਿੰਡ ਵਾਲਿਆਂ ਤੋਂ ਮੰਗ ਕੀਤੀ- "ਸਰਦਾਰੋ! ਜੇ ਆਖੋ ਤਾਂ ਮੈਂ ਆਪਣੇ ਬਜ਼ੁਰਗਾਂ ਦੇ ਮਕਾਨ ਦੀਆਂ ਪੰਜ ਨਾਨਕ ਸ਼ਾਹੀ ਇੱਟਾਂ ਲੈ ਜਾਵਾਂ?" ਇਹ ਸੁਣ ਕੇ ਸਮੇਤ ਜਸਟਿਸ ਸਾਹਿਬ ਦੇ ਪਿੰਡ ਵਾਲਿਆਂ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ।

ਏਸ ਤਰ੍ਹਾਂ ਭਾਵੇਂ ਪੰਡਿਤ ਮੋਹਣ ਸਿੰਘ ਰਾਜੇ ਜੰਗ ਤੋਂ ਉੱਜੜ ਕੇ ਘਰਿਆਲੇ ਆ ਵੱਸੇ ਸਨ, ਪਰ ਉਹ ਆਪਣੇ ਜੱਦੀ ਪਿੰਡ ਰਾਜੇ ਜੰਗ ਨੂੰ ਕਦੇ ਨਹੀਂ ਭੁੱਲੇ। ਇਕ ਕਵਿਤਾ ਵਿਚ ਆਪਣੇ ਪਿੰਡ ਨੂੰ ਯਾਦ ਕਰਦਿਆਂ ਉਨ੍ਹਾਂ ਲਿਖਿਆ ਹੈ:

ਰਾਜੇ ਜੰਗ ਆ ਗਿਆ ਮੈਂ ਪਿੱਛੇ ਛੱਡ ਕੇ, ਬਾਰੀ ਸ਼ਹਿਰ ਸੱਜਣੋ।
ਹੁਣ ਇੱਥੇ ਬਹਿ ਗਿਆ ਦਲੀਲ ਗੱਡ ਕੇ, ਗਿਆ ਹਾਂ ਠਹਰ ਸੱਜਣੋ।...
ਪਿੰਡ ਘਰਿਆਲਾ ਹੈ ਟਿਕਾਣਾ ਸੰਗਤੇ।

ਇਸੇ ਤਰ੍ਹਾਂ ਗਿਆਨੀ ਸੋਹਣ ਸਿੰਘ ਸੀਤਲ ਜੀ ਵੀ ਆਪਣੀ ਜੀਵਨ ਕਹਾਣੀ, 'ਵੇਖੀ ਮਾਣੀ ਦੁਨੀਆਂ' ਵਿਚ ਲਿਖਦੇ ਹਨ ਕਿ, "੪੭ ਤੋਂ ਪਹਿਲਾਂ ਮੈਂ ਕਾਦੀਵਿੰਡ ਪਿੰਡ ੧੦੦ ਕਿੱਲੇ ਦਾ ਮਾਲਕ ਸਾਂ। ਬੇਸ਼ੱਕ ਮੈਂ ਲੁਧਿਆਣੇ ਆ ਕੇ ਕਾਦੀਵਿੰਡ ਨਾਲੋਂ ਖੁਸ਼ਹਾਲ ਹਾਂ ਪਰ ਜਦ ਵੀ ਕਦੇ ਸੁਪਨਾ ਆਉਂਦਾ ਹੈ ਤਾਂ ਕਾਦੀਵਿੰਡ ਦੀ ਨਿਆਈਂ ਦਾ ਹੀ ਆਉਂਦਾ ਹੈ, ਲੁਧਿਆਣੇ ਵਿਚਲੇ ਸੀਤਲ ਭਵਨ ਦਾ ਨਹੀਂ।" ਇਹ ਹੈ ਜਨਮ ਭੂਮੀ ਦਾ ਰਿਸ਼ਤਾ।

ਪੰਡਿਤ ਮੋਹਣ ਸਿੰਘ ਨੇ ਘਰਿਆਲੇ ਆ ਕੇ ਆਪਣੇ ਜੱਦੀ ਕੰਮ ਖੇਤੀਬਾੜੀ ਦੇ ਨਾਲ-ਨਾਲ ਕਵੀਸ਼ਰੀ ਵੀ ਕੀਤੀ ਤੇ ਨਾਮਣਾ ਵੀ ਖੱਟਿਆ। ਉਨ੍ਹਾਂ ਸਾਰੀ ਉਮਰ ਕੋਈ ਨਸ਼ਾ ਨਹੀਂ ਕੀਤਾ। ਸਮਾਜਿਕ ਬੁਰਾਈਆਂ ਦੇ ਖ਼ਿਲਾਫ ਰੱਜ ਕੇ ਕਵੀਸ਼ਰੀ ਕੀਤੀ। ਮੈਨੂੰ ਯਾਦ ਹੈ ਜਦ ਗਵਰਨਰ ਪੰਜਾਬ ਨੇ ਮਿਲਾਵਟ ਖ਼ਿਲਾਫ ਮੁਹਿੰਮ ਵਿੱਢੀ ਤਾਂ ਆਪ ਨੇ ਆਪਣੀ ਕਵੀਸ਼ਰੀ ਵਿਚ ਅੱਡ-ਅੱਡ ਮਿਲਾਵਟਾਂ ਦਾ ਜ਼ਿਕਰ ਕੀਤਾ, ਜਿਸ ਨੇ ਲੋਕਾਂ ਵਿਚ

ਮਿਲਾਵਟਾਂ ਪ੍ਰਤੀ ਜਾਣਕਾਰੀ ਦਿੱਤੀ। ਮੈਨੂੰ ਅੱਜ ਤਕ ਦੋ ਸਤਰਾਂ ਯਾਦ ਹਨ:

ਘਿਓ ਦੇ ਵਿਚ ਗਰੀਸ ਨੇ ਪਾਉਂਦੇ, ਪਤਾ ਲੱਗੇ ਡਕਾਰਾਂ ਤੋਂ।
ਖਾਲਸ ਚੀਜ਼ ਕਿਤੇ ਨਹੀਂ ਮਿਲਦੀ, ਸ਼ਹਿਰ, ਗਲੀ ਬਜ਼ਾਰਾਂ 'ਚੋਂ।

ਉਨ੍ਹਾਂ ਦਾ ਜੀਵਨ ਇਕ ਮਾਡਲ ਜੀਵਨ ਸੀ। ਉਨ੍ਹਾਂ ਜੋ ਕੁਝ ਆਪਣੀ ਕਵੀਸ਼ਰੀ ਵਿਚ ਕਿਹਾ, ਉਸ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਵੀ ਦਿਤਾ। ਪੈਸਾ ਤੇ ਲਾਲਚ ਵੀ ਉਨ੍ਹਾਂ ਦੀ ਕਲਮ ਨੂੰ ਸੱਚ ਕਹਿਣੋਂ ਰੋਕ ਨਾ ਸਕਿਆ। ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਆਪਣੀ ਕਵੀਸ਼ਰੀ ਰਾਹੀਂ ਘਰ-ਘਰ ਪਹੁੰਚਾਇਆ। ਪੰਜਾਬ ਦੀ ਵੰਡ ਤੇ ਪੰਜਾਬੀਆਂ ਦੀ ਆਪਸ ਵਿਚ ਕਤਲੋਗਾਰਤ ਨੇ ਉਨ੍ਹਾਂ ਦੇ ਮਨ 'ਤੇ ਢੂੰਘੀ ਸੱਟ ਮਾਰੀ। ਲਾਇਲਪੁਰ ਤੇ ਮਿੰਟਗੁਮਰੀ ਦੀਆਂ ਬਾਰਾਂ ਦੀਆਂ ਖੁੱਲੀਆਂ ਜ਼ਮੀਨਾਂ ਛੱਡ ਕੇ ਆਏ ਮਾਲਕਾਂ ਦੀਆਂ ਜ਼ਮੀਨਾਂ 'ਤੇ ਇਧਰ ਆ ਕੇ ਕੱਟ ਲੱਗਾ, ਤਾਂ ਉਨ੍ਹਾਂ ਨੇ ਆਪਣੀ ਕਵੀਸ਼ਰੀ ਵਿਚ ਉਸ ਦਾ ਜ਼ਿਕਰ ਇੰਝ ਕੀਤਾ- *ਸਾਡੀਆਂ ਜ਼ਮੀਨਾਂ 'ਤੇ ਕੱਟ ਲੱਗਾ ਅਸੀਂ ਪਨਾਹ ਗੀਰ ਬਣੇ।...*

ਇਹ ਚੀਸ ਸਦਾ ਉਨ੍ਹਾਂ ਦੇ ਮਨ ਵਿਚ ਸਦਾ ਹਉਕੇ ਦਾ ਰੂਪ ਧਾਰਣ ਕਰਦੀ ਰਹੀ। ਉਨ੍ਹਾਂ ਦਾ ਕਹਿਣਾ ਸੀ ਕਿ ਜ਼ਮੀਨਾਂ ਭਾਵੇਂ ਸਾਨੂੰ ਪੂਰੀਆਂ ਨਹੀਂ ਮਿਲੀਆਂ ਪਰ ਗੈਰ-ਕੁਦਰਤੀ ਹੱਦਾਂ ਸਦੀਵੀ ਨਹੀਂ ਰਹਿਣਗੀਆਂ। ਅਸੀਂ ਰੋਜ਼ਾਨਾ ਅਰਦਾਸ ਕਰਦੇ ਹਾਂ ਅਤੇ ਅਰਦਾਸ ਦੇ ਇਹ ਸ਼ਬਦ ਕਿ, "ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਤੇ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਖਾਲਸਾ ਜੀ ਨੂੰ ਬਖਸ਼ੋ" ਜ਼ਰੂਰ ਇੱਕ ਦਿਨ ਪੂਰੇ ਹੋਣਗੇ। ਸੀਤਲ ਜੀ ਨੇ ਵੀ ਆਪਣੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਅਜਿਹੀਆਂ ਹੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ ਕਿ ਲਹਿੰਦਾ ਤੇ ਚੜ੍ਹਦਾ ਪੰਜਾਬ ਜ਼ਰੂਰ ਇਕ ਦਿਨ ਇਕ ਹੋ ਜਾਣਗੇ। ਇਹ ਖਾਹਿਸ਼ (ਚੀਸ) ਦਾ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

ਨਨਕਾਣੇ ਦੀ ਧਰਤੀ ਅੱਜ ਨਲੂਏ ਨੂੰ ਪੁਕਾਰਦੀ।...

ਮਨੁੱਖ ਇਸ ਦੁਨੀਆ ਵਿਚ ਆ ਕੇ ਜੋ ਕੰਮ ਕਰਦਾ ਹੈ ਉਸ ਕਰਕੇ ਹੀ ਯਾਦ ਕੀਤਾ ਜਾਂਦਾ। ਚੰਗੇ ਕੰਮਾਂ ਰਾਹੀਂ ਯਾਦ ਕੀਤਾ ਜਾਣਾ ਜ਼ਿੰਦਗੀ ਹੈ ਤੇ ਮਾੜੇ ਕੰਮਾਂ ਰਾਹੀਂ ਯਾਦ ਕੀਤਾ ਜਾਣਾ ਮੌਤ ਹੈ। ਇਹ ਮਹਾਨ ਕਵੀਸ਼ਰ ੮ ਫਰਵਰੀ, ੨੦੦੫ ਈ. ਨੂੰ ੮੭ ਸਾਲ ਦੀ ਉਮਰ ਵਿਚ ਗੁਰ-ਚਰਨਾਂ ਵਿਚ ਜਾ ਬਿਰਾਜਿਆ।

ਅੱਜ ਵੀ ਉਹ ਆਪਣੀ ਸੱਚੀ-ਸੁੱਚੀ ਕਵੀਸ਼ਰੀ ਰਾਹੀਂ ਆਪਣੇ ਸਰੋਤਿਆਂ ਤੇ ਸ਼ਗਿਰਦਾਂ ਦੇ ਰੂਪ ਵਿਚ ਸਦਾ ਜਿਊਂਦੇ ਰਹਿਣਗੇ। ਉਨ੍ਹਾਂ ਦਾ ਸਪੁੱਤਰ ਸ. ਸੁਰਿੰਦਰ ਸਿੰਘ ਘਰਿਆਲਾ, ਇਕ ਵਕੀਲ ਦੇ ਤੌਰ 'ਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਲੋਕਾਈ ਦੀ ਸੇਵਾ ਕਰ ਰਿਹਾ ਹੈ। ਕਵੀਸ਼ਰ ਮੋਹਣ ਸਿੰਘ ਘਰਿਆਲਾ ਆਪਣੀਆਂ ਕਰਨੀਆਂ ਤੇ ਕਵੀਸ਼ਰੀ ਰਾਹੀਂ ਅਮਰ ਹਨ। ਜਿਵੇਂ ਸੀਤਲ ਜੀ ਨੇ ਲਿਖਿਆ ਹੈ:

ਸੀਤਲਾ ਜਾਣੇ ਬਿਨਸ ਸਰੀਰ ਦੇ ਪਿੱਛੇ ਰਹਿਣਗੇ, ਮਾਨਸ ਕੀਤੇ ਜੋ ਸ਼ੁਭ ਕਰਮ ਨੇ ਜਾਮਾ ਧਾਰ ਕੇ।

ਕੰਚਨ ਕਾਇਆ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ

*-ਡਾ. ਸ਼ਿਆਮ ਸੁੰਦਰ ਦੀਪਤੀ**

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧)

ਉਕਤ ਪੰਕਤੀ ਗੁਰੂ ਜੀ ਦੀ ਜਪੁਜੀ ਸਾਹਿਬ ਬਾਣੀ ਵਿੱਚੋਂ ਹੈ, ਜੋ ਕਿ ਇਕ ਨਿਵੇਕਲੇ ਢੰਗ ਨਾਲ ਲਿਖੀ ਗਈ ਹੈ। ਜਿਵੇਂ ਇਹ ਪ੍ਰਸ਼ਨ ਹੀ ਹੈ ਕਿ, ਸਚਿਆਰਾ ਕਿਵੇਂ ਹੋਇਆ ਜਾਵੇ? ਸੱਚ ਦਾ ਸਾਥ ਕਿਵੇਂ ਲੱਭਿਆ ਜਾਵੇ।

ਇਸ ਤੋਂ ਅਗਲੀ ਪੰਕਤੀ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਗੱਲ ਦਾ ਭਾਵ ਹੈ ਕਿ ਸਚਿਆਰ ਹੋਣ ਲਈ ਕੂੜ ਦਾ ਪੱਲਾ ਛੱਡਣਾ ਪਵੇਗਾ। ਅਸੀਂ ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਵਿਚਾਰਾਂ ਜਾਂ ਕਹੀਏ ਬਹੁਤੇ ਵਿਚਾਰਾਂ ਨੂੰ ਵਿਚਾਰਿਆ ਹੀ ਨਹੀਂ ਹੈ। ਉਹ ਚਾਹੇ ਵਾਤਾਵਰਨ ਦੀ ਗੱਲ ਹੈ ਜਾਂ ਸੰਸਾਰ ਵਿਚ ਫ਼ੈਲੇ ਅੰਧ-ਵਿਸ਼ਵਾਸ ਅਤੇ ਹੋਰ ਅਜਿਹੇ ਕਾਰਜਾਂ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਸਾਢੇ ਪੰਜ ਸਦੀਆਂ ਪਹਿਲਾਂ ਠੁਕਰਾਉਣ ਲਈ ਕਿਹਾ।

ਅਸਲ ਵਿਚ 'ਹੁਕਮਿ ਰਜਾਈ' ਦਾ ਮਤਲਬ ਹੈ- ਕੁਦਰਤ ਦੀ ਰਜ਼ਾ ਵਿਚ ਰਹਿਣਾ ਹੈ। ਕੁਦਰਤ ਦੇ ਆਪਣੇ ਨਿਯਮ ਹਨ ਅਤੇ ਅਸੀਂ ਕੁਦਰਤ ਦਾ ਹਿੱਸਾ ਹੁੰਦੇ ਹੋਏ ਉਨ੍ਹਾਂ ਨਿਯਮਾਂ/ਹੁਕਮਾਂ ਨੂੰ ਮੰਨਣ ਲਈ ਵਚਨਬਧ ਹਾਂ। ਉਨ੍ਹਾਂ ਹੁਕਮਾਂ ਨੂੰ ਨਾ ਮੰਨ ਕੇ ਉਨ੍ਹਾਂ ਕੁਦਰਤ ਦੇ ਨੇਮਾਂ 'ਤੇ ਨਾ ਚੱਲ ਕੇ ਅਸੀਂ ਜੋ ਹਸ਼ਰ ਭੋਗ ਰਹੇ ਹਾਂ ਉਸ ਤੋਂ ਸਭ ਜਾਣੂ ਹਨ।

ਵਰਤਮਾਨ ਸਮੇਂ ਸਮਾਜ ਵਿਚ ਸਭ ਤੋਂ ਵੱਧ ਮਾਨਸਿਕ ਸਮੱਸਿਆਵਾਂ ਦੀ ਗੱਲ ਹੋ ਰਹੀ ਹੈ ਜਿਸ ਦਾ ਵੱਡਾ ਕਾਰਨ ਹੈ ਕਿ ਅਸੀਂ ਕੁਦਰਤ ਨੂੰ ਅੱਖੋ-ਪਰੋਖੇ ਕਰ ਦਿੱਤਾ ਹੈ। ਇੱਥੇ ਅਸੀਂ ਇਕ ਛੋਟੀ ਜਿਹੀ ਉਦਾਹਰਨ ਨਾਲ ਗੱਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ- ਸਵੇਰੇ ਸੂਰਜ ਦੀ ਲੋਅ ਨਾਲ ਸਾਰੇ ਪੰਛੀ ਜੀਵਨ ਹਾਸਲ ਕਰਦੇ ਹਨ, ਹਰ ਪਾਸੇ ਚਹਿਚਹਾਟ ਸ਼ੁਰੂ ਹੋ ਜਾਂਦੀ ਹੈ, ਇੱਥੋਂ ਤਕ ਕਿ ਦਰੱਖਤ ਵੀ ਆਪਣੇ ਫੁੱਲਾਂ-ਪੱਤਿਆਂ ਰਾਹੀਂ ਸੂਰਜ ਦੇ ਨਾਲ ਅੰਗੜਾਈ ਲੈਂਦੇ ਹਨ। ਅਸੀਂ ਆਪਣੇ ਜੀਵਨ ਵਿਚ ਕੁੱਕੜ ਦੀ ਬਾਂਗ ਦਾ ਸਹਾਰਾ ਲੈ ਕੇ ਉੱਠਣ ਦੀ ਕੋਸ਼ਿਸ਼ ਕਰਦੇ ਸੀ ਪਰ ਉਹ ਬਾਂਗ ਕਿਸੇ ਭਲੇ ਸਮੇਂ ਦੀ ਗੱਲ ਹੈ ਜਾਂ ਅਜੇ ਵੀ ਕੁਝ-ਕੁ ਪਿੰਡਾਂ ਵਿਚ ਸੁਣਾਈ ਦਿੰਦੀ ਹੋਵੇਗੀ; ਨਹੀਂ ਤਾਂ ਅਕਸਰ ਕਈ ਲੋਕ ਅੰਮ੍ਰਿਤ-ਵੇਲੇ ਸਵੇਰੇ

**ਈ-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਬਿਸਤਰੇ ਵਿਚ ਹੀ ਵੜੇ ਹੁੰਦੇ ਹਨ।

ਗੱਲ ਇੱਥੇ ਹੀ ਨਹੀਂ ਰਹੀ ਬਲਕਿ ਗੱਲ ਬਹੁਤ ਅੱਗੇ ਤਕ ਪਹੁੰਚ ਚੁੱਕੀ ਹੈ। ਰਾਤ ਦਾ ਇਹ ਸਮਾਂ ਕੁਦਰਤ ਵੱਲੋਂ ਅਰਾਮ ਕਰਨ ਲਈ ਨਿਰਧਾਰਿਤ ਹੈ ਤਾਂ ਉਸ ਵੇਲੇ ਕਈ ਲੋਕ ਕਲੱਬਾਂ-ਹੋਟਲਾਂ ਆਦਿ ਵਿਚ ਨੱਚ ਰਹੇ ਹੁੰਦੇ ਹਨ। ਤਾਂ ਫਿਰ ਅਸੀਂ ਅੰਮ੍ਰਿਤ ਵੇਲੇ ਕਿਵੇਂ ਜਾਗਾਂਗੇ? ਕਹਿਣ ਦਾ ਮਤਲਬ ਕਿ ਅਸੀਂ ਕੁਦਰਤ ਦੇ ਚੱਕਰ ਨੂੰ ਉਲਟ-ਪੁਲਟ ਕਰ ਦਿੱਤਾ ਹੈ। ਕਲੱਬਾਂ ਵਿਚ ਕੀ ਹੁੰਦਾ ਹੈ, ਇਹ ਦੱਸਣ ਦੀ ਲੋੜ ਨਹੀਂ ਹੈ। ਇਸ ਤੋਂ ਇਲਾਵਾ ਮੌਜੂਦਾ ਵਪਾਰੂ ਸੋਚ ਨੇ ਸਾਡੇ ਵਿਚ ਕਾਲ ਸੈਂਟਰ ਆ ਵਾੜੇ ਹਨ ਜੋ ਕਿ ਇੱਥੇ ਕੰਮ ਕਰਨ ਵਾਲਿਆਂ ਨੂੰ ਰਾਤਾਂ ਸਮੇਂ ਵੀ ਜਗਾਉਂਦੇ ਹਨ ਤੇ ਗਾਹੇ-ਬਗਾਹੇ ਉਨ੍ਹਾਂ ਨਾਲ ਅਸੀਂ ਵੀ ਜਾਗਦੇ ਹਾਂ।

ਇੱਥੇ ਇਹ ਸਾਰੀਆਂ ਗੱਲਾਂ ਕਰਨ ਦਾ ਮਤਲਬ ਹੈ ਕਿ ਇਸ ਨਾਲ ਆਖਰ ਵਾਪਰ ਕੀ ਰਿਹਾ ਹੈ? ਮਕਸਦ ਤਾਂ ਇੱਥੇ ਮਨੁੱਖੀ ਜ਼ਿੰਦਗੀ ਨੂੰ ਸਿਹਤਮੰਦ ਕਰਨ ਦੀ ਗੱਲ ਹੈ ਪਰੰਤੂ ਦੂਜੇ ਪਾਸੇ ਇਸ ਨਵੀਂ ਜੀਵਨ-ਜਾਚ ਨਾਲ ਲੋਕਾਂ ਦੇ ਘਰਾਂ ਵਿਚ ਦਵਾਇਆਂ, ਗੋਲੀਆਂ, ਕੈਪਸੂਲਾਂ ਦਾ ਅੰਬਾਰ ਲੱਗ ਰਿਹਾ ਹੈ। ਬਿਮਾਰੀ ਦੀਆਂ ਪਰਚੀਆਂ ਦੀ ਗਿਣਤੀ ਵਧ ਰਹੀ ਹੈ। ਜੇ ਸੰਖੇਪ ਵਿਚ ਕਹੀਏ ਤਾਂ ਸਭ ਤੋਂ ਵੱਡੀ ਅਤੇ ਘਾਤਕ ਬਿਮਾਰੀ ਦਿਲ ਦੀਆਂ ਬਿਮਾਰੀਆਂ, ਬਲੱਡ ਪ੍ਰੈਸ਼ਰ ਨਾਲ ਸੰਬੰਧਿਤ ਬਿਮਾਰੀਆਂ ਦਿਨ-ਪ੍ਰਤੀ-ਦਿਨ ਵਧ ਰਹੀਆਂ ਹਨ। ਇਸ ਜੀਵਨ-ਸ਼ੈਲੀ ਦਾ ਅਸਰ ਮਨੁੱਖ ਦੇ ਪਾਚਨ-ਤੰਤਰ 'ਤੇ ਵੀ ਪੈ ਰਿਹਾ ਹੈ ਤੇ ਉਸ ਦੇ ਨਾਲ ਗੈਸ, ਕਬਜ਼ ਵਰਗੀਆਂ ਅਨੇਕਾਂ ਬਿਮਾਰੀਆਂ ਰੋਜ਼ਾਨਾ ਮਨੁੱਖੀ ਜ਼ਿੰਦਗੀ ਦਾ ਹਿੱਸਾ ਬਣ ਰਹੀਆਂ ਹਨ। ਜਿਨ੍ਹਾਂ ਤੋਂ ਅਗਾਂਹ ਹੋਰ ਬੀਮਾਰੀਆਂ ਵਧਦੀਆਂ ਹਨ।

ਮਨੁੱਖ ਕੋਲ ਆਪਣੇ ਆਲੇ-ਦੁਆਲੇ ਨੂੰ ਸਮਝਣ ਦੀ ਜਾਚ ਹੈ। ਬਹੁਤੀਆਂ ਬਿਮਾਰੀਆਂ ਨੂੰ ਵੀ ਉਸ ਨੇ ਆਪਣੇ ਨੇੜੇ ਰਹਿੰਦੇ ਲੋਕਾਂ ਦੇ ਵਿਵਹਾਰ ਤੋਂ ਸਿੱਖਿਆ ਹੈ। ਕੀ ਉਸ ਨੂੰ ਬਿਮਾਰੀ ਦੀਆਂ ਪਰਚੀਆਂ ਪ੍ਰੇਸ਼ਾਨ ਨਹੀਂ ਕਰਦੀਆਂ ਜਾਂ ਉਹ ਇਨ੍ਹਾਂ ਤੋਂ ਅਵੇਸਲਾ ਹੈ। ਘੱਟੋ-ਘੱਟ ਇਹ ਪ੍ਰੇਸ਼ਾਨੀ ਜੋ ਸਾਰਾ ਦਿਨ ਨਾਲ ਰਹਿੰਦੀ ਹੈ ਬੰਦੇ ਨੂੰ ਖਿਝਾਉਂਦੀ ਹੈ, ਗੁੱਸਾ ਚੜ੍ਹਾਉਂਦੀ ਹੈ, ਕੀ ਉਹ ਇਸ ਦਾ ਕਾਰਨ ਵੀ ਨਹੀਂ ਜਾਣਨਾ ਚਾਹੁੰਦਾ ਜਾਂ ਉਸ ਨੂੰ ਕਾਰਨ ਸਮਝ ਨਹੀਂ ਆ ਰਿਹਾ?

ਮਨੁੱਖ ਇੰਨਾ ਕੁ ਸਿਆਣਾ ਤਾਂ ਹੈ ਕਿ ਉਹ ਹਰ ਬਿਮਾਰੀ ਦੀ ਤਹਿ ਤਕ ਪਹੁੰਚ ਸਕਦਾ ਹੈ ਅਤੇ ਉਸ ਨੂੰ ਬਿਮਾਰੀ ਨਾਲ ਨਜਿੱਠਣਾ ਵੀ ਆਉਂਦਾ ਹੈ ਪਰ ਇਸ ਹਾਲਤ ਵਿਚ ਕਿੱਥੇ ਕਮੀ ਹੈ? ਸਹੀ ਕਹੀਏ ਤਾਂ ਮਨੁੱਖ ਦੀਆਂ ਅੱਖਾਂ 'ਤੇ ਪਰਦਾ ਪਿਆ ਹੋਇਆ ਹੈ, ਕਿਉਂਕਿ ਉੱਥੋਂ ਤਕ ਪਹੁੰਚਣ ਲਈ ਵਿਅਕਤੀ ਨੂੰ ਠੰਡੇ ਦਿਮਾਗ ਨਾਲ ਬੈਠ ਕੇ ਸੋਚਣ ਦੀ ਲੋੜ ਹੈ ਜਾਂ ਕਿਸੇ ਨਾਲ ਮਿਲ ਕੇ ਇਹ ਸਭ ਦਾ ਸਮਾਂ ਨਾ ਹੋਣਾ, ਜਾਂ ਕਾਹਲ ਵੀ ਮਾਨਸਿਕ ਸਿਹਤ ਦੀ ਹੀ ਨਿਸ਼ਾਨੀ ਹੈ। ਮਨੁੱਖ ਕੋਲ ਸਮਾਂ ਕਿਉਂ

ਨਹੀਂ ਹੈ? ਇਹ ਸੋਚਣ ਵਾਲੀ ਗੱਲ ਹੈ ਕਿਉਂਕਿ ਮਨੁੱਖ ਨੇ ਆਪਣੀ ਗੱਲ ਨੂੰ ਵਿਗਾੜ ਲਿਆ ਹੈ। ਜੇ ਸਾਰੀ ਗੱਲ ਇੱਕ ਨੁਕਤੇ 'ਤੇ ਲੈ ਕੇ ਆਉਣੀ ਹੋਵੇ ਤਾਂ ਉਹ ਹੈ ਕਿ ਅਸੀਂ ਕੁਦਰਤ ਦਾ ਹੀ ਹਿੱਸਾ ਹਾਂ। ਜੇ ਮਨੁੱਖ ਨੇ ਕੁਦਰਤ ਦੇ ਹੁਕਮਾਂ ਹੇਠ ਨਹੀਂ ਵੀ ਰਹਿਣਾ ਤਾਂ ਵੀ ਉਸ ਨੂੰ ਕੁਦਰਤ ਦਾ ਹਾਣੀ ਤਾਂ ਜ਼ਰੂਰ ਹੋਣਾ ਚਾਹੀਦਾ ਹੈ।

ਕੁਦਰਤ ਤਾਂ ਆਪਣੇ ਹਰੇਕ ਜੀਵਨ ਨੂੰ ਚਾਹੇ ਸਾਰੀ ਬਨਸਪਤੀ (ਦਰੱਖਤ, ਫੁੱਲ ਪੱਤੇ) ਹਨ, ਚਾਹੇ ਜੀਵ-ਜੰਤੂ ਆਦਿ ਸਭ ਨੂੰ ਤੰਦਰੁਸਤ ਦੇਖਣਾ ਚਾਹੁੰਦੀ ਹੈ। ਜੇ ਅਸੀਂ ਕੁਦਰਤ ਦੇ ਪਾਣੀ ਅਤੇ ਹਵਾ ਦੀ ਗੱਲ ਕਰੀਏ ਤਾਂ ਦੋਵੇਂ ਹੀ ਜੀਵਨ ਰੱਖਿਅਕ ਹਨ, ਦੋਵੇਂ ਹੀ ਜੀਵਨ ਸਿਰਜਕ ਹਨ, ਪਰ ਮਨੁੱਖ ਦੀ ਬੁੱਧੀ ਇੰਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਉਸ ਨੂੰ ਇਨ੍ਹਾਂ ਦੋ ਮੁੱਖ ਸਰੋਤਾਂ ਦੀ ਹੀ ਸਮਝ ਨਹੀਂ ਆ ਰਹੀ। ਹਵਾ ਤੇ ਪਾਣੀ ਵਿਚ ਜ਼ਹਿਰ ਘੁਲ ਰਿਹਾ। ਇਹ ਨਹੀਂ ਕਿ ਮਨੁੱਖ ਨੂੰ ਪਤਾ ਨਹੀਂ ਅਤੇ ਨਾ ਹੀ ਇਹ ਕੰਮ ਅਨਜਾਣੇ ਵਿਚ ਹੋ ਰਿਹਾ। ਇਹ ਸਿਰਫ ਲਾਲਸਾ ਹੈ। ਲਾਲਸਾ ਵੀ ਜੇ ਕਹੀਏ ਤਾਂ ਮਰਨ ਦੀ ਲਾਲਸਾ। ਕਿਉਂਕਿ ਜ਼ਹਿਰ ਨੇ ਆਖਿਰ ਆਪਣਾ ਅਸਰ ਤਾਂ ਦਿਖਾਣਾ ਹੈ, ਉਹ ਚਾਹੇ ਸਾਹ ਦੀ ਬਿਮਾਰੀ ਹੋਵੇ, ਚਾਹੇ ਕੈਂਸਰ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਗੁਰਬਾਣੀ ਦੇ ਅਰੰਭ ਵਿਚ ਹੀ ਇਨ੍ਹਾਂ ਨੂੰ ਜੀਵਨ ਕਿਹਾ ਹੈ। ਉਨ੍ਹਾਂ ਪਵਨ ਨੂੰ ਗੁਰੂ ਤੇ ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦੀ ਉਪਾਧੀ ਦਿੱਤੀ। ਸਵਾਲ ਇਹ ਹੈ ਕਿ ਸਚਿਆਰਾ ਕਿਵੇਂ ਹੋਇਆ ਜਾਵੇ? ਇਹ ਰਾਹ ਕੋਈ ਔਖਾ ਨਹੀਂ ਹੈ, ਅਸੰਭਵ ਵੀ ਨਹੀਂ। ਰਾਹ ਇੱਕੋ ਹੀ ਹੈ, ਉਹੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਾਢੇ ਪੰਜ ਸਦੀਆਂ ਪਹਿਲਾਂ ਆਪਣੀ ਬਾਣੀ ਵਿਚ ਦਿਖਾਇਆ ਹੈ, ਉਹ ਹੈ- ਕੁਦਰਤ ਦਾ ਰਾਹ।

■

ਭਾਈ ਸਾਹਿਬ ਸਿਰਦਾਰ ਕਪੂਰ ਸਿੰਘ... ***ਪੰਨਾ ੬੬ ਦਾ ਬਾਕੀ***

ਸਿਰਦਾਰ ਕਪੂਰ ਸਿੰਘ ੧੯੮੨ ਈ. ਵਿਚ ਚੰਡੀਗੜ੍ਹ ਤੋਂ ਪੱਕੇ ਤੌਰ 'ਤੇ ਆਪਣੇ ਜੱਦੀ ਘਰ ਵਿਖੇ ਰਹਿਣ ਲੱਗ ਪਏ ਸਨ। ਉਨ੍ਹਾਂ ਨੂੰ ਅਖੀਰਲੇ ਸਾਲਾਂ ਦੌਰਾਨ ਅਧਰੰਗ ਦੀ ਬਿਮਾਰੀ ਨੇ ਘੇਰਾ ਪਾ ਲਿਆ। ਸਾਕਾ ਨੀਲਾ ਤਾਰਾ ਦਾ ਇਸ ਬਹੁਪੱਖੀ ਸ਼ਖ਼ਸੀਅਤ ਤੇ ਬਹੁਤ ਅਸਰ ਹੋਇਆ। ੧੩ ਅਗਸਤ, ੧੯੮੬ ਈ. ਨੂੰ ਸਵੇਰੇ ੪ ਵਜ ਕੇ ੧੦ ਮਿੰਟ 'ਤੇ ਉਹ ਇਸ ਫਾਨੀ ਸੰਸਾਰ ਨੂੰ ਜਗਰਾਉਂ ਵਿਖੇ ਅਲਵਿਦਾ ਕਹਿ ਗਏ। ਅਜਿਹੀ ਮਹਾਨ ਸ਼ਖ਼ਸੀਅਤ ਬਾਰੇ ਅਲਾਮਾ ਇਕਬਾਲ ਦਾ ਇਹ ਸ਼ੇਅਰ ਪੂਰਾ ਢੁੱਕਦਾ ਹੈ:

ਹਜ਼ਾਰੋਂ ਬਰਸ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ।

■

ਅਗਸਤ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ ਅਤੇ ਦਿਹਾੜੇ:

ਮਹਾਰਾਣੀ ਜਿੰਦਾਂ (ਜਿੰਦ ਕੌਰ)

(੦੧ ਅਗਸਤ ਨੂੰ ਚਲਾਣਾ)

*-ਡਾ. ਗੁਰਪ੍ਰੀਤ ਸਿੰਘ**

ਮਹਾਰਾਣੀ ਜਿੰਦਾਂ (ਜਿੰਦ ਕੌਰ) ਦਾ ਜਨਮ ਸ. ਮੰਨਾ ਸਿੰਘ ਔਲਖ ਦੇ ਘਰ ਪਿੰਡ ਚਾਹੜ੍ਹ, ਤਹਿਸੀਲ ਜ਼ਫ਼ਰਵਾਲ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ੧੮੧੭ ਈ. ਵਿਚ ਹੋਇਆ।[੧] ਜਿੰਦਾਂ ਦੀ ਪਾਲਣਾ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ। ਧਾਰਮਿਕ ਵਿੱਦਿਆ ਦੇ ਨਾਲ-ਨਾਲ ਉਨ੍ਹਾਂ ਨੂੰ ਇਤਿਹਾਸ ਤੇ ਕੁਝ ਰਾਜਨੀਤੀ ਦੇ ਗ੍ਰੰਥ ਵੀ ਪੜ੍ਹਾਏ ਗਏ।

ਜਿੰਦ ਕੌਰ ਦਾ ਜੀਜਾ ਜਵਾਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਅਹਿਲਕਾਰ ਸੀ। ਉਸ ਨੇ ਹੀ ਜਿੰਦ ਕੌਰ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਵਾਇਆ।[੨] ਜਿੰਦ ਕੌਰ ਦਾ ਵਿਆਹ ੧੮੩੫ ਈ. ਵਿਚ ਹੋਇਆ। ੬ ਸਤੰਬਰ, ੧੮੩੮ ਈ. ਨੂੰ ਮਹਾਰਾਣੀ ਜਿੰਦਾਂ ਦੇ ਘਰ ਦਲੀਪ ਸਿੰਘ ਨੇ ਜਨਮ ਲਿਆ। ਜੂਨ ੧੮੩੯ ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਨਾਲ ਹੀ ਡੋਗਰਿਆਂ ਨੇ ਸਾਜ਼ਿਸ਼ਾਂ ਦਾ ਜਾਲ ਵਿਛਾ ਦਿੱਤਾ। ਉਨ੍ਹਾਂ ਨੇ ਇਕ-ਇਕ ਕਰਕੇ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ, ਕੰਵਰ ਸ਼ੇਰ ਸਿੰਘ ਤੇ ਰਾਣੀ ਚੰਦ ਕੌਰ ਨੂੰ ਮਰਵਾ ਦਿੱਤਾ। ਅਖੀਰ ੧੮ ਸਤੰਬਰ, ੧੮੪੩ ਈ. ਨੂੰ ਕੰਵਰ ਦਲੀਪ ਸਿੰਘ ਨੂੰ ਪੰਜਾਬ ਦਾ ਬਾਦਸ਼ਾਹ ਬਣਾ ਦਿੱਤਾ। ਹੀਰਾ ਸਿੰਘ ਡੋਗਰਾ ਵਜ਼ੀਰ ਬਣਿਆ। ਡੋਗਰਿਆਂ ਅਤੇ ਪੰਡਤ ਜੱਲੇ ਨੇ ਸਿੱਖ ਦਰਬਾਰ ਨੂੰ ਆਪਣੇ ਹੱਥਾਂ ਵਿਚ ਕਰ ਲਿਆ ਤਾਂ ਮਹਾਰਾਣੀ ਜਿੰਦਾਂ ਨੇ ਸਿੱਖ ਜਰਨੈਲਾਂ ਨੂੰ ਬੇਨਤੀ ਕੀਤੀ ਕਿ ਹੀਰਾ ਸਿੰਘ ਤੋਂ ਸਿੱਖ ਰਾਜ ਨੂੰ ਬਚਾਇਆ ਜਾਵੇ। ਸਿੱਖ ਫ਼ੌਜ ਨੇ ਹੀਰਾ ਸਿੰਘ ਨੂੰ ਖ਼ਤਮ ਕਰ ਦਿੱਤਾ।

ਮਹਾਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵਜ਼ੀਰ ਬਣਾ ਦਿੱਤਾ ਗਿਆ। ਪ੍ਰਿਥੀ ਸਿੰਘ ਡੋਗਰੇ ਨੇ ਫ਼ੌਜਾਂ ਨੂੰ ਲਾਲਚ ਦੇ ਕੇ ਜਵਾਹਰ ਸਿੰਘ ਦੇ ਵਿਰੁੱਧ ਖੜ੍ਹਾ ਕਰ ਦਿੱਤਾ। ਜਵਾਹਰ ਸਿੰਘ ਨੂੰ ੨੧ ਸਤੰਬਰ, ੧੮੪੫ ਈ. ਨੂੰ ਕਤਲ ਕਰ ਦਿੱਤਾ। ਜਵਾਹਰ ਸਿੰਘ ਤੋਂ ਬਾਅਦ ਮਿਸਰ ਲਾਲ ਸਿੰਹੁ ਵਜ਼ੀਰ ਬਣਿਆ ਅਤੇ ਤੇਜ ਸਿੰਹੁ ਸਿੱਖ ਫ਼ੌਜਾਂ ਦਾ ਮੁਖੀ ਬਣ ਗਿਆ। ਇਨ੍ਹਾਂ ਦੋਹਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਇਸ ਤਰ੍ਹਾਂ ਦੀ ਗੌਂਦ ਗੁੰਦੀ ਕਿ ਕੁਝ ਕੁ ਮਹੀਨਿਆਂ ਵਿਚ ਹੀ ਅੰਗਰੇਜ਼ ਲਾਹੌਰ ਦਰਬਾਰ ਦੇ ਹਾਕਮ ਬਣ ਗਏ। ਫਰੈਡਰਿਕ ਕਰੀ ਨੂੰ ਮਹਾਰਾਣੀ ਜਿੰਦਾਂ ਸਭ ਤੋਂ ਖ਼ਤਰਨਾਕ ਲਗਦੀ ਸੀ। ਉਸ ਨੇ ਸਾਜ਼ਿਸ਼ਾਂ ਰਚ ਕੇ ਮਹਾਰਾਣੀ ਜਿੰਦਾਂ ਨੂੰ ਪਹਿਲਾਂ ਲਾਹੌਰ ਕਿਲ੍ਹੇ ਵਿਚ ਹੀ ਕੈਦ ਰੱਖਿਆ ਤੇ ਮਹਾਰਾਜਾ ਦਲੀਪ ਸਿੰਘ ਨੂੰ ਮਿਲਣ 'ਤੇ ਪਾਬੰਦੀ ਲਗਾ ਦਿੱਤੀ। ਆਖ਼ਰ ਮਹਾਰਾਣੀ ਜਿੰਦਾਂ ਨੂੰ ੧੯ ਅਗਸਤ, ੧੮੪੭ ਈ. ਨੂੰ ਲਾਹੌਰ ਤੋਂ ਸ਼ੇਖੂਪੁਰਾ ਭੇਜ ਦਿੱਤਾ ਅਤੇ ਮਈ ੧੮੪੮ ਨੂੰ ਬਨਾਰਸ ਭੇਜ ਦਿੱਤਾ। ਮਹਾਰਾਣੀ ਜਿੰਦਾਂ ਨੂੰ ਕੈਦ ਵਿਚ

* *ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

ਰੱਖ ਕੇ ਬੇਇੱਜ਼ਤ ਕੀਤਾ ਜਾਣ ਲੱਗਾ। ੧੪ ਜੁਲਾਈ, ੧੮੪੮ ਈ. ਨੂੰ ਉਸ ਦੇ ਸਾਰੇ ਕੱਪੜੇ ਉਤਰਵਾ ਕੇ ਉਸ ਦੀ ਜਾਮਾ ਤਲਾਸ਼ੀ ਲਈ ਗਈ। ਉਸ ਦੇ ੫੦ ਲੱਖ ਰੁਪਏ ਦੇ ਗਹਿਣੇ ਅਤੇ ਦੋ ਲੱਖ ਰੁਪਏ ਜ਼ਬਤ ਕਰ ਲਏ ਗਏ। ਬਨਾਰਸ ਦੇ ਕਿਲ੍ਹੇ ਤੋਂ ਮਹਾਰਾਣੀ ਨੂੰ ਚਿਨਾਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ੧੮ ਅਪ੍ਰੈਲ, ੧੮੪੯ ਈ. ਨੂੰ ਮਹਾਰਾਣੀ ਜਿੰਦਾਂ ਅੱਧੀ ਰਾਤ ਵੇਲੇ ਇਕ ਉਦਾਸੀ ਸੰਤਣੀ ਦਾ ਭਗਵਾਂ ਵੇਸ ਕਰ ਕੇ ਕਿਲ੍ਹੇ ਵਿੱਚੋਂ ਅਜ਼ਾਦ ਹੋ ਗਈ।[੩]

ਉਹ ਭੁੱਖੀ ਤਿਹਾਈ ਭਟਕਦੀ ਨੇਪਾਲ ਦੇ ਰਾਣਾ ਜੰਗ ਬਹਾਦਰ ਕੋਲ ਪਹੁੰਚੀ। ਮਹਾਰਾਣੀ ਜਿੰਦਾ ਨੇਪਾਲ ਵਿਚ ਬਾਰ੍ਹਾਂ ਸਾਲ ਰਹੀ। ਉਸ ਦਾ ਰਾਜ ਭਾਗ ੨੯ ਮਾਰਚ ੧੮੪੯ ਈ. ਨੂੰ ਖ਼ਤਮ ਕਰ ਦਿੱਤਾ ਗਿਆ। ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ, ਜਿੱਥੇ ਉਸ ਨੂੰ ੮ ਮਾਰਚ, ੧੮੫੩ ਈ. ਨੂੰ ਈਸਾਈ ਬਣਾ ਲਿਆ ਗਿਆ।[੪] ਪੁੱਤਰ ਦੀ ਯਾਦ ਵਿਚ ਰੋ ਰੋ ਕੇ ਜਿੰਦਾਂ ਦੀਆਂ ਅੱਖਾਂ ਦੀ ਜੋਤ ਖ਼ਤਮ ਹੋ ਗਈ। ਕਈ ਤਰਲਿਆਂ ਤੋਂ ਬਾਅਦ ਅੰਗਰੇਜ਼ਾਂ ਨੇ ਮਾਂ-ਪੁੱਤ ਦਾ ਮਿਲਾਪ ਫਰਵਰੀ ੧੮੬੧ ਈ. ਵਿਚ ਕਲਕੱਤੇ ਕਰਵਾਇਆ।

ਮਾਂ-ਪੁੱਤ ਗਲੇ ਲੱਗ ਕੇ ਮਿਲੇ। ਗਿਆਨੀ ਸੋਹਣ ਸਿੰਘ ਸੀਤਲ ਲਿਖਦੇ ਹਨ ਕਿ ਜਦ ਮਾਂ ਨੇ ਪੁੱਤ ਦੀ ਕੰਡ 'ਤੇ ਹੱਥ ਫੇਰਦੇ ਹੋਏ ਸਿਰ 'ਤੇ ਹੱਥ ਖੜਿਆ ਤਾਂ ਉਸ ਦੀਆਂ ਧਾਹਾਂ ਨਿਕਲ ਤੁਰੀਆਂ। ਉਹ ਲੰਮੇ ਲੰਮੇ ਹਉਕੇ ਭਰਦੀ ਬੋਲੀ, "ਹੇ ਬੁਰੀ ਤਕਦੀਰ। ਤੂੰ ਮੇਰਾ ਸਿਰਤਾਜ ਖੋਹਿਆ, ਮੇਰਾ ਰਾਜ ਭਾਗ ਖੋਹਿਆ, ਮੇਰਾ ਕੋਹਿਨੂਰ ਖੋਹਿਆ, ਮੈਨੂੰ ਪਵਿੱਤਰ ਜਨਮ ਭੂਮੀ ਪੰਜਾਬ ਤੋਂ ਵਿਛੋੜ ਦਿੱਤਾ ਤੇ ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੀ ਕੁਲ ਵਿੱਚੋਂ ਖੋਹ ਲਈਓ ਈ? ਤੂੰ ਇਹ ਵੀ ਨਾ ਵੇਖ ਸੁਖਾਈਓ?" ਅੱਜ ਮੇਰੀ ਬੰਸ ਵਿਚ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਮੁੱਕ ਗਿਆ।[੫] ਦਲੀਪ ਸਿੰਘ ਨੇ ਮਾਂ ਦੇ ਪੈਰਾਂ 'ਤੇ ਪੈ ਕੇ ਸਹੁੰ ਖਾਧੀ ਕਿ ਤੇਰੀ ਕੁਲ ਵਿੱਚੋਂ ਗਈ ਹੋਈ ਸਿੱਖੀ ਫਿਰ ਪਰਤਾ ਲਿਆਵਾਂਗਾ। (ਦਲੀਪ ਸਿੰਘ ੧੮੮੬ ਈ. ਵਿਚ ਸਿੰਘ ਸਜ ਗਿਆ ਸੀ) ਮਹਾਰਾਣੀ ਜਿੰਦਾਂ ਜੁਲਾਈ ੧੮੬੧ ਈ. ਵਿਚ ਵਲਾਇਤ ਦਲੀਪ ਸਿੰਘ ਕੋਲ ਚਲੀ ਗਈ। ਉੱਥੇ ਹੀ ਮਹਾਰਾਣੀ ਜਿੰਦਾਂ ੦੧ ਅਗਸਤ, ੧੮੬੩ ਈ. ਨੂੰ ਅਕਾਲ ਚਲਾਣਾ ਕਰ ਗਈ। ਉਸ ਤੋਂ ਅੰਗਰੇਜ਼ ਏਨਾ ਜ਼ਿਆਦਾ ਡਰਦੇ ਸਨ ਕਿ ਉਸ ਦਾ ਸਰੀਰ ਤਾਂ ਕੀ, ਉਸ ਦੀ ਰਾਖ ਵੀ ਪੰਜਾਬ ਦੀ ਧਰਤੀ 'ਤੇ ਨਹੀਂ ਆਉਣ ਦਿੱਤੀ ਗਈ। ਮਹਾਰਾਣੀ ਜਿੰਦਾਂ ਦਾ ਸਸਕਾਰ ਨਰਮਦਾ ਨਦੀ ਦੇ ਕੰਢੇ ਬੰਬਈ ਕੋਲ ਕੀਤਾ ਗਿਆ। ਉਸ ਦੀ ਵਿਭੂਤੀ ਵੀ ਨਰਬਦਾ ਨਦੀ ਵਿਚ ਹੀ ਵਹਾ ਦਿੱਤੀ ਗਈ। ਉਸ ਸ਼ੇਰ ਦਿਲ ਇਸਤਰੀ ਨੇ ਸਿੱਖ ਰਾਜ ਲਈ ਆਖ਼ਰੀ ਸਾਹ ਤਕ ਜਦੋ-ਜਹਿਦ ਕੀਤੀ। ਅੰਗਰੇਜ਼ ਉਸ ਤੋਂ ਏਨਾ ਜ਼ਿਆਦਾ ਡਰਦੇ ਸਨ ਕਿ ਲਾਰਡ ਡਲਹੌਜੀ ਨੇ ਲਿਖਿਆ ਸੀ ਕਿ ਪੰਜਾਬ ਵਿਚ ਇਕੱਲੀ ਰਾਣੀ ਜਿੰਦ ਕੌਰ ਹੀ ਮਰਦਾਂ ਵਾਲੀ ਹਸਤੀ ਰੱਖਦੀ ਹੈ।

ਹਵਾਲੇ :

੧. (ੳ) ਸੋਹਣ ਸਿੰਘ ਸਿੰਘ ਸੀਤਲ, *ਮਹਾਰਾਣੀ ਜਿੰਦਾਂ*, ਲਾਹੌਰ ਬੁਕ ਸ਼ਾਪ, ਲੁਧਿਆਣਾ, ੨੦੧੩, ਪੰਨਾ ੯, (ਅ)

ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ ੯੬੦, **੨.** ਸੋਹਣ ਸਿੰਘ ਸੀਤਲ, *ਮਹਾਰਾਣੀ ਜਿੰਦਾਂ*, ਪੰਨਾ ੯, **੩.** *ਉਹੀ*, ਪੰਨਾ ੯੩, **੪.** *ਉਹੀ*, ਪੰਨਾ ੯੬, **੫.** *ਉਹੀ*, ਪੰਨਾ ੯੮.

ਭਗਤ ਪੂਰਨ ਸਿੰਘ ਜੀ

(੦੫ ਅਗਸਤ ਨੂੰ ਚਲਾਣਾ)

ਭਗਤ ਪੂਰਨ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜੇਵਾਲ ਵਿਚ ਇਕ ਹਿੰਦੂ ਪਰਵਾਰ ਲਾਲਾ ਸ਼ਿਬੂ ਮੱਲ ਖੱਤਰੀ ਦੇ ਘਰ ਮਾਈ ਮਹਿਤਾਬ ਕੌਰ ਦੀ ਕੁੱਖੋਂ ੪ ਜੂਨ ੧੯੦੪ ਈ. ਨੂੰ ਹੋਇਆ।[੧] ਇਸ ਦਾ ਮੁਢਲਾ ਨਾਮ ਰਾਮ ਜੀ ਦਾਸ ਸੀ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਰਾਮ ਜੀ ਦਾਸ ਤੋਂ ਪੂਰਨ ਸਿੰਘ ਬਣ ਗਏ। ਦਸਵੀਂ ਜਮਾਤ ਦੀ ਪੜ੍ਹਾਈ ਖੰਨਾ ਤੋਂ ਪ੍ਰਾਪਤ ਕੀਤੀ। ਦਸਵੀਂ ਵਿਚ ਫੇਲ੍ਹ ਹੋ ਜਾਣ 'ਤੇ ਖ਼ਾਲਸਾ ਹਾਈ ਸਕੂਲ ਲਾਹੌਰ ਵਿਖੇ ਦਾਖ਼ਲ ਹੋਏ। ਇਨ੍ਹਾਂ ਦੇ ਪਿਤਾ ਜੀ ਸ਼ਾਹੂਕਾਰ ਸਨ ਪਰ ੧੯੧੪ ਈ. ਦੇ ਭਿਆਨਕ ਕਾਲ ਨੇ ਪਰਵਾਰਕ ਰੋਜ਼ਗਾਰ ਬਰਬਾਦ ਕਰ ਦਿੱਤਾ। ਲਾਹੌਰ ਵਿਚ ਹੀ ਪੂਰਨ ਸਿੰਘ ਜੀ ਗੁਰਦੁਆਰਾ ਡੇਹਰਾ ਸਾਹਿਬ ਸੇਵਾ ਲਈ ਆਉਂਦੇ ਰਹੇ। ਇੱਥੇ ਆਪ ਜਲ-ਪਾਣੀ, ਲੰਗਰ, ਸਫ਼ਾਈ ਬਰਤਨਾਂ ਦੀ ਸੇਵਾ ਤੋਂ ਬਾਅਦ ਸੜਕਾਂ ਤੋਂ ਸ਼ੀਸ਼ੇ, ਪੱਥਰ, ਕਿੱਲ ਲਾਂਭੇ ਕਰਦੇ ਸਨ ਤਾਂ ਜੋ ਰਾਹਗੀਰਾਂ ਨੂੰ ਕੋਈ ਕਸ਼ਟ ਨਾ ਪਹੁੰਚੇ। ਫਿਰ ਲਾਇਬ੍ਰੇਰੀ ਵਿਚ ਬੈਠ ਉੱਚ ਖਿਆਲਾਂ ਨੂੰ ਪੜ੍ਹਨਾ ਤੇ ਪ੍ਰਚਾਰ ਹਿੱਤ ਵੰਡਣਾ ਭਗਤ ਪੂਰਨ ਸਿੰਘ ਜੀ ਦਾ ਨਿੱਤ ਕਾਰਜ ਸੀ।[੨] ੧੯੩੪ ਈ. ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਦਰਸ਼ਨੀ ਦੀਵਾਰ 'ਤੇ ਕੋਈ ੪ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਭਗਤ ਜੀ ਨੇ (ਪਾਕਿਸਤਾਨ ਵਿਚ) ਇਸ ਬੱਚੇ ਦੀ ੧੪ ਸਾਲ ਸੇਵਾ ਕੀਤੀ ਤੇ ੧੯੪੭ ਈ. ਵਿਚ ਉਸ ਨੂੰ ਭਾਰਤ ਨਾਲ ਲੈ ਆਏ। ਇਹ ਬੱਚਾ ਪਿਆਰਾ ਸਿੰਘ ਸੀ। ੧੯੪੭ ਈ. ਦੇਸ਼ ਵੰਡ ਪਿੱਛੋਂ ਪੂਰਨ ਸਿੰਘ ਜੀ ਨੇ ਕੁਝ ਸਮਾਂ ਖ਼ਾਲਸਾ ਕਾਲਜ ਦੇ ਸ਼ਰਨਾਰਥੀ ਕੈਂਪ ਵਿਚ ਬਤੀਤ ਕੀਤਾ। ਸ਼ਰਨਾਰਥੀ ਕੈਂਪ ਖਤਮ ਹੋਣ ਤੋਂ ਬਾਅਦ ਭਗਤ ਜੀ ਨੇ ਆਪਣੇ ਨਾਲ ਲੂਲ੍ਹੇ, ਪਿੰਗਲੇ ਤੇ ਅਪਾਹਜ਼ ਮਰੀਜ਼ਾਂ ਨਾਲ ਕੁਝ ਸਮਾਂ ਰੇਲਵੇ ਸਟੇਸ਼ਨ 'ਤੇ ਨਿਵਾਸ ਕੀਤਾ। ਫਿਰ ਉੱਥੋਂ ਨਿਕਲ ਕੇ ਦਰੱਖਤਾਂ ਦੀ ਛੱਤ ਹੇਠ ਬੇਸਹਾਰਿਆਂ ਦੀ ਪਾਲਣਾ ਕੀਤੀ। ਹੌਲੀ-ਹੌਲੀ ਲਵਾਰਸ ਅਪਾਹਜ਼ਾਂ ਦੀ ਗਿਣਤੀ ਵਧਦੀ ਗਈ ਤਾਂ ਭਗਤ ਜੀ ਨੇ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿਚ ਨਿਵਾਸ ਕੀਤਾ। ਉਹ ਸਿਨੇਮਾ ਵਿਕਣ ਲਈ ਉਸ ਦੀ ਬੋਲੀ ੩੫ ਹਜ਼ਾਰ ਲੱਗੀ ਤਾਂ ਭਗਤ ਪੂਰਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਨਾਲ ਇਹ ਇਮਾਰਤ ਖਰੀਦ ਕੇ ਇੱਥੇ ਪਿੰਗਲਵਾੜਾ ਸ਼ੁਰੂ ਕਰ ਦਿੱਤਾ।[੩] ਪਿੰਗਲਵਾੜੇ ਦੇ ਬਾਨੀ ਤੇ ਇਕ ਮਹਾਨ ਸੇਵਾਦਾਰ ਹੋਣ ਦੇ ਨਾਲ-ਨਾਲ ਭਗਤ ਜੀ ਉੱਚ ਕੋਟੀ ਦੇ ਵਿਦਵਾਨ ਲਿਖਾਰੀ ਵੀ ਸਨ। ਪੁਸਤਕਾਂ ਨਾਲ ਪ੍ਰੇਮ ਉਨ੍ਹਾਂ ਦਾ ਇੰਨਾ ਜ਼ਿਆਦਾ ਸੀ ਕਿ ਇਕ ਵਾਰ ਉਹ ਪ੍ਰਗਤੀ ਮੈਦਾਨ, ਦਿੱਲੀ ਵਿਖੇ ਲੱਗਿਆ ਪੁਸਤਕ

ਮੇਲਾ ਦੇਖਣ ਲਈ ਗਏ। ਗਿਆਨ ਦਾ ਏਨਾ ਵਿਸ਼ਾਲ ਭੰਡਾਰ ਵੇਖ ਕੇ ਭਗਤ ਜੀ ਭਾਵੁਕ ਹੋ ਗਏ। ਉਹ ਘੰਟਿਆਂ ਬੱਧੀ ਪੁਸਤਕਾਂ ਫਰੋਲਦੇ ਰਹੇ ਅਤੇ ਸ਼ਾਮ ਤਕ ਚਾਲੀ ਹਜ਼ਾਰ ਰੁਪਏ ਦੀਆਂ ਪੁਸਤਕਾਂ ਚੁਣ ਲਈਆਂ। ਪਰ ਜੇਬ ਵਿਚ ਪੈਸੇ ਏਨੇ ਥੋੜ੍ਹੇ ਸਨ ਕਿ ਉਨ੍ਹਾਂ ਨਾਲ ਸਿਰਫ ਦੋ ਪੁਸਤਕਾਂ ਹੀ ਖਰੀਦੀਆਂ ਜਾ ਸਕਦੀਆਂ ਸਨ। ਪੁਸਤਕ ਮਾਲਕਾਂ ਨੂੰ ਕਿਤਾਬਾਂ ਰਾਖਵੀਆਂ ਰਖਾ ਕੇ ਆਪ ਜੀ ਚਾਂਦਨੀ ਚੌਂਕ ਵਿਚ ਅਖਾੜਾ ਚਲਾ ਰਹੇ ਬਿਜਲੀ ਪਹਿਲਵਾਨ ਦੇ ਘਰ ਗਏ। ਪਰਵਾਰ ਨੇ ਪਰਸ਼ਾਦਾ ਪਾਣੀ ਪੇਸ਼ ਕੀਤਾ ਪਰ ਆਪ ਨੇ ਨਿਮਰਤਾ ਸਹਿਤ ਨਾਂਹ ਕਰ ਦਿੱਤੀ। ਫਿਰ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਪੈਸਿਆਂ ਦੀ ਲੋੜ ਹੈ, ਘਰ ਵਿਚ ਕਿੰਨੇ ਕੁ ਪੈਸੇ ਹਨ। ਘਰ ਦੇ ਖੂੰਜੇ ਫਰੋਲ ਕੇ ਲਗਪਗ ਵੀਹ ਹਜ਼ਾਰ ਰੁਪਏ ਬਣੇ। ਬਾਕੀ ਰਕਮ ਉਨ੍ਹਾਂ ਨੇ ਮਸੂਰੀ ਦੇ ਗੁਰੂ ਨਾਨਕ ਫਿਫਥ ਸੈਨੇਟੈਨਰੀ ਸਕੂਲ ਦੇ ਸੰਸਥਾਪਕ ਸ. ਮਹਿਤਾਬ ਸਿੰਘ ਦੇ ਬੇਟੇ ਜਸਪਾਲ ਸਿੰਘ ਤੋਂ ਉਧਾਰ ਲਈ। ਰਕਮ ਲੈ ਕੇ ਪੁਸਤਕ ਮੇਲੇ ਗਏ ਤੇ ਪੁਸਤਕਾਂ ਬੰਨ੍ਹਵਾਂ ਲਈਆਂ। ਪੁਸਤਕ ਸਟਾਲਾਂ ਦੇ ਮਾਲਕ ਹੈਰਾਨ ਸਨ ਕਿ ਦੁਰਬਲ ਜਿਹਾ ਫਕੀਰ ਦਾਹੜੀ ਅਤੇ ਕੇਸ ਖਿੰਡੇ ਹੋਏ, ਗਲ ਲੰਮਾ ਸਾਰਾ ਕੁੜਤਾ, ਚਾਦਰ ਦੀ ਬੁੱਕਲ, ਪੈਰੀਂ ਲੱਕੜ ਦੀਆਂ ਖੜਾਵਾਂ, ਕਿਤਾਬਾਂ ਖਰੀਦ ਰਿਹਾ ਸੀ।[੪] ਉਨ੍ਹਾਂ ਨੂੰ ਕੀ ਪਤਾ ਸੀ ਕਿ ਇਹ ਉੱਤਰੀ ਭਾਰਤ ਦਾ ਉਹ ਮਹਾਨ ਸੇਵਾਦਾਰ ਤੇ ਵਿਦਵਾਨ ਹੈ ਜੋ ਹਜ਼ਾਰਾਂ ਅਪਾਹਜ਼ਾਂ ਤੇ ਬੇਸਹਾਰਿਆਂ ਲਈ ਪਿੰਗਲਵਾੜਾ ਚਲਾ ਰਿਹਾ ਹੈ ਤੇ ਜੋ ਉਸ ਸਮੇਂ ਸਭ ਤੋਂ ਵੱਧ ਕਿਤਾਬਾਂ ਪੜ੍ਹ ਚੁੱਕਾ ਫਕੀਰ ਹੈ। ਭਗਤ ਪੂਰਨ ਸਿੰਘ ਜੀ ਨੂੰ ਵੱਖ-ਵੱਖ ਸਮਿਆਂ 'ਤੇ 'ਪਦਮ ਸ੍ਰੀ ਐਵਾਰਡ', 'ਹਾਰਮਨੀ ਐਵਾਰਡ', 'ਲੋਕ ਰਤਨ ਐਵਾਰਡ' ਅਤੇ 'ਭਾਈ ਘਨ੍ਹੱਈਆ ਐਵਾਰਡ' ਆਦਿ ਨਾਲ ਸਨਮਾਨਿਆ ਗਿਆ। ੧੯੮੪ ਈ. ਵਿਚ ਸ੍ਰੀ ਦਰਬਾਰ ਸਾਹਿਬ ਉੱਪਰ ਸਰਕਾਰ ਵੱਲੋਂ ਹਮਲੇ ਦੀ ਕਾਰਵਾਈ ਦੇ ਰੋਸ ਵਜੋਂ ਭਗਤ ਪੂਰਨ ਸਿੰਘ ਜੀ ਦੁਆਰਾ 'ਪਦਮ ਸ੍ਰੀ' ਵਾਪਸ ਕਰ ਦਿੱਤਾ ਗਿਆ ਸੀ। ਵੀਹਵੀਂ ਸਦੀ ਵਿਚ ਸੇਵਾ ਦੇ ਪੱਖ ਤੋਂ ਭਗਤ ਪੂਰਨ ਸਿੰਘ ਜੀ ਦਾ ਕੋਈ ਵੀ ਸਾਨੀ ਨਹੀਂ ਲੱਭਦਾ। ਇਸ ਮਹਾਨ ਸੇਵਾਦਾਰ ਦਾ ੫ ਅਗਸਤ, ੧੯੯੨ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਦੇਹਾਂਤ ਹੋਇਆ।[੫] ਪਰਮਾਤਮਾ ਇਸ ਦੁਨੀਆ ਉੱਪਰ ਭਗਤ ਪੂਰਨ ਸਿੰਘ ਵਰਗੀਆਂ ਸ਼ਖ਼ਸੀਅਤਾਂ ਨੂੰ ਭੇਜਦਾ ਰਹੇ, ਤਾਂ ਜੋ ਇਸ ਦੁਨੀਆ ਵਿੱਚੋਂ ਈਰਖਾ, ਵੈਰ ਅਤੇ ਖਤਮ ਹੋਣ ਤੇ ਪਿਆਰ, ਮੁਹੱਬਤ ਅਤੇ ਸੇਵਾ ਦੀ ਸ਼ੁਭ ਭਾਵਨਾ ਦਾ ਪਾਸਾਰ ਹੋਵੇ।

ਹਵਾਲੇ: **੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਤੀਜਾ, ਪੰਨਾ ੧੩੧੦, **੨.** ਰੂਪ ਸਿੰਘ (ਸੰਪ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ ੩੧੦, **੩.** ਉਹੀ, ਪੰਨਾ ੩੧੧, **੪.** ਹਰੀਸ਼ ਢਿਲੋਂ, *...ਭਗਤ ਪੂਰਨ ਸਿੰਘ*, (ਅਨੁ. ਦਲੀਪ ਸਿੰਘ ਉੱਪਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੮, ਪੰਨੇ ੭੩-੭੪, **੫.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਤੀਜਾ, ਪੰਨਾ ੧੩੧੧.

ਮੋਰਚਾ ਗੁਰੂ ਕਾ ਬਾਗ

(੦੯ ਅਗਸਤ)

ਗੁਰੂ ਕਾ ਬਾਗ ਤਹਿਸੀਲ ਅਜਨਾਲਾ ਵਿਚ ਅੰਮ੍ਰਿਤਸਰ ਤੋਂ ੧੩ ਮੀਲ ਦੀ ਵਿੱਥ 'ਤੇ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਹੈ। ਇੱਥੇ ਸੰਮਤ ੧੬੪੦ ਬਿ. ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਰਨ ਪਾਏ। ਇੱਥੇ ਹੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਮੰਡੀ ਦਾ ਰਾਜਾ ਆਇਆ ਸੀ। ਗੁਰੂ ਜੀ ਦੀ ਯਾਦ ਵਿਚ ਪਿੰਡ ਘੁਕੇਵਾਲੀ ਦੇ ਮੋਢੀ ਬਾਬਾ ਘੁਕੇ ਨੇ ਗੁਰਦੁਆਰਾ ਬਣਵਾਇਆ ਸੀ। ਉਸ ਸਮੇਂ ਇਸ ਅਸਥਾਨ ਦਾ ਨਾਮ 'ਗੁਰੂ ਕੀ ਰੋੜ' ਸੀ। ਸੰਮਤ ੧੭੨੧ ਬਿ. ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇੱਥੇ ਚਰਨ ਪਾਏ। ਉਨ੍ਹਾਂ ਦੀ ਯਾਦ ਵਿਚ ਬਾਬੇ ਘੁਕੇ ਦੀ ਸੰਤਾਨ ਵਿਚ ਬਾਬਾ ਲਾਲ ਚੰਦ ਤੇ ਇਲਾਕੇ ਦੇ ਸਿੱਖਾਂ ਨੇ ਇਕ ਨੌਂ ਮੰਜਲਾ ਮਕਾਨ ਬਣਵਾਇਆ। ਇਸ ਨਾਲ ਬੰਜਰ ਪਈ ਜ਼ਮੀਨ ਵਿਚ ਬਾਗ ਲਵਾ ਦਿੱਤਾ। ਜਿਸ ਤੋਂ ਗੁਰਦੁਆਰਾ ਸਾਹਿਬਾਨ ਦਾ ਨਾਮ 'ਗੁਰੂ ਕਾ ਬਾਗ' ਪ੍ਰਸਿੱਧ ਹੋਇਆ।[੧] ਜਦੋਂ ਮੁਗ਼ਲ ਰਾਜ ਸਮੇਂ ਸਿੱਖਾਂ ਉੱਪਰ ਬਹੁਤ ਸਖ਼ਤੀ ਹੋਈ ਤਾਂ ਹਾਕਮਾਂ ਨੇ ਇਹ ਨੌਂ ਮੰਜ਼ਲੀ ਯਾਦਗਾਰ ਗਿਰਾ ਦਿੱਤੀ ਸੀ।[੨] ਬਾਅਦ ਵਿਚ ਸਿੱਖਾਂ ਨੇ ਫਿਰ ਗੁਰਦੁਆਰਾ ਬਣਾਇਆ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰਾ ਸਾਹਿਬ ਦੇ ਨਾਮ ਕਾਫ਼ੀ ਜ਼ਮੀਨ ਬਣਾਈ ਸੀ। ਸਿੱਖ ਸਰਦਾਰਾਂ ਨੇ ਹੀ ਗੁਰਦੁਆਰਾ ਸਾਹਿਬ ਵਿਚ ਉਦਾਸੀ ਸਾਧੂ ਨੂੰ ਮਹੰਤ ਨਿਯਤ ਕੀਤਾ, ਜਿਸ ਤੋਂ ਅੱਗੇ ਮਹੰਤੀ ਚੱਲੀ। ੧੯੨੧ ਈ. ਵਿਚ ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਉਸ ਦੇ ਇਖ਼ਲਾਕ ਬਾਰੇ ਸਿੱਖਾਂ ਨੂੰ ਕਈ ਸ਼ਿਕਾਇਤਾਂ ਸਨ। ਉਸ ਨੇ ਰਖੇਲ ਰੱਖੀ ਹੋਈ ਸੀ। ੩੧ ਜਨਵਰੀ, ੧੯੨੧ ਈ. ਨੂੰ ਦਾਨ ਸਿੰਘ ਵਛੋਆ ਦੀ ਅਗਵਾਈ ਹੇਠ ਉਸ ਕੋਲ ਇਕ ਜਥਾ ਗਿਆ। ਉਸ ਨੇ ਸਮਝੌਤਾ ਕਰ ਕੇ ਰਖੇਲ ਨਾਲ ਵਿਆਹ ਕਰ ਕੇ ੮ ਫਰਵਰੀ ਨੂੰ ਅੰਮ੍ਰਿਤ ਵੀ ਛਕ ਲਿਆ। ਉਸ ਦਾ ਨਵਾਂ ਨਾਂ ਜੋਗਿੰਦਰ ਸਿੰਘ ਤੇ ਰਖੇਲ ਦਾ ਨਾਂ ਈਸ਼ਰੀ ਤੋਂ ਗਿਆਨ ਕੌਰ ਰੱਖਿਆ ਗਿਆ। ਤਕਰੀਬਨ ੨ ਮਹੀਨੇ ਗੁਰੂ ਕਾ ਬਾਗ ਗੁਰਦੁਆਰੇ ਦਾ ਪ੍ਰਬੰਧ ਠੀਕ ਚੱਲਿਆ, ਪਰ ਅਪ੍ਰੈਲ ਮਹੀਨੇ ਵਿਚ ਮਹੰਤ ਫਿਰ ਵਿੱਟਰ ਗਿਆ। ੨੩ ਅਗਸਤ, ੧੯੨੧ ਈ. ਨੂੰ ਸੰਗਤ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪ ਸੰਭਾਲ ਲਿਆ। ਗੁਰਦੁਆਰਾ ਸਾਹਿਬ ਦੇ ਲੰਗਰ ਲਈ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜ੍ਹੇ ਕਿੱਕਰਾਂ ਤੋਂ ਲਈ ਜਾਂਦੀ ਸੀ। ੮ ਅਗਸਤ, ੧੯੨੨ ਈ. ਨੂੰ ਪੰਜ ਅਕਾਲੀ ਲੰਗਰ ਲਈ ਲੱਕੜ ਕੱਟ ਕੇ ਲਿਆਏ ਤਾਂ ਉਨ੍ਹਾਂ ਨੂੰ ਡੀ.ਸੀ. ਮਿਸਟਰ ਡੰਨਟ ਨੇ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਮਗਰੋਂ ਵੀ ਸਿੱਖ ਲੰਗਰ ਲਈ ਲੱਕੜਾਂ ਕੱਟਣ ਗਏ ਤਾਂ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ੨੫ ਅਗਸਤ ਨੂੰ ਜਦੋਂ ੧੩੬ ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲਿਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ੩੧ ਅਗਸਤ ਤੋਂ ਰੋਜ਼ਾਨਾ ਇਕ ਸੌ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਕਾ ਬਾਗ਼ ਜਾਣ ਲੱਗ ਪਿਆ। ਇਸ ਜਥੇ ਨਾਲ ਇਕ ਐਂਬੂਲੈਂਸ ਵੀ ਹੋਇਆ ਕਰਦੀ ਸੀ। ਇਸ ਜਥੇ ਨੂੰ ਰਾਹ ਵਿਚ ਰਾਜਾਸਾਂਸੀ,

ਛੀਨਾ ਤੇ ਗੁਮਟਾਲਾ ਪੁਲ਼ ਤੇ ਰੋਕ ਲਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਹਰ ਇਕ ਨੂੰ ਬੇਹੋਸ਼ ਕੀਤਾ ਜਾਂਦਾ। ਜਦੋਂ ਸਿੱਖ ਬੇਹੋਸ਼ ਹੋ ਜਾਂਦੇ ਤਾਂ ਪੁਲਿਸ ਉਨ੍ਹਾਂ ਨੂੰ ਵਾਲਾਂ ਤੋਂ ਫੜ੍ਹ ਕੇ, ਚਿੱਕੜ ਵਾਲੇ ਟੋਇਆਂ ਵਿਚ ਸੁੱਟ ਦਿੰਦੀ। ਇਤਿਹਾਸਕਾਰਾਂ ਮੁਤਾਬਕ ੭ ਨਵੰਬਰ, ੧੯੨੨ ਈ. ਤਕ ੫੬੦੫ ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਪੜਤਾਲੀਆ ਕਮੇਟੀ ਦੀ ਰਿਪੋਰਟ ਮੁਤਾਬਕ ੧੬੫੬ ਸਿੱਖਾਂ ਨੂੰ ਮਾਰ-ਕੁੱਟ ਨਾਲ ਸੱਟਾਂ ਲੱਗੀਆਂ। ਪੁਲੀਸ ਦੀਆਂ ਡਾਂਗਾਂ ਦੇ ਧੜ ਤੋਂ ਉੱਪਰ ੩੬੯, ਛਾਤੀ 'ਤੇ ੩੦੦, ਦਿਮਾਗ 'ਤੇ ਸਿਰ ਉੱਪਰ ੭੫, ਨਲਾਂ ਵਿਚ ੧੯, ਪਤਾਲੂ 'ਤੇ ੬੦ ਸੱਟਾਂ ਦੇ ਨਿਸ਼ਾਨ ਸਨ। ਇਸ ਤੋਂ ਇਲਾਵਾ ਹੱਡੀਆਂ ਤੇ ਦੰਦ ਟੁੱਟਣ, ਪਿਸ਼ਾਬ ਤਕਲੀਫ, ਅੰਗ ਉਤਰਨ ਤੇ ਹੋਰ ਸੱਟਾਂ ਦੇ ਵੀ ਬਹੁਤ ਸਾਰੇ ਕੇਸ ਸਨ। ਗੁਰੂ ਕੇ ਬਾਗ ਮੋਰਚੇ ਦੇ ਸਿੱਦਕੀ ਸਿੰਘਾਂ ਨੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਤਵਾਰੀਖ ਲੋਕਾਂ ਸਾਹਮਣੇ ਹਕੀਕੀ ਰੂਪ ਵਿਚ ਲਿਆ ਦਿੱਤੀ। ਸਿੰਘਾਂ ਨੇ ਆਪਣੇ ਗੁਰਧਾਮਾਂ ਦੀ ਖਾਤਰ ਜ਼ੁਲਮ ਵਿਰੁੱਧ ਟੱਕਰ ਲੈ ਕੇ ਇਹ ਮੋਰਚਾ ਵੀ ਫਤਹ ਕਰ ਲਿਆ।

ਹਵਾਲੇ: **੧.** ਗਿਆਨੀ, ਪ੍ਰਤਾਪ ਸਿੰਘ *ਅਕਾਲੀ ਲਹਿਰ*, ਖ਼ਾਲਸਾ ਬ੍ਰਦਰਜ਼, ਮਾਈ ਸੇਵਾ, ਸ੍ਰੀ ਅੰਮ੍ਰਿਤਸਰ, ੧੯੮੩, ਪੰਨਾ ੧੬੦, **੨.** *ਉਹੀ*, ਪੰਨਾ ੧੬੧.

ਸ. ਠਾਕੁਰ ਸਿੰਘ ਸੰਧਾਵਾਲੀਆ

(੧੮ ਅਗਸਤ ਨੂੰ ਚਲਾਣਾ)

ਸ. ਠਾਕੁਰ ਸਿੰਘ ਸੰਧਾਵਾਲੀਆ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੇ ਸਕੇ ਸੰਬੰਧੀ ਸ. ਲਹਿਣਾ ਸਿੰਘ ਸੰਧਾਵਾਲੀਆ ਦੇ ਘਰ ਸੰਨ ੧੮੩੭ ਈ. ਵਿਚ ਹੋਇਆ। ਅਜੇ ਇਹ ਛੇ ਸਾਲਾਂ ਦੇ ਸੀ, ਜਦੋਂ ਇਨ੍ਹਾਂ ਦਾ ਪਿਤਾ ਦਾ ਲਾਹੌਰ ਦੇ ਕਿਲ੍ਹੇ ਵਿਚ ੧੬ ਸਤੰਬਰ, ੧੮੪੩ ਈ. ਨੂੰ ਕਤਲ ਹੋਇਆ।[੧] ਇਨ੍ਹਾਂ ਨੇ ਬਚਪਨ ਵਿਚ ਸੰਸਕ੍ਰਿਤ, ਫ਼ਾਰਸੀ ਤੋਂ ਇਲਾਵਾ ਭਾਰਤੀ ਧਰਮਾਂ ਤੇ ਇਸਲਾਮ ਬਾਰੇ ਵੀ ਜਾਣਕਾਰੀ ਹਾਸਿਲ ਕੀਤੀ। ਵੱਡੇ ਹੋਣ 'ਤੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਐਕਸਟ੍ਰਾ ਅਸਿਸਟੈਂਟ ਕਮਿਸ਼ਨਰ ਨਿਯੁਕਤ ਕੀਤਾ। ਇਸ ਤੋਂ ਇਲਾਵਾ ਇਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ।[੨]

੧੮੭੩ ਈ. ਵਿਚ ਜਦੋਂ ਮਿਸ਼ਨ ਹਾਈ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਮਤ ਧਾਰਨ ਕਰਨ ਦੀ ਘੋਸ਼ਣਾ ਕੀਤੀ, ਉਦੋਂ ਇਨ੍ਹਾਂ ਨੇ ਉੱਘੇ ਸਿੱਖ ਆਗੂਆਂ ਜਿਵੇਂ- ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕ੍ਰਮਾ ਸਿੰਘ ਕਪੂਰਥਲਾ, ਗਿਆਨੀ ਗਿਆਨ ਸਿੰਘ ਨਾਲ ਮਿਲ ਕੇ ਅਕਤੂਬਰ ੧੮੭੩ ਈ. ਨੂੰ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ।[੩] ਇਹ ਸਭਾ ਦੇ ਪਹਿਲੇ ਪ੍ਰਧਾਨ ਬਣੇ। ਇਸ ਕਾਰਵਾਈ ਕਰਕੇ ਇਨ੍ਹਾਂ ਨੂੰ ਸਰਕਾਰੀ ਪਦ ਤੋਂ ਹਟਾ ਦਿੱਤਾ ਗਿਆ। ੧੮੮੩ ਈ. ਵਿਚ ਮਹਾਰਾਜਾ ਦਲੀਪ ਸਿੰਘ ਨੇ ਸੰਧਾਵਾਲੀਆ ਨੂੰ ਤਾਰ ਭੇਜ ਕੇ ਆਪਣੀ ਜਾਇਦਾਦ ਦੀ ਸੂਚੀ ਮੰਗੀ। ੨੮ ਸਤੰਬਰ, ੧੮੮੪ ਈ. ਨੂੰ ਆਪਣੇ ਦੋ ਪੁੱਤਰਾਂ ਨਾਲ ਸੰਧਾਵਾਲੀਆ ਲੰਡਨ ਲਈ ਚੱਲ ਪਏ। ਇਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਸੁਣਾ ਕੇ ਸਿੱਖ ਧਰਮ ਵੱਲ ਰੁਚਿਤ ਕਰ ਦਿੱਤਾ। ਉਪਰੰਤ

ਅਗਸਤ ੧੯੯੫ ਈ. ਵਿਚ ਪੰਜਾਬ ਆ ਗਏ। ਸ. ਠਾਕੁਰ ਸਿੰਘ ਸੰਧਾਵਾਲੀਆ ਨੇ ਪੰਜ ਪਿਆਰੇ ਅਦਨ ਭੇਜ ਕੇ ਮਹਾਰਾਜਾ ਦਲੀਪ ਸਿੰਘ ਨੂੰ ਅੰਮ੍ਰਿਤ-ਪਾਨ ਕਰਾਇਆ। ਇਨ੍ਹਾਂ ਨੇ ਦਲੀਪ ਸਿੰਘ ਦਾ ਰਾਜ ਕਾਇਮ ਕਰਨ ਲਈ ਬੜੇ ਯਤਨ ਕੀਤੇ। ਇਹ ਜਲਦੀ ਹੀ ਬ੍ਰਿਟਿਸ਼ ਸਰਕਾਰ ਦੀਆਂ ਨਜ਼ਰਾਂ ਵਿਚ ਰੜਕਣ ਲੱਗੇ ਤਾਂ ੬ ਨਵੰਬਰ, ੧੯੯੬ ਈ. ਨੂੰ ਪਾਂਡੀਚਰੀ ਚਲੇ ਗਏ। ਪਾਂਡੀਚਰੀ ਸਿੱਖ ਰਾਜ ਕਾਇਮ ਕਰਨ ਲਈ ਸੈਂਟਰ ਬਣ ਗਿਆ। ਪਰ ਇਨ੍ਹਾਂ ਦੇ ਬਿਮਾਰ ਹੋਣ ਅਤੇ ੧੮ ਅਗਸਤ, ੧੯੯੭ ਈ. ਨੂੰ ਅਕਾਲ ਚਲਾਣਾ ਕਰ ਜਾਣ 'ਤੇ ਸਾਰੀ ਵਿਵਸਥਾ ਫੇਲ ਹੋ ਗਈ।[੪] ਇਨ੍ਹਾਂ ਦਾ ਵੱਡਾ ਲੜਕਾ ਗੁਰਬਚਨ ਸਿੰਘ ਪਾਂਡੀਚਰੀ ਵਿਚ ਰਹਿ ਕੇ ਮਹਾਰਾਜਾ ਦਲੀਪ ਸਿੰਘ ਦਾ ਪ੍ਰਧਾਨ ਮੰਤਰੀ ਅਖਵਾਉਂਦਾ ਰਿਹਾ। ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਮਹਾਨ ਨਾਇਕ ਸਨ- ਸ. ਠਾਕੁਰ ਸਿੰਘ ਸੰਧਾਵਾਲੀਆ।

ਹਵਾਲੇ: **੧.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਭਾਗ ਤੀਜਾ, ਸੰਸਕਰਣ ਪੰਨਾ ੧੦੧੩, **੨.** *ਉਹੀ* ਪੰਨਾ ੧੦੧੪, **੩.** *ਉਹੀ*, **੪.** *ਉਹੀ*

ਗਿਆਨੀ ਗਰਜਾ ਸਿੰਘ

(੨੦ ਅਗਸਤ ਨੂੰ ਜਨਮ ਅਤੇ ੩੦ ਅਗਸਤ ਨੂੰ ਚਲਾਣਾ)

ਗਿਆਨੀ ਗਰਜਾ ਸਿੰਘ ਨੇ ਆਪਣੀ ਸਾਰੀ ਜ਼ਿੰਦਗੀ ਸਿੱਖ ਇਤਿਹਾਸ ਦੇ ਅਣਗੌਲੇ ਗ੍ਰੰਥਾਂ ਨੂੰ ਸੰਭਾਲਣ 'ਤੇ ਹੀ ਗੁਜ਼ਾਰ ਦਿੱਤੀ। ਇਸ ਵਿਦਵਾਨ ਨੇ ਸਿੱਖ ਕੌਮ ਦੇ ਇਤਿਹਾਸ ਵਿਚ ਜੋ ਯੋਗਦਾਨ ਪਾਇਆ ਹੈ ਉਹ ਬਹੁਮੁੱਲਾ ਹੈ ਪਰ ਬਹੁਤ ਥੋੜ੍ਹੇ ਸਿੱਖ ਇਸ ਇਤਿਹਾਸਕਾਰ ਤੋਂ ਜਾਣੂ ਹਨ। ਗਿਆਨੀ ਜੀ ਦਾ ਜਨਮ ਪਿੰਡ ਗਹਿਲ, ਤਹਿਸੀਲ ਤੇ ਜ਼ਿਲ੍ਹਾ ਬਰਨਾਲਾ ਵਿਚ ਸ. ਸੁਰਜਨ ਸਿੰਘ ਦੇ ਘਰ ੨੦ ਅਗਸਤ ੧੯੦੪ ਈ. ਨੂੰ ਹੋਇਆ।[੧]

ਮੁੱਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ ਅਤੇ ਫਿਰ ਸੰਤ ਬੀਰਮ ਦਾਸ ਉਦਾਸੀ ਸਾਧੂ ਕੋਲ ਧਾਰਮਿਕ ਗ੍ਰੰਥ ਪੜ੍ਹਦੇ ਰਹੇ। ਇਹ ੧੯੧੯ ਈ. ਵਿਚ ਫ਼ੌਜ ਵਿਚ ਭਰਤੀ ਹੋਏ। ਇਸ ਵੇਲੇ ਅਕਾਲੀ ਲਹਿਰ ਚੱਲ ਪਈ। ਨਨਕਾਣਾ ਸਾਹਿਬ ਦੇ ਸਾਕੇ ਵਿਚ ਇਨ੍ਹਾਂ ਦਾ ਵੱਡਾ ਭਰਾ ਬੁੱਧ ਸਿੰਘ ਸ਼ਹੀਦੀ ਪਾ ਗਿਆ। ਫਿਰ ਗਿਆਨੀ ਜੀ ਨੌਕਰੀ ਛੱਡ ਕੇ ਅਕਾਲੀ ਲਹਿਰ ਵਿਚ ਜੁੱਟ ਪਏ। ਆਪ ੧੯੨੨ ਈ. ਵਿਚ ਕੈਮਲਪੁਰ ਜੇਲ੍ਹ, ੧੯੨੩ ਈ. ਵਿਚ ਜੈਤੋ ਮੋਰਚੇ ਵਿਚ ਨਾਭਾ ਜੇਲ੍ਹ, ੧੯੩੦ ਈ. ਵਿਚ ੮-੧੦ ਮਹੀਨੇ ਮੁਲਤਾਨ ਜੇਲ੍ਹ ਤੇ ੧੯੪੦-੪੨ ਈ. ਵਿਚ ਵੀ ਕੈਦ ਰਹੇ।[੨] ਇਹ ਦੇਸ਼ ਵੰਡ ਉਪਰੰਤ ਰਾਜਪੁਰੇ ਲਾਗੇ ਪਿੰਡ ਖਿਰਾਜਪੁਰ ਵੱਸ ਗਏ। ਗਿਆਨੀ ਗਰਜਾ ਸਿੰਘ ਬਹੁਤ ਗਰੀਬ, ਸਿੱਧੇ-ਸਾਦੇ ਤੇ ਪ੍ਰਤੀਬੱਧ ਇਤਿਹਾਸਕਾਰ ਸਨ। ਆਪ ਨੇ ਭੱਟਾਖਰੀ ਲਿਪੀ ਬੜੀ ਮਿਹਨਤ ਨਾਲ ਭੱਟਾਂ ਦੀ ਸ਼ਗਿਰਦੀ ਕਰ ਕੇ ਸਿੱਖੀ ਤੇ ਫਿਰ ਭੱਟਾਂ ਨੂੰ ਵਹੀਆਂ ਦਿਖਾਉਣ ਲਈ ਮਨਾ ਲਿਆ। ਆਪ ਨੇ ਦਿਨ-ਰਾਤ ਲਗਾ ਕੇ ਉਨ੍ਹਾਂ ਦਾ ਅਧਿਐਨ ਕੀਤਾ ਅਤੇ ਜਿੱਥੇ ਕਿਤੇ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਇੰਦਰਾਜ ਸਨ, ਉਨ੍ਹਾਂ ਦਾ ਉਤਾਰਾ ਕਰ ਲਿਆ।[੩] ਆਪ ਨੇ ਉਨ੍ਹਾਂ ਤੱਥਾਂ ਨੂੰ ਆਧਾਰ ਬਣਾ ਕੇ ਸਿੱਖ ਇਤਿਹਾਸ ਲਿਖਣ ਦਾ ਯਤਨ ਕੀਤਾ। ਇਸ ਇਤਿਹਾਸਕਾਰ ਨੇ ਸਮੱਗਰੀ ਇਕੱਤਰ ਕਰਨ

ਲਈ ਸ੍ਰੋਤ ਗ੍ਰੰਥਾਂ, ਭੱਟ ਵਹੀਆਂ ਤੇ ਕਾਵਿ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਆਪਣੇ ਪੁਰਾਣੇ ਜਿਹੇ ਸਾਈਕਲ 'ਤੇ ਸਾਰੇ ਭਾਰਤ ਦੇ ਇਤਿਹਾਸਿਕ ਸਥਾਨਾਂ ਗੁਰਦੁਆਰਾ ਸਾਹਿਬਾਨ ਤੇ ਹੋਰ ਸਥਾਨਾਂ ਦਾ ਭ੍ਰਮਣ ਕੀਤਾ। ਉੱਥੋਂ ਦੀਆਂ ਮੌਖਿਕ ਪਰੰਪਰਾਵਾਂ ਨੂੰ ਲਿਖਿਆ ਤੇ ਉਨ੍ਹਾਂ ਇਲਾਕਿਆਂ ਵਿੱਚੋਂ ਹੱਥ ਲਿਖਤ ਪੋਥੀਆਂ ਵਿੱਚੋਂ ਸਮੱਗਰੀ ਲਈ। ਗਿਆਨੀ ਜੀ ਨੇ ਬਹੁਤ ਸਾਰੀਆਂ ਹੱਥ ਲਿਖਤ ਪੋਥੀਆਂ ਇਕੱਤਰ ਕੀਤੀਆਂ ਸਨ।[੪] ਗਿਆਨੀ ਗਰਜਾ ਸਿੰਘ ਨੇ ਭੱਟ ਵਹੀ ਤਲਾਉਂਡਾ, ਭੱਟ ਵਹੀ ਮੁਲਤਾਨੀ, ਭੱਟ ਵਹੀ ਸਿੰਧੀ ਆਦਿ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਤੇ ਇਨ੍ਹਾਂ ਭੱਟ ਵਹੀਆਂ ਨੂੰ ਗੁਰਮੁਖੀ ਵਿਚ ਲਿਪੀਅੰਤਰਿਤ ਕੀਤਾ। ਇਨ੍ਹਾਂ ਭੱਟ ਵਹੀਆਂ ਦੇ ਉਤਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਵਿਚ ਸਾਂਭੇ ਪਏ ਹਨ। ਗਿਆਨੀ ਗਰਜਾ ਸਿੰਘ ਨੇ ਜਿੰਨੀ ਮਿਹਨਤ ਕਰ ਕੇ ਸਿੱਖ ਇਤਿਹਾਸ ਦੇ ਸ੍ਰੋਤ ਲੱਭੇ ਸਨ, ਉਹ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਕੱਚੇ ਘਰ ਵਿਚ ਬਾਰਸ਼ਾਂ ਦੌਰਾਨ ਛੱਤ ਡਿੱਗਣ ਕਾਰਨ ਨਸ਼ਟ ਹੋ ਗਏ। ਜੋ ਗਿੱਲੀ ਮਿੱਟੀ ਵਿੱਚੋਂ ਬਚਾਇਆ ਗਿਆ, ਉਹ ਜਾਂ ਤਾਂ ਅਧੂਰਾ ਸੀ ਜਾਂ ਫਿਰ ਉਸ ਦਾ ਅੱਗਾ-ਪਿੱਛਾ ਨਾ ਮਿਲਣ ਕਾਰਨ ਉਹ ਬੇਕਾਰ ਹੋ ਗਏ ਸਨ।[੫] ਇਉਂ ਉਨ੍ਹਾਂ ਦੁਆਰਾ ਇਕੱਤਰ ਕੀਤੀ ਇਤਿਹਾਸਿਕ ਸਮੱਗਰੀ ਸਿੱਖ ਕੌਮ ਦੀ ਅਣਗਹਿਲੀ ਕਾਰਨ ਭੰਗ ਦੇ ਭਾੜੇ ਚਲੀ ਗਈ। ਗਿਆਨੀ ਗਰਜਾ ਸਿੰਘ ਜੀ ਦੁਆਰਾ 'ਸ਼ਹੀਦ ਬਿਲਾਸ', ਕ੍ਰਿਤ ਭਾਈ ਸੇਵਾ ਸਿੰਘ ਅਤੇ 'ਗੁਰੂ ਕੀਆਂ ਸਾਖੀਆਂ', ਕ੍ਰਿਤ ਸ੍ਵਰੂਪ ਸਿੰਘ ਕੌਸ਼ਿਸ਼ ਲੱਭ ਕੇ ਪ੍ਰਕਾਸ਼ਿਤ ਕਰਵਾਉਣ ਨਾਲ ਸਿੱਖ ਇਤਿਹਾਸ ਦੀਆਂ ਕਈ ਗੁੰਝਲਾਂ ਵੀ ਦੂਰ ਹੋਈਆਂ ਅਤੇ ਸਿੱਖ ਇਤਿਹਾਸ ਵਿਚ ਬਹੁਤ ਸਾਰੇ ਨਵੇਂ ਅਧਿਆਇ ਅਰੰਭ ਹੋਏ। ਇਸ ਵਿਦਵਾਨ ਨੂੰ ਸਿੱਖ ਇਤਿਹਾਸ ਸਾਂਭਣ ਦਾ ਏਨਾ ਜਨੂੰਨ ਸੀ ਕਿ ਅੱਤ ਦੀ ਗਰੀਬੀ ਵਿਚ ਵੀ ਇਹ ਇਸ ਕਾਰਜ ਲਈ ਲੱਗੇ ਰਹੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਖ਼ਤ ਮਿਹਨਤ ਅਤੇ ਸਰੀਰ ਵੱਲੋਂ ਲਾਪਰਵਾਹੀ ਰੱਖਣ ਕਾਰਨ ਇਸ ਵਿਦਵਾਨ ਨੂੰ ਤਪਦਿਕ ਦੀ ਨਾ-ਮੁਰਾਦ ਬਿਮਾਰੀ ਨੇ ਢਾਹ ਲਿਆ। ਆਪ ਗੁੰਮਨਾਮੀ ਵਿਚ ਹੀ ੩੦ ਅਗਸਤ, ੧੯੭੭ ਈ. ਨੂੰ ਆਪਣੇ ਪਿੰਡ ਅਕਾਲ ਚਲਾਣਾ ਕਰ ਗਏ।[੬] ਵਰਤਮਾਨ ਸਮੇਂ ਵਿਚ ਸਿੱਖ ਕੌਮ ਨੂੰ ਗਿਆਨੀ ਗਰਜਾ ਸਿੰਘ ਵਰਗੇ, ਅਣਥੱਕ, ਮਿਹਨਤੀ, ਸਿਰੜੀ ਤੇ ਸਮਰਪਿਤ ਇਤਿਹਾਸਕਾਰ ਪੈਦਾ ਕਰਨ ਦੀ ਲੋੜ ਹੈ। ਪਰਮਾਤਮਾ ਕਰੇ ਕੌਮ ਦੀ ਵਰਤਮਾਨ ਪੀੜ੍ਹੀ ਆਪਣਾ ਇਤਿਹਾਸ ਅਤੇ ਵਿਰਸਾ ਸਾਂਭਣ ਵੱਲ ਫਿਰ ਤੋਂ ਪਰਤੇ।

ਹਵਾਲੇ :

੧. ਪਿਆਰਾ ਸਿੰਘ ਪਦਮ, *ਗੁਰੂ ਸਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੪, ਪੰਨਾ ੧੪੬,

੨. *ਉਹੀ*, ਪੰਨਾ ੧੪੭,

੩. ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ ੯,

੪. *ਉਹੀ*,

੫. *ਉਹੀ*, ਪੰਨਾ ੧੩,

੬. *ਉਹੀ*, ਪੰਨਾ ੧੦.

ਸ. ਸੇਵਾ ਸਿੰਘ ਠੀਕਰੀਵਾਲਾ

(੨੪ ਅਗਸਤ ਨੂੰ ਜਨਮ)

ਸ. ਸੇਵਾ ਸਿੰਘ ਠੀਕਰੀਵਾਲਾ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਪਿੰਡ ਠੀਕਰੀਵਾਲਾ ਵਿਖੇ ਸ. ਦੇਵਾ ਸਿੰਘ ਦੇ ਘਰ ਮਾਤਾ ਹਰ ਕੌਰ ਦੀ ਕੁੱਖੋਂ ੨੪ ਅਗਸਤ, ੧੮੮੨ ਈ. ਨੂੰ ਹੋਇਆ।[੧] ਇਨ੍ਹਾਂ ਦਾ ਪਿਤਾ ਪਟਿਆਲਾ ਦਰਬਾਰ ਵਿਚ ਨੌਕਰੀ ਕਰਦੇ ਸਨ। ਇਨ੍ਹਾਂ ਦੀ ਪੜ੍ਹਾਈ ਪਟਿਆਲਾ ਦੇ ਸਥਾਨਕ ਸਕੂਲ ਵਿਚ ਹੀ ਹੋਈ ਸੀ। ਉਸ ਤੋਂ ਬਾਅਦ ਇਹ ਵੀ ਦਰਬਾਰੀ ਨੌਕਰੀ ਕਰਨ ਲੱਗ ਪਏ। ਪਰ ਇਹ ਜਲਦੀ ਹੀ ਨੌਕਰੀ ਛੱਡ ਕੇ ਪਿੰਡ ਦੇ ਸੁਧਾਰ ਅਤੇ ਸਮਾਜਿਕ ਕੰਮਾਂ ਵਿਚ ਰੁਚੀ ਲੈਣ ਲੱਗ ਪਏ। ੧੯੨੧ ਈ. ਵਿਚ ਸੇਵਾ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੀਤ ਪ੍ਰਧਾਨ ਤੇ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ।[੨] ੧੯੨੩ ਈ. ਵਿਚ ਜੈਤੋ ਦੇ ਮੋਰਚੇ ਦੌਰਾਨ ਇਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਹੋਈ ਅਤੇ ੧੯੨੬ ਈ. ਵਿਚ ਰਿਹਾਅ ਹੋਏ। ਮਹਾਰਾਜਾ ਭੁਪਿੰਦਰ ਸਿੰਘ ਦੇ ਵਿਰੁੱਧ ਮਹਾਰਾਜਾ ਰਿਪੁਦਮਨ ਸਿੰਘ ਦੀ ਸ. ਸੇਵਾ ਸਿੰਘ ਨੇ ਰੱਜ ਕੇ ਮਦਦ ਕੀਤੀ। ਮਹਾਰਾਜਾ ਭੁਪਿੰਦਰ ਸਿੰਘ ਦੀ ਹਉਮੈਂ ਨੂੰ ਉਨ੍ਹਾਂ ਨੇ ਕਦੀ ਨਮੋਂ ਨਹੀਂ ਕੀਤੀ, ਭਾਵੇਂ ਇਸ ਦੀ ਸਜ਼ਾ ਉਨ੍ਹਾਂ ਨੂੰ ਉਮਰ ਭਰ ਸਹਿਣੀ ਪਈ।[੩] ਇਨ੍ਹਾਂ ਨੇ ਪਟਿਆਲਾ ਰਿਆਸਤ ਦੇ ਤਸ਼ੱਦਦ ਵਿਰੁੱਧ ਗ਼ਰੀਬ ਲੋਕਾਂ ਲਈ 'ਪਰਜਾ ਮੰਡਲ' ਦੀ ਨੀਂਹ ਪਿੰਡ ਸੇਖਾਂ ਵਿਖੇ ਫਰਵਰੀ ੧੯੨੮ ਵਿਚ ਰੱਖੀ, ਜਿਸ ਦਾ ਪ੍ਰਧਾਨ ਸੇਵਾ ਸਿੰਘ ਨੂੰ ਬਣਾਇਆ ਗਿਆ।[੪] 'ਪਰਜਾ ਮੰਡਲ' ਨਾਲ ਸੰਬੰਧਿਤ ਰਹਿਣ ਕਰਕੇ ਪਟਿਆਲਾ ਰਿਆਸਤ ਵੱਲੋਂ ਸ. ਸੇਵਾ ਸਿੰਘ ਨੂੰ ਫੜ ਲਿਆ ਗਿਆ। ਜੇਲ੍ਹ ਵਿਚ ਘਟੀਆ ਸਲੂਕ ਵਿਰੁੱਧ ੧੮ ਅਪ੍ਰੈਲ, ੧੯੩੪ ਈ. ਨੂੰ ਜੇਲ੍ਹ ਵਿਚ ਹੀ ਇਸ ਸੂਰਮੇ ਨੇ ਮਰਨ ਵਰਤ ਰੱਖ ਦਿੱਤਾ। ਭਾਵੇਂ ਇਨ੍ਹਾਂ ਨੂੰ ਜ਼ਬਰਦਸਤੀ ਖੁਰਾਕ ਦਿੱਤੀ ਜਾਂਦੀ ਸੀ, ਪਰ ੨੦ ਜਨਵਰੀ, ੧੯੩੫ ਈ. ਨੂੰ ਰਾਜਿੰਦਰਾ ਹਸਪਤਾਲ ਵਿਖੇ ਸ. ਸੇਵਾ ਸਿੰਘ ਦੀ ਮੌਤ ਹੋ ਗਈ।[੫] ਮਹਾਰਾਜਾ ਪਟਿਆਲਾ ਨੇ ਵਾਰਿਸਾਂ ਨੂੰ ਮ੍ਰਿਤਕ ਸਰੀਰ ਵੀ ਨਾ ਦਿੱਤਾ ਤੇ ਸਸਕਾਰ ਕਰ ਦਿੱਤਾ ਗਿਆ। ਸ. ਸੇਵਾ ਸਿੰਘ ਠੀਕਰੀਵਾਲਾ ਦੀ 'ਪਰਜਾ ਮੰਡਲ' ਲਹਿਰ ਦੁਆਰਾ ਪਟਿਆਲਾ ਰਿਆਸਤ ਵਿਚ ਫੈਲਾਈ ਜਾਗਰੂਕਤਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਹਵਾਲੇ :

੧. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਪਹਿਲਾ, ਪੰਨਾ ੩੮੦,

੨. ਗੁਰਚਰਨ ਸਿੰਘ, *ਜੀਵਨੀ ਸਰਦਾਰ ਸੇਵਾ ਸਿੰਘ ਠੀਕਰੀਵਾਲਾ*, ਪੰਜਾਬੀ ਯੂਨੀਵਰਸਿਟੀ, ੧੯੭੪, ੨੬,

੩. ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰਨਾ ੨੪੭,

੪. ਗੁਰਚਰਨ ਸਿੰਘ, *ਜੀਵਨੀ ਸਰਦਾਰ ਸੇਵਾ ਸਿੰਘ ਠੀਕਰੀਵਾਲਾ*, ਪੰਨਾ ੬੦,

੫. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਪਹਿਲਾ, ਪੰਨਾ ੩੮੧.

ਭਾਈ ਕਾਨ੍ਹ ਸਿੰਘ ਨਾਭਾ

(੩੦ ਅਗਸਤ ਨੂੰ ਜਨਮ)

ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ੩੦ ਅਗਸਤ, ੧੮੬੧ ਈ. ਨੂੰ ਉਦੋਂ ਦੀ

ਰਿਆਸਤ ਪਟਿਆਲਾ ਦੇ ਇਕ ਪਿੰਡ ਸਬਜ਼ ਬਨੇਰਾ ਵਿਚ ਹੋਇਆ। ਆਪ ਦੇ ਪਿਤਾ ਭਾਈ ਨਰਾਇਣ ਸਿੰਘ ਰਿਆਸਤ ਨਾਭਾ ਦੇ ਨਗਰ ਨਾਭਾ ਵਿਚ ਗ੍ਰੰਥੀ ਸਨ। ਪਿਤਾ ਜੀ ਤੇ ਹੋਰਨਾਂ ਅਧਿਆਪਕਾਂ ਦੇ ਚਰਨੀਂ ਲੱਗ ਕੇ ਕਾਨ੍ਹ ਸਿੰਘ ਨੇ ਨੌਵੇਂ ਸਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੇ ਦਸਵੇਂ ਸਾਲ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਕਰ ਲਿਆ ਸੀ।[੧] ਭਾਈ ਕਾਨ੍ਹ ਸਿੰਘ ਨੇ ਗੁਰਬਾਣੀ, ਸਿੱਖ ਸਾਹਿਤ, ਸੰਸਕ੍ਰਿਤ, ਨਯਾਯ, ਵੇਦਾਂਤ, ਛੰਦ ਸ਼ਾਸਤਰ, ਬ੍ਰਜ ਤੇ ਸੰਗੀਤ ਦੀ ਵਿੱਦਿਆ ਬਹੁਤ ਸਾਰੇ ਵਿਦਵਾਨਾਂ ਤੋਂ ਪ੍ਰਾਪਤ ਕੀਤੀ। ਫ਼ਾਰਸੀ ਪੜ੍ਹਨ ਲਈ ਦੋ ਸਾਲ ਲਖਨਊ ਤੇ ਦਿੱਲੀ ਲਾਏ।[੨] ਇਸ ਤੋਂ ਇਲਾਵਾ ਆਪ ਜੀ ਘੋੜ-ਸਵਾਰੀ ਤੇ ਸ਼ਸਤਰ ਵਿੱਦਿਆ ਦੇ ਵੀ ਉਸਤਾਦ ਸਨ। ਭਾਈ ਸਾਹਿਬ ਦਾ ਵਿਆਹ ਧੂਰੇ ਪਿੰਡ ਹੋਇਆ ਪਰ ਇਕ ਸਾਲ ਬਾਅਦ ਪਤਨੀ ਦੀ ਮੌਤ ਹੋ ਗਈ। ਦੂਜਾ ਵਿਆਹ ਸ੍ਰੀ ਮੁਕਤਸਰ ਸਾਹਿਬ ਹੋਇਆ ਪਰ ਇਕ ਸਾਲ ਬਾਅਦ ਇਹ ਵਿਆਹ ਟੁੱਟ ਗਿਆ। ਤੀਜਾ ਵਿਆਹ ਪਿੰਡ ਰਾਮਗੜ੍ਹ ਦੀ ਬਸੰਤ ਕੌਰ ਨਾਲ ਹੋਇਆ ਜਿਸ ਨਾਲ ਚਿਰ-ਜੀਵੀ ਸਾਥ ਨਿਭਿਆ।[੩] ੧੯੮੪ ਈ. ਵਿਚ ਜਦ ਪੜ੍ਹ-ਗੁੜ੍ਹ ਕੇ ਕਾਨ੍ਹ ਸਿੰਘ ਲਾਹੌਰ ਤੋਂ ਘਰ ਆਇਆ ਤਾਂ ਉਸ ਦੀ ਵਿਦਵਤਾ ਦੀ ਖੁਸ਼ਬੋ ਮਹਾਰਾਜਾ ਹੀਰਾ ਸਿੰਘ ਨਾਭਾ ਤਕ ਅੱਪੜੀ। ਮਹਾਰਾਜੇ ਨੇ ਇਨ੍ਹਾਂ ਨੂੰ ਆਪਣੇ ਪਾਸ ਰੱਖ ਲਿਆ। ਇੱਥੇ ਟਿੱਕਾ ਰਿਪੁਦਮਨ ਸਿੰਘ ਜੀ ਨੂੰ ਭਾਈ ਸਾਹਿਬ ਨੇ ਪੜ੍ਹਾਇਆ। 'ਹਮ ਹਿੰਦੂ ਨਹੀਂ' ਵਰਗੀ ਕਿਤਾਬ ਲਿਖਣ 'ਤੇ ਭਾਈ ਸਾਹਿਬ ਨੂੰ ਨੌਕਰੀ ਤੋਂ ਹੱਥ ਧੋਣੇ ਪਏ। ਭਾਈ ਕਾਨ੍ਹ ਸਿੰਘ ਨਾਭਾ ਨੇ ਤਕਰੀਬਨ ੨੩ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਵਿਚ ਇਕੱਲਾ 'ਮਹਾਨ ਕੋਸ਼' ਹੀ ੧੯੧੨ ਵਿਚ ਸ਼ੁਰੂ ਕਰ ਕੇ ੧੯੨੬ ਈ. ਕੋਈ ੧੪ ਕੀਮਤੀ ਸਾਲ ਲਾ ਕੇ ਮੁਕੰਮਲ ਕੀਤਾ।

ਇਸ ਮਹਾਨ ਵਿਦਵਾਨ ਨੇ ਆਪਣੀ ਪੂਰੀ ਉਮਰ ਸਿੱਖ ਕੌਮ ਦਾ ਸਾਹਿਤ ਰਚਨ ਲਈ ਸਮਰਪਿਤ ਕਰ ਕੇ ਸਿੱਖ ਧਰਮ ਨੂੰ ਅਕਾਦਮਿਕ ਖੇਤਰ ਵਿਚ ਪ੍ਰਵੇਸ਼ ਕਰਵਾ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ੨੩ ਨਵੰਬਰ, ੧੯੩੯ ਈ. ਨੂੰ ਨਾਭੇ ਸਕਤਰੇਤ ਦੀ ਨਵੀਂ ਬਣੀ ਇਮਾਰਤ ਦੇ ਉਦਘਾਟਨ ਸਮਾਰੋਹ ਤੋਂ ਪਰਤ ਕੇ ਦੁਪਹਿਰ ਦੇ ਖਾਣੇ ਪਿੱਛੋਂ ਆਰਾਮ ਕਰਦੇ ਸਮੇਂ ਅਚਾਨਕ ਦਿਲ ਦੀ ਧੜਕਣ ਰੁਕ ਜਾਣ ਨਾਲ ਇਸ ਦੁਨੀਆ ਨੂੰ ਅਲਵਿਦਾ ਆਖ ਗਏ।[੪] ਰਹਿੰਦੀ ਦੁਨੀਆ ਤਕ ਇਸ ਮਹਾਨ ਵਿਦਵਾਨ ਨੂੰ ਯਾਦ ਕੀਤਾ ਜਾਂਦਾ ਰਹੇਗਾ।

ਹਵਾਲੇ :

੧. ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਤੇ ਮੁਲੰਕਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੮੪, ਪੰਨਾ ੧੩,

੨. ਉਹੀ,

੩. ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੭, ਪੰਨਾ ੨੫,

੪. *ਉਹੀ* ਪੰਨਾ ੩੬.

ਜੁਲਾਈ ੨੦੨੫ ਦਾ ਬਾਕੀ:

ਬਿਹਾਗੜੇ ਕੀ ਵਾਰ ਮਹਲਾ ੪

*-ਮਾ. ਬਲਬੀਰ ਸਿੰਘ ਹੰਸਪਾਲ**

ਸਲੋਕ ਮਹਲਾ ੩॥

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ॥
ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ॥
ਉਤਮ ਪਦਵੀ ਪਾਈਐ ਸਚੇ ਰਹੈ ਸਮਾਇ॥
ਨਾਨਕ ਪੂਰਬਿ ਜਿਨ ਕਉ ਲਿਖਿਆ ਤਿਨਾ ਸਤਿਗੁਰੁ ਮਿਲਿਆ ਆਇ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੨)

ਰਾਗੁ ਬਿਹਾਗੜਾ (ਤਿੰਨ ਤਾਲ) (ਮੱਧ ਲੈਅ)

ਸਥਾਈ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
x				੨				੦				੩			
								ਨੀ਼	ਸਾ	ਗਾ	ਮਾ	ਪਾ	ਨੁੀ	ਧਾ	ਪਾ
								ਸਤਿ	ਗੁਰ	ਕੀ	s	ਸੇ	s	ਵਾ	s
ਪਾ	ਧਾ	ਗਾ	ਮਾ	ਗਾਮਾ	ਪਾਮਾ	ਗਾਰੇ	ਸਾ	ਗਾਮਾ	ਪਾ	ਨੀ	ਸਾਂ	ਨੀ	–	ਧਾ	ਪਾ
ਸ	ਫ	s	ਲ	ਹੈs	ss	ss	s	ਜੇs	ਕੋ	s	ਕ	ਰੇ	s	ਚਿ	ਤੁ
ਪਾ	ਨੁੀ	ਧਾ	ਪਾ	ਧਾ	ਗਾਮਾ	ਗਾਰੇ	ਸਾ								
ਲਾ	s	s	s	ਇ	ss	ss	s								

* *ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਰਾਗੁ ਬਿਹਾਗੜਾ (ਤਿੰਨ ਤਾਲ) (ਮੱਧ ਲੈਅ)

(ਅੰਤਰਾ)

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
x				੨				੦				੩			
								ਪਾ	ਪਾ	ਗਾ	ਮਾ	ਪਾ	–	ਨੀ	ਨੀ
								ਨਾ	s	ਮੁ	ਪ	ਦਾ	s	ਰ	ਥੁ
ਸਾਂ	ਨੀਸਾਂ	ਗਾਂ	ਰੇਂ	ਸਾਂ	ਨੀ	ਧਾ	ਪਾ	ਪਾਨੀ	ਸਾਂਨੀ	ਧਾ	ਪਾ	ਧਾ	ਨੁੀ	ਧਾ	ਪਾ
ਪਾ	ss	ਈ	s	ਐ	s	s	s	ਅs	ਚਿੰs	ਤੁ	s	ਵ	ਸੈ	ਮ	ਨਿ
ਪਾ	ਧਾ	ਗਾ	ਮਾ	ਗਾਮਾ		ਪਾਮਾ	ਗਾਰੇ	ਸਾ							
ਆ	s	s	s	ਇs	ss	ss	s								

ਤਾਨਾਂ:-

੧. ਨੀਸਾ ਗਾਮਾ ਪਾਨੁੀ ਧਾਪਾ ਗਾਮਾ ਪਾਮਾ ਗਾਗਾ ਰੇਸਾ

੨. ਗਾਮਾ ਪਾਨੁੀ ਧਾਪਾ ਗਾਮਾ ਪਾਧਾ ਗਾਮਾ ਗਾਗਾ ਰੇਸਾ

੩. ਗਾਮਾ ਪਾਨੀ ਸਾਂਨੀ ਧਾਪਾ ਧਾਨੁੀ ਧਾਪਾ ਮਾਗਾ ਰੇਸਾ

੪. ਨੀਸਾ ਗਾਮਾ ਪਾਮਾ ਗਾਮਾ ਪਾਨੁੀ ਧਾਪਾ ਗਾਮਾ ਪਾਨੀ

ਸਾਂਗਾਂ ਰੇਂਸਾਂ ਨੀਨੀ ਧਾਪਾ ਧਾਨੁੀ ਧਾਪਾ ਮਾਗਾ ਰੇਸਾ

੫. ਗਾਮਾ ਪਾਨੀ ਸਾਂਨੀ ਧਾਪਾ ਗਾਮਾ ਪਾਨੀ ਸਾਂਗਾਂ ਰੇਂਸਾਂ

ਨੀਨੀ ਧਾਪਾ ਧਾਨੁੀ ਧਾਪਾ ਪਾਧਾ ਗਾਮਾ ਗਾਗਾ ਰੇਸਾ

ਸਿੱਖ ਸਾਹਿਤ ਦੇ ਰੂ-ਬ-ਰੂ ੩

*-ਡਾ. ਰਣਜੀਤ ਕੌਰ ਪੰਨਵਾਂ**

ਪੁਸਤਕ : ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ
ਲੇਖਕ : ਗਿਆਨੀ ਪ੍ਰਤਾਪ ਸਿੰਘ
ਪ੍ਰਕਾਸ਼ਕ : ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ
ਸੰਨ : ਮਾਰਚ ੧੯੫੧ (ਪਹਿਲੀ ਵਾਰ)
ਸਫ਼ੇ : ੪੯੪
ਕੀਮਤ : ੫ ਰੁਪਏ (ਪਹਿਲੀ ਐਡੀ., ਤੀਜੀ ਐਡੀ. ਨਵੰ. ੧੯੮੩ ੧੦੦ ਰੁਪਏ)

ਗਿ. ਪ੍ਰਤਾਪ ਸਿੰਘ ਦੁਆਰਾ ਲਿਖੀ ਪੁਸਤਕ *ਗੁਰਦਵਾਰਾ ਸੁਧਾਰ ਲਹਿਰ ਅਰਥਾਤ ਅਕਾਲੀ ਲਹਿਰ* ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਮਹਤਵਪੂਰਨ ਦਸਤਾਵੇਜ਼ੀ ਪੁਸਤਕ ਹੈ। ਗਿ. ਪ੍ਰਤਾਪ ਸਿੰਘਓ (੩ ਜਨਵਰੀ, ੧੯੦੪-੧੦ ਮਈ, ੧੯੮੪ ਈ.) ਲਹਿਰ ਦੇ ਸਮਕਾਲੀ ਲੇਖਕ ਅਤੇ ਜੈਤੋ ਮੋਰਚੇ ਦੇ ਸੋਲ੍ਹਵੇਂ ਜਥੇ ਵਿਚ ਖੁਦ ਸ਼ਮੂਲੀਅਤ ਕਰਨ ਵਾਲੇ ਸਿੱਖ ਪ੍ਰਚਾਰਕ ਸਨ। ਉਨ੍ਹਾਂ ਨੇ ਲਹਿਰ ਵਿਚ ਜੁਝਾਰੂ ਹਿੱਸੇ ਦੇ ਨਾਲ-ਨਾਲ ਕਲਮ ਦੁਆਰਾ ਵੀ ਲਗਪਗ ੨੨ ਪੁਸਤਕਾਂ ਲਿਖ ਕੇ ਅਕਾਲੀ ਲਹਿਰ ਦੇ ਇਤਿਹਾਸ, ਸਿਧਾਂਤ, ਗੁਰਮਤਿ ਦਰਸ਼ਨ, ਵਿਚਾਰਧਾਰਾ ਦੀ ਵਡਮੁੱਲੀ ਸੇਵਾ ਕੀਤੀ ਹੈ। ਗਿਆਨੀ ਜੀ ਅਕਾਲੀ ਲਹਿਰ ਦੌਰਾਨ ਅਤੇ ਸਕਿਉਰਿਟੀ ਐਕਟ ਦੌਰਾਨ ਵੀ ਜੇਲ੍ਹ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਤੇ ੧੯੪੮ ਈ. ਤੋਂ ਲੈ ਕੇ ੧੯੫੨ ਈ. ਤਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਵੀ ਜਥੇਦਾਰ ਦੀ ਪਦਵੀ 'ਤੇ ਰਹੇ। ਸੇਵਾ ਮੁਕਤੀ ਉਪਰੰਤ 'ਗਿਆਨ ਅੰਮ੍ਰਿਤ' ਮਾਸਕ ਪੱਤਰ ਰਾਹੀਂ ਕਲਮੀ ਸੇਵਾ ਅਰੰਭੀ ਜੋ ੨੫-੨੬ ਸਾਲ ੧੯੮੧ ਈ. ਤਕ ਨਿਭਾਈ। ਆਪ ਫੇਰੂਮਾਨ ਟਰੱਸਟ ਕਾਲਜ ਦੇ ਮੈਂਬਰ ਵੀ ਰਹੇ ਸਨ। ਪੰਜਾਬੀ ਪੱਤਰਕਾਰ ਵਜੋਂ ਕਾਰਜਰਤ ਰਹਿਣ ਕਾਰਨ ਆਪ ਨੂੰ ਭਾਸ਼ਾ ਵਿਭਾਗ ਨੇ ੧੯੮੧ ਈ. ਵਿਚ 'ਸ਼੍ਰੋਮਣੀ ਪੱਤਰਕਾਰ' ਵਜੋਂ ਸਨਮਾਨਿਤ ਕੀਤਾ।

ਉਕਤ ਪੁਸਤਕ ਵਿਚ ਸਮਕਾਲੀ ਲੇਖਕ ਨੇ ਹੱਡੀਂ ਹੰਢਾਏ ਤੇ ਅੱਖੀਂ ਵੇਖੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਵਾਪਰੇ ਮੋਰਿਚਆਂ ਸਮੇਂ ਜਾਂਦੇ ਜਥਿਆਂ ਦੇ ਵਿਸਤ੍ਰਿਤ ਹਾਲ ਉਲੇਖ ਕੀਤੇ ਹਨ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਰੇ ਇਹ ਪੁਸਤਕ ਬੜੀ ਅਹਿਮ ਹੈ ਅਤੇ ਜੈਤੋ ਦੇ ਮੋਰਚੇ ਦੇ ਹਾਲ ਵੀ ਇਸ ਵਿਚ ਬੜੇ ਵਿਸਥਾਰ ਨਾਲ ਅੰਕਿਤ ਹਨ। ਲੇਖਕ ਦੁਆਰਾ

* *ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਪੁਸਤਕ ਨੂੰ ੩੭ (ਸੈਂਤੀ) ਅਧਿਆਇਆਂ ਵਿਚ ਵੰਡਿਆ ਗਿਆ ਹੈ– ਵਚਨਾਰੰਭ, ਨਿਰੰਕਾਰੀ, ਨਾਮਧਾਰੀ ਤੇ ਸਿੰਘ ਸਭਾ ਲਹਿਰ, ਅਕਾਲੀ ਲਹਿਰ ਜਾਰੀ ਹੋਣ ਦੇ ਕਾਰਨ, ਗੁ: ਰਕਾਬਗੰਜ ਦੀ ਕੰਧ, ਹੰਸਲੀ ਦਾ ਝਗੜਾ, ਜੇਲ੍ਹਾਂ ਵਿਚ ਸਿੱਖਾਂ ਦੀ ਹਾਲਤ, ਕਿਰਪਾਨ ਤੇ ਪਾਬੰਦੀ, ਪ੍ਰਦੇਸੀ ਵੀਰਾਂ ਦੀ ਹਾਲਤ, ਗ਼ਦਰ ਪਾਰਟੀ, ਗੁਰੂ ਨਾਨਕ ਜਹਾਜ਼ ਤੇ ਲਾਹੌਰ ਸਾਜਸ਼ ਕੇਸ, ਗੁਰਦਵਾਰਿਆਂ ਦੀ ਹਾਲਤ, ਰਾਜਨੀਤਕ ਦਸ਼ਾ, ਅਕਾਲੀ ਲਹਿਰ ਦਾ ਅਰੰਭ, ਗੁ: ਬਾਬੇ ਦੀ ਬੇਰ, ਸ੍ਰੀ ਦਰਬਾਰ ਸਾਹਿਬ ਤੇ ਅਕਾਲੀ ਦਲ ਦੀ ਕਾਇਮੀ, ਸ਼੍ਰੋਮਣੀ ਕਮੇਟੀ ਤੇ ਸ਼੍ਰੋ: ਅਕਾਲੀ ਦਲ ਦੀ ਕਾਇਮੀ, ਪੰਜਾ ਸਾਹਿਬ ਦਾ ਕਬਜ਼ਾ, ਤਰਨ ਤਾਰਨ ਦਾ ਸਾਕਾ, ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਚਾਬੀਆਂ ਦਾ ਮੋਰਚਾ, ਹੋਰ ਗੁਰਦਵਾਰਿਆਂ ਤੇ ਕਬਜ਼ਾ, ਮੋਰਚਾ ਗੁਰੂ ਕਾ ਬਾਗ਼, ਗੁਰੂ ਕੇ ਬਾਗ਼ ਬਾਰੇ ਕਾਂਗ੍ਰਸ ਤੇ ਮੁਖੀਆਂ ਦੇ ਬਿਆਨ, ਗੁਰੂ ਕੇ ਬਾਗ਼ ਦੇ ਕੁਝ ਸੂਰਬੀਰਾਂ ਦੇ ਨਾਂ, ਸ਼੍ਰੋਮਣੀ ਕਮੇਟੀ ਦੇ ਮੁਖੀਆਂ ਦਾ ਮੁਕੱਦਮਾ, ਸ਼ਹੀਦੀ ਸਾਕਾ ਪੰਜਾ ਸਾਹਿਬ, ਬੱਬਰ ਅਕਾਲੀ ਲਹਿਰ, ਮੁਕਤਸਰ ਸਾਹਿਬ ਦਾ ਪ੍ਰਬੰਧ, ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ, ਮਹਾਰਾਜਾ ਨਾਭਾ ਦਾ ਗਦੀਓਂ ਉਤਰਨਾ, ਜੈਤੋ ਦੇ ਮੋਰਚੇ ਦਾ ਆਰੰਭ, ਸ਼੍ਰੋ: ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ, ਕਾਂਗਰਸ ਦੀ ਹਮਦਰਦੀ, ਭਾਈ ਫੇਰੂ ਦਾ ਮੋਰਚਾ, ਸ਼੍ਰੋ: ਕਮੇਟੀ ਦੇ ਦੂਜੇ ਤੀਜੇ ਜਥੇ ਦੀ ਗ੍ਰਿਫਤਾਰੀ, ਜੈਤੋ ਵਿਚ ਸ਼ਹੀਦੀ ਜਥੇ ਤੇ ਗੋਲੀ, ਜੈਤੋ ਵੱਲ ਦੂਜਾ ਤੀਜਾ ਤੇ ਚੌਥਾ ਸ਼ਹੀਦੀ ਜਥਾ, ਮੁਲਤਾਨ ਜੇਲ੍ਹ ਦੀ ਯਾਦ, ਜੈਤੋ ਵੱਲ ਪੰਜਵਾਂ, ਛੇਵਾਂ ਸ਼ਹੀਦੀ ਜਥਾ, ਮੁਲਤਾਨ ਜੇਲ੍ਹਾਂ ਦੀ ਯਾਦ, ਹੋਰ ਨੌਂ ਸ਼ਹੀਦੀ ਜੱਥੇ,ਸਿਖ ਸੁਧਾਰ ਕਮੇਟੀ, ਕਾਂਗਰਸ ਪੜਤਾਲੀਆ ਕਮੇਟੀ, ਜੈਤੋ ਦੇ ਮੋਰਚੇ ਦਾ ਅੰਤ, ੧੫ਵਾਂ, ੧੬ਵਾਂ, ੧੭ਵਾਂ ਤੇ ਪ੍ਰਦੇਸੀ ਜਥੇ, ਨਾਭਾ ਜੇਲ੍ਹ ਦੇ ਸ਼ਹੀਦ ਸਿੰਘਾਂ ਦੇ ਨਾਂ, ਗੁਰਦੁਵਾਰਾ ਐਕਟ, ਅਕਾਲੀ ਲਹਿਰ ਦਾ ਅੰਤ ਤੇ ਮਤਭੇਦ।

ਪੁਸਤਕ ਦੇ ਅਖੀਰਲੇ ਸਫਾ ਨੰ: ੪੯੪ ਦੇ ਅੰਤ 'ਤੇ 'ਇਤਿ' ਸ਼ਬਦ ਦੀ ਵਰਤੋਂ ਅਕਸਰ ਧਾਰਮਿਕ ਪੋਥੀਆਂ, ਗ੍ਰੰਥਾਂ ਆਦਿਕ ਦੀ ਸੰਪੂਰਨਤਾ ਵੇਲੇ ਕੀਤੀ ਜਾਂਦੀ ਸੀ/ਹੈ। ਅਕਾਲੀ ਲਹਿਰ ਬਾਰੇ ਗਿਆਨਵਰਧਕ ਜਾਣਕਾਰੀ ਦੇਣ ਵਾਲੀ ਇਹ ਪੁਸਤਕ ਇਕ ਗ੍ਰੰਥ ਵਰਗੀ ਹੀ ਹੈ। ਇਸ ਪੁਸਤਕ ਨੂੰ ਜੇਕਰ ਗ੍ਰੰਥ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੁਸਤਕ ਆਮ/ਅਕਾਦਮਿਕ ਪੱਧਰ ਦੇ ਪਾਠਕਾਂ ਲਈ ਬਹੁਤ ਵਡਮੁੱਲੀ ਅਤੇ ਪ੍ਰਥਮ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਵਡਮੁੱਲੀ ਜਾਣਕਾਰੀ ਸਮੋਈ ਇਹ ਪੁਸਤਕ ਚਸ਼ਮਦੀਦ ਸਮਕਾਲੀ ਦੁਆਰਾ ਹੱਡੀ ਹੰਢਾਈਆਂ ਪ੍ਰਸਥਿਤੀਆਂ ਨੂੰ ਕਲਮਬੱਧ ਕਰਨ ਕਰਕੇ ਬਹੁਤ ਮਹੱਤਵਪੂਰਨ ਹੈ ਅਤੇ ਹਰ ਭਾਰਤੀ ਨੂੰ ਪੜ੍ਹਣੀ ਚਾਹੀਦੀ ਹੈ ਕਿ ਕਿਵੇਂ ਅੰਗਰੇਜ਼ੀ ਸ਼ਾਸਨ ਨੂੰ ਖਤਮ ਕਰਨ ਲਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੇ ਪੂਰਨ ਵਡਾ ਰੋਲ ਅਦਾ ਕੀਤਾ, ਜਿਸ ਦੀ ਠੀਕ ਤਸਵੀਰ ਪਾਠਕਾਂ ਸਾਹਵੇਂ ਅਜੇ ਤਕ ਪੇਸ਼ ਹੀ ਨਹੀ ਹੋਣ ਦਿੱਤੀ ਗਈ। ਇਹ ਪੁਸਤਕ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਬਾਬਤ ਪੂਰਨ ਜਾਣਕਾਰੀ ਉਪਲਬਧ ਕਰਵਾਉਣ ਵਾਲਾ ਦਸਤਾਵੇਜ਼ ਹੈ।

ਬੱਚਿਆਂ ਦਾ ਕਾਲਮ:

ਮਨ ਦੀ ਹਾਜ਼ਰੀ

*-ਸ. ਸੁਖਦੇਵ ਸਿੰਘ ਸ਼ਾਂਤ**

ਇਕ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਕੁਝ ਸਿੰਘਾਂ ਨੇ ਬੇਨਤੀ ਕੀਤੀ, "ਮਹਾਰਾਜ ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਅਸੀਂ ਨਾਲ ਦੇ ਪਿੰਡ ਵਿਚ ਇਕ ਨਾਟ-ਮੰਡਲੀ ਦਾ ਪ੍ਰੋਗਰਾਮ ਦੇਖ ਆਈਏ।"

ਗੁਰੂ ਜੀ ਨੇ ਆਗਿਆ ਦੇ ਦਿੱਤੀ। ਸਿੰਘ ਬਹੁਤ ਖੁਸ਼ ਹੋਏ। ਨਿੱਤ ਦੇ ਸੰਘਰਸ਼ ਭਰੇ ਜੀਵਨ ਵਿਚ ਕੁਝ ਮਨੋਰੰਜਨ ਕਰਨ ਦਾ ਉਨ੍ਹਾਂ ਦੇ ਦਿਲ ਵਿਚ ਮੰਤਵ ਸੀ। ਕੁਝ ਸਿੰਘ ਤਾਂ ਚਲੇ ਗਏ ਪਰ ਬਾਕੀ ਦੇ ਗੁਰੂ ਜੀ ਪਾਸ ਹੀ ਠਹਿਰ ਗਏ। ਚਾਰੇ ਪਾਸਿਆਂ ਤੋਂ ਵਿਰੋਧੀ ਫੌਜ ਦਾ ਖ਼ਤਰਾ ਮੌਜੂਦ ਸੀ। ਇਸ ਲਈ ਬਹੁਤ ਸਾਰੇ ਸਿੰਘਾਂ ਨੇ ਗੁਰੂ ਜੀ ਦੇ ਕੋਲ ਰਹਿਣਾ ਹੀ ਜ਼ਰੂਰੀ ਸਮਝਿਆ। ਤਮਾਸ਼ਾ ਦੇਖਣ ਗਏ ਸਿੰਘ ਦੇਰ ਰਾਤ ਤਕ ਉਸ ਪਿੰਡ ਵਿਚ ਰਹੇ ਅਤੇ ਅੱਧੀ ਰਾਤ ਨੂੰ ਵਾਪਸ ਆਏ।

ਸਵੇਰ ਹੋਈ। ਗੁਰੂ ਜੀ ਨੇ ਭਰੀ ਸੰਗਤ ਵਿਚ ਫੁਰਮਾਇਆ, "ਜਿਹੜੇ ਸਿੰਘ ਰਾਤ ਗ਼ੈਰ-ਹਾਜ਼ਰ ਸਨ, ਉਹ ਹਾਜ਼ਰ। ਜਿਹੜੇ ਸਿੰਘ ਮੇਰੇ ਕੋਲ ਹਾਜ਼ਰ ਸਨ, ਉਹ ਗ਼ੈਰ-ਹਾਜ਼ਰ।" ਇਸ ਅਨੋਖੇ ਫ਼ਰਮਾਨ ਨੂੰ ਸੁਣ ਕੇ ਸਾਰੀ ਸੰਗਤ ਹੈਰਾਨ ਹੋ ਗਈ।

ਗੁਰੂ ਜੀ ਨੇ ਸੰਗਤ ਦੀ ਹੈਰਾਨੀ ਨੂੰ ਦੂਰ ਕਰਦਿਆਂ ਆਖਿਆ, "ਜਿਹੜੇ ਸਿੰਘ ਨਾਟ-ਮੰਡਲੀ ਦਾ ਤਮਾਸ਼ਾ ਦੇਖਣ ਗਏ ਸਨ ਉਹ ਤਮਾਸ਼ਾ ਦੇਖਦੇ ਹੋਏ ਵੀ ਮੇਰੇ ਕੋਲ ਸਨ। ਉਹ ਉੱਥੇ ਬੈਠੇ ਸਾਰਾ ਸਮਾਂ ਪਛਤਾਉਂਦੇ ਰਹੇ ਕਿ ਉਨ੍ਹਾਂ ਨੂੰ ਅਜਿਹੇ ਖ਼ਤਰੇ ਦੇ ਸਮੇਂ ਇਸ ਤਰ੍ਹਾਂ ਨਹੀਂ ਸੀ ਆਉਣਾ ਚਾਹੀਦਾ। ਜਿਹੜੇ ਸਿੰਘ ਮੇਰੇ ਕੋਲ ਸਨ, ਉਹ ਇਸ ਗੱਲ ਲਈ ਪਛਤਾਉਂਦੇ ਰਹੇ ਕਿ ਚੰਗਾ ਹੁੰਦਾ ਉਹ ਤਮਾਸ਼ਾ ਦੇਖ ਹੀ ਆਉਂਦੇ ਕਿਉਂਕਿ ਰਾਤ ਕੋਈ ਖ਼ਤਰੇ ਵਾਲੀ ਗੱਲ ਤਾਂ ਹੋਈ ਨਹੀਂ।"

ਹਾਜ਼ਰੀ ਤਾਂ ਮਨ ਦੀ ਹੁੰਦੀ ਹੈ। ਤਮਾਸ਼ਾ ਦੇਖਣ ਗਏ ਸਿੰਘਾਂ ਦੇ ਤਨ ਭਾਵੇਂ ਦੂਜੇ ਪਿੰਡ ਵਿਚ ਸਨ ਪਰ ਉਨ੍ਹਾਂ ਦੇ ਮਨ ਗੁਰੂ ਜੀ ਦੇ ਪਾਸ ਸਨ। ਤਮਾਸ਼ਾ ਦੇਖਣ ਨਾ ਗਏ ਸਿੰਘਾਂ ਦੇ ਮਨ ਤਮਾਸ਼ੇ ਵਿਚ ਸਨ। ਸੋ ਪਿਆਰੇ ਬੱਚਿਓ! ਸਾਨੂੰ ਪੜ੍ਹਨ, ਖੇਡਣ ਅਤੇ ਹੋਰ ਕੰਮ ਕਰਦੇ ਸਮੇਂ ਤਨ ਅਤੇ ਮਨ ਦੋਹਾਂ ਨੂੰ ਹਾਜ਼ਰ ਰੱਖਣਾ ਚਾਹੀਦਾ ਹੈ।

■

**#8562, Charlotte Court, Avon- 46123, Indiana (U.S.A.) Ph. 001-317-406-0002*

ਖ਼ਬਰਨਾਮਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਊਂਟ ਆਬੂ ਵਿਖੇ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੧੭ ਜੂਨ- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਸ਼ਨ, ਮਾਊਂਟ ਆਬੂ (ਰਾਜਸਥਾਨ) ਵਿਖੇ ਤਿੰਨ ਦਿਨਾ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਅਤੇ ਮੀਤ ਸਕੱਤਰ ਸ. ਸੁਖਬੀਰ ਸਿੰਘ ਨੇ ਸਮਾਗਮਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ, ਉੱਥੇ ਗੁਜਰਾਤ ਅਤੇ ਰਾਜਸਥਾਨ ਦੀ ਸੰਗਤ ਨੇ ਵੀ ਭਰਵੀਂ ਹਾਜ਼ਰੀ ਭਰੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਤੇ ਭਾਈ ਅਮਨਦੀਪ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਸਿੱਖ ਮਿਸ਼ਨ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਨੇ ਕਥਾ-ਵਿਚਾਰਾਂ ਕੀਤੀਆਂ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਕਿਹਾ ਕਿ ਸਿੱਖ ਇਤਿਹਾਸ ਨਾਲ ਸੰਬੰਧਿਤ ਆ ਰਹੀਆਂ ਸ਼ਤਾਬਦੀਆਂ ਨੂੰ ਕੌਮੀ ਪੱਧਰ 'ਤੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਵੱਖ-ਵੱਖ ਪ੍ਰੋਗਰਾਮ ਉਲੀਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮਕਸਦ ਜਿੱਥੇ ਸਿੱਖੀ ਦਾ ਪ੍ਰਚਾਰ ਕਰਨਾ ਹੈ, ਉੱਥੇ ਆ ਰਹੀਆਂ ਸ਼ਤਾਬਦੀਆਂ ਬਾਰੇ ਹੀ ਸੰਗਤ ਅੰਦਰ ਜਾਗਰੂਕਤਾ ਪੈਦਾ ਕਰਨੀ ਵੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਦੇਸ਼ ਭਰ ਦੇ ਵੱਖ-ਵੱਖ ਥਾਵਾਂ ਤੋਂ ਜਿੱਥੇ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਉੱਥੇ ਹੀ ਵੱਖ-ਵੱਖ ਸੂਬਿਆਂ ਵਿਚ ਗੁਰਮਤਿ ਸਮਾਗਮ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਗੁਜਰਾਤ ਅਤੇ ਰਾਜਸਥਾਨ ਵਿਖੇ ਹੋਰ ਸਮਾਗਮਾਂ ਦੀਆਂ ਤਾਰੀਖਾਂ ਜਲਦ ਮਿੱਥ ਲਈਆਂ ਜਾਣਗੀਆਂ। ਉਨ੍ਹਾਂ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੇ ਨਾਲ-ਨਾਲ ਨਵੰਬਰ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਸ਼ਤਾਬਦੀ ਸਮਾਗਮਾਂ ਵਿਚ ਸ਼ਿਰਕਤ ਕਰਨ ਦੀ ਵੀ ਅਪੀਲ ਕੀਤੀ।

ਸਮਾਗਮ ਦੌਰਾਨ ਸਿੱਖ ਮਿਸ਼ਨ ਕਰਨਾਟਕਾ, ਗੋਆ ਅਤੇ ਗੁਜਰਾਤ ਦੇ

ਆਨਰੇਰੀ ਇੰਚਾਰਜ ਸ. ਰਾਮ ਸਿੰਘ ਰਾਠੌਰ, ਸ. ਨੱਥਾ ਸਿੰਘ, ਸ. ਸੁਖਦੇਵ ਸਿੰਘ, ਸ. ਮਹਿੰਦਰ ਸਿੰਘ, ਸ. ਮਨਜੀਤ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਲਖਬੀਰ ਸਿੰਘ ਨੇ ਵੀ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਬੀਬੀ ਇਸ਼ਮੀਤ ਸਿੰਘ ਨੈਂਸੀ ਨੇ ਵੀ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸੇ ਦੌਰਾਨ ਪ੍ਰਬੰਧਕਾਂ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ. ਨਿਰਮਲ ਸਿੰਘ ਸਮਰਾਟ ਨਗਰ, ਬਾਪੂ ਮੋਹਨ ਸਿੰਘ ਅਹਿਮਦਾਬਾਦ, ਸ. ਮਹਿੰਦਰ ਸਿੰਘ ਗਾਂਧੀ, ਸ. ਸਾਹਿਬ ਸਿੰਘ, ਸ. ਅਮਨਦੀਪ ਸਿੰਘ ਸ਼ਾਮੀਂ, ਸ. ਅਵਤਾਰ ਸਿੰਘ, ਬੀਬੀ ਅੰਮ੍ਰਿਤ ਕੌਰ, ਸ. ਮਨਜੀਤ ਸਿੰਘ ਸਾਬਰਮਤੀ, ਸ. ਦਵਿੰਦਰ ਸਿੰਘ, ਬਾਪੂ ਉਜਾਗਰ ਸਿੰਘ ਰਾਜਕੋਟ, ਸ. ਹਰਪਾਲ ਸਿੰਘ ਜਾਮ ਨਗਰ, ਸ. ਅਜੀਤ ਸਿੰਘ, ਸ. ਹਰੀ ਸਿੰਘ, ਸ. ਗੁਰਪ੍ਰੀਤ ਸਿੰਘ, ਸ. ਨਾਨਕ ਸਿੰਘ, ਸ. ਪ੍ਰਦੀਪ ਸਿੰਘ, ਸ. ਚਰਨਕੰਵਲ ਸਿੰਘ, ਡਾ. ਅਜੀਤ ਸਿੰਘ ਆਬੂ ਰੋਡ, ਬੀਬੀ ਰਾਜਿੰਦਰ ਕੌਰ, ਸ. ਗੁਰਪ੍ਰੀਤ ਸਿੰਘ, ਸ. ਕੁਲਦੀਪ ਸਿੰਘ ਤੇ ਸ. ਬਿਕਰਮਜੀਤ ਸਿੰਘ ਇੰਚਾਰਜ ਸਮੇਤ ਹੋਰ ਮੌਜੂਦ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਸੰਬੰਧੀ ਕਮੇਟੀ ਗਠਿਤ

ਸ੍ਰੀ ਅੰਮ੍ਰਿਤਸਰ, ੨੬ ਜੂਨ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸੰਬੰਧ ਵਿਚ ੩੪ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕਮੇਟੀ ਵਿਚ ਸਿੰਘ ਸਾਹਿਬਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇੱਕ ਨੁਮਾਇੰਦਾ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇੱਕ ਨੁਮਾਇੰਦਾ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ, ਪ੍ਰਦਮਸ੍ਰੀ ਬਾਬਾ ਸੇਵਾ ਸਿੰਘ ਕਾਰ-ਸੇਵਾ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਮੁਖੀ ਸੰਪ੍ਰਦਾ ਕਾਰਸੇਵਾ ਭੂਰੀਵਾਲੇ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਸੰਪ੍ਰਦਾ, ਮਹੰਤ ਰਮਿੰਦਰ ਦਾਸ ਉਦਾਸੀਨ ਸੰਪ੍ਰਦਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਸੇਵਾਪੰਥੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰਧਾਨ ਚੀਫ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦਾ ਇੱਕ ਨੁਮਾਇੰਦਾ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ, ਗੁਰਬਾਣੀ ਵਿਆਕਰਣ ਦੇ ਮਾਹਿਰ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਭਾਈ ਮਹਿੰਦਰ ਸਿੰਘ ਗੁਰੂ ਨਾਨਕ

ਨਿਸ਼ਕਾਮ ਸੇਵਕ ਜਥਾ ਯੂ.ਕੇ., ਮਹੰਤ ਮਨਜੀਤ ਸਿੰਘ ਜੰਮੂ-ਕਸ਼ਮੀਰ, ਬੀਬੀ ਇੰਦਰਜੀਤ ਕੌਰ ਮੁਖੀ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ, ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਪਟਿਆਲਾ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰਸੀਪਲ ਖ਼ਾਲਸਾ ਕਾਲਜ ਸੀ: ਸੈ: ਸਕੂਲ ਅੰਮ੍ਰਿਤਸਰ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਗਿ. ਬਲਜੀਤ ਸਿੰਘ, ਪ੍ਰਿੰਸੀਪਲ ਸਾਹਿਬਜ਼ਾਦਾ ਜੁਝਾਰ ਸਿੰਘ ਸਿੱਖ ਮਿਸ਼ਨਰੀ ਕਾਲਜ ਚੌਂਤਾ, ਸਿੱਖ ਵਿਦਵਾਨ ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਡਾ. ਜਤਿੰਦਰਪਾਲ ਸਿੰਘ ਉੱਪਲ ਆਸਟ੍ਰੇਲੀਆ, ਸ. ਰਾਜਬੀਰ ਸਿੰਘ ਕੈਨੇਡਾ, ਸ. ਇੰਦਰਪਾਲ ਸਿੰਘ ਚੱਢਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਇਸ ਮਾਮਲੇ 'ਤੇ ਮੰਗੇ ਸੁਝਾਵਾਂ ਤਹਿਤ ਬਹੁਤ ਸਾਰੀਆਂ ਸੰਪ੍ਰਦਾਵਾਂ, ਜਥੇਬੰਦੀਆਂ ਅਤੇ ਵਿਦਵਾਨਾਂ ਨੇ ਪਹਿਲਾਂ ਹੀ ਆਪਣੇ ਸੁਝਾਅ ਲਿਖਤੀ ਰੂਪ ਵਿਚ ਭੇਜੇ ਹਨ। ਇਨ੍ਹਾਂ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਨਾਂਦੇੜ, ਦਲ ਖਾਲਸਾ, ਅਖੰਡ ਕੀਰਤਨੀ ਜਥਾ, ਪੰਥਕ ਤਾਲਮੇਲ ਸੰਗਠਨ, ਸਿੱਖ ਕੌਂਸਲ ਯੂ.ਕੇ., ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ਼੍ਰੋਮਣੀ ਖਾਲਸਾ ਪੰਚਾਇਤ, ਸਿੰਘ ਸਭਾਵਾਂ ਸਮੇਤ ਹੋਰ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿਚ ਸਿੱਖ ਵਿਦਵਾਨ ਸ਼ਾਮਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਰਫੋਂ ਹੁਣ ਇਸ ਸੰਬੰਧ ਵਿਚ ੩੪ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਆਪਣੀ ਰਾਇ ਰਿਪੋਰਟ ਦੇਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਫੜੇ ਭਾਈਕੇ ਵਿਖੇ ਵਿਸ਼ਾਲ ਗੁਰਮਤਿ ਸਮਾਗਮ

ਮਾਨਸਾ/ਸ੍ਰੀ ਅੰਮ੍ਰਿਤਸਰ, ੩੦ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਮਾਨਸਾ ਜ਼ਿਲ੍ਹੇ ਦੇ ਹਲਕਾ ਜੋਗਾ ਤੋਂ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ ਦੇ ਯਤਨਾਂ ਨਾਲ ਪਿਛਲੇ ਇੱਕ ਮਹੀਨੇ ਤੋਂ ਵੱਖ-ਵੱਖ ਪਿੰਡਾਂ ਵਿਚ ਲਗਾਏ ਗਏ ਗੁਰਮਤਿ ਸਿਖਲਾਈ ਕੈਂਪਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਦਾ ਸਨਮਾਨ ਸਮਾਗਮ ਗੁਰਦੁਆਰਾ ਭਾਈ ਬਹਿਲੋ ਜੀ, ਫਫੜੇ ਭਾਈਕੇ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦-ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਲਕੇ ਦੇ ੫੪ ਪਿੰਡਾਂ ਅੰਦਰ ੬੪ ਥਾਵਾਂ 'ਤੇ ਲਗਾਏ ਇਨ੍ਹਾਂ ਗੁਰਮਤਿ ਕੈਂਪਾਂ ਦੌਰਾਨ ੩ਪ੩ਪ ਬੱਚਿਆਂ ਨੇ ਸ਼ਮੂਲੀਅਤ ਕੀਤੀ ਅਤੇ ਵੱਖ-ਵੱਖ ਧਾਰਮਿਕ ਮੁਕਾਬਲਿਆਂ ਵਿਚ ਭਾਗ ਲਿਆ। ਕੈਂਪ ਦੀ ਸਫਲਤਾ ਲਈ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ ਨੇ ਘਰ ਘਰ ਤਕ ਪਹੁੰਚ ਕਰ ਕੇ ਬੱਚਿਆਂ ਨੂੰ ਕੈਂਪ ਵਿਚ ਆਉਣ ਲਈ ਪ੍ਰੇਰਿਆ। ਕੈਂਪ ਦੀ ਸਮਾਪਤੀ ਮੌਕੇ ੫੭੫ ਬੱਚਿਆਂ ਦਾ ਗੁਰਮਤਿ ਸੰਬੰਧੀ ਲਿਖਤੀ ਪੇਪਰ ਵੀ ਲਿਆ ਗਿਆ, ਜੋ ਪਿੰਡਾਂ ਵਿਚ ਲੱਗੇ ਗੁਰਮਤਿ ਕੈਂਪਾਂ ਦੌਰਾਨ ਅਵੱਲ ਆਏ ਸਨ।

ਸਮਾਗਮ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮਨੁੱਖ ਦੇ ਜੀਵਨ ਲਈ ਗੁਰਬਾਣੀ ਦੀ ਸਿੱਖਿਆ ਦਾ ਵੱਡਾ ਮਹੱਤਵ ਹੈ ਅਤੇ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ ਨਾਲ ਸਹਿਜੇ ਹੀ ਜੋੜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਜੋਗਾ ਅੰਦਰ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ, ਅਜਿਹੇ ਉਪਰਾਲੇ ਹਰ ਹਲਕੇ ਵਿਚ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਬੱਚਿਆਂ ਨੂੰ ਰੋਜ਼ਾਨਾ ਗੁਰਬਾਣੀ ਨਿੱਤਨੇਮ ਕਰਨ ਅਤੇ ਸਿੱਖੀ ਵਿਚ ਪ੍ਰਪੱਕ ਰਹਿਣ ਦੀ ਪ੍ਰੇਰਨਾ ਕੀਤੀ। ਸਮਾਗਮ ਦੌਰਾਨ ਜਥੇਦਾਰ ਜੀ ਦੀ ਪ੍ਰੇਰਨਾ ਨਾਲ ਸੈਂਕੜੇ ਬੱਚਿਆਂ ਨੇ ਕੇਸ ਰੱਖਣ ਦਾ ਪ੍ਰਣ ਕੀਤਾ। ਇਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਗ੍ਰੰਥੀ ਸਿੰਘਾਂ ਨੂੰ ਹਰ ਰੋਜ਼ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਉਣ ਲਈ ਪ੍ਰੇਰਿਆ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਨੂੰ ਵੀ ਗ੍ਰੰਥੀ ਸਿੰਘਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ, ਜਥੇਦਾਰ ਬਾਬਾ ਟੇਕ ਸਿੰਘ ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਅਤੇ ਕੈਂਪ ਵਿਚ ਸਹਿਯੋਗ ਦੇਣ ਵਾਲੇ ਗ੍ਰੰਥੀ ਸਿੰਘਾਂ, ਹਲਕਾ ਨਿਵਾਸੀਆਂ ਅਤੇ ਕੈਂਪ 'ਚ ਸ਼ਾਮਲ ਰਹੇ ਬੱਚਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਰਜ ਹਲਕੇ ਵਿਚ ਲਗਾਤਾਰ ਜਾਰੀ ਰੱਖਿਆ ਜਾਵੇਗਾ ਅਤੇ ਸਮੇਂ-ਸਮੇਂ ਸਕੂਲਾਂ ਅੰਦਰ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਭੇਜ ਕੇ ਗੁਰਮਤਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਰਹੇਗੀ। ਸਮਾਗਮ ਦੌਰਾਨ ਲਈ ਗਈ ਧਾਰਮਿਕ ਪ੍ਰੀਖਿਆ ਵਿੱਚੋਂ ਅੱਵਲ ਆਏ ਬੱਚਿਆਂ ਨੂੰ ਜਥੇਦਾਰ ਕੁਲਦੀਪ ਸਿੰਘ ਗੜਗੱਜ, ਜਥੇਦਾਰ ਬਾਬਾ ਟੇਕ ਸਿੰਘ, ਸ. ਗੁਰਪ੍ਰੀਤ ਸਿੰਘ ਝੱਬਰ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਇਨਾਮ ਵਜੋਂ ਸਾਈਕਲ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਕੈਂਪਾਂ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਨੂੰ

ਵੀ ਮੈਡਲ, ਸਨਮਾਨ ਪੱਤਰ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਗਤਕਾ ਟੀਮਾਂ ਵੱਲੋਂ ਗਤਕੇ ਦੇ ਜੌਹਰ ਵੀ ਵਿਖਾਏ।

ਇਸ ਮੌਕੇ ਸ. ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਸ. ਹਰਦੇਵ ਸਿੰਘ, ਪ੍ਰਧਾਨ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਨਰਿੰਦਰ ਸਿੰਘ, ਇੰਚਾਰਜ ਸ. ਭੋਲਾ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਰਾਜਪਾਲ ਸਿੰਘ, ਪ੍ਰਚਾਰਕ ਭਾਈ ਅਮਰੀਕ ਸਿੰਘ ਡਸਕਾ, ਭਾਈ ਸਵਿੰਦਰ ਸਿੰਘ, ਭਾਈ ਬਲਦੇਵ ਸਿੰਘ ਅਤੇ ਵੱਡੀ ਗਿਣਤੀ ਵਿਚ ਬੱਚੇ ਮੌਜੂਦ ਸਨ।

ਜੂਨ ੧੯੮੪ ਦੇ ਘੱਲੂਘਾਰੇ ਸਮੇਂ ਸਰਕਾਰ ਦੇ ਜ਼ੁਲਮਾਂ ਨੂੰ ਉਜਾਗਰ ਕਰਦੀ ਸਚਿੱਤਰ ਪੁਸਤਕ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ

ਸ੍ਰੀ ਅੰਮ੍ਰਿਤਸਰ, ੩ ਜੁਲਾਈ- ਜੂਨ ੧੯੮੪ 'ਚ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਫ਼ੌਜੀ ਹਮਲੇ ਸਮੇਂ ਸਿੱਖਾਂ ਦੇ ਹੋਏ ਭਾਰੀ ਨੁਕਸਾਨ ਨੂੰ ਬਿਆਨ ਕਰਦੀਆਂ ਤਸਵੀਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵੱਡਅਕਾਰੀ ਕਿਤਾਬ ਦੇ ਰੂਪ ਵਿਚ ਜਾਰੀ ਕੀਤਾ। ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ ੧੯੮੪ ਦਾ ਇਹ ਘੱਲੂਘਾਰਾ ਸਿੱਖ ਇਤਿਹਾਸ ਦਾ ਇਕ ਦੁਖਦਾਈ ਅਧਿਆਇ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਕਾਂਗਰਸ ਸਰਕਾਰ ਨੇ ਸਿੱਖਾਂ ਦੇ ਪਵਿੱਤਰ ਗੁਰਧਾਮਾਂ 'ਤੇ ਫ਼ੌਜੀ ਹਮਲਾ ਕਰ ਕੇ ਸਿੱਖ ਮਨਾਂ ਨੂੰ ਅਜਿਹਾ ਜ਼ਖ਼ਮ ਦਿੱਤਾ, ਜੋ ਨਾ ਭਰਨਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿੱਖਾਂ ਦੇ ਧਾਰਮਿਕ ਖ਼ਜ਼ਾਨੇ ਨੂੰ ਸਾਂਭੀ ਬੈਠੀ ਸਿੱਖ ਰੈਂਫਰੈਂਸ ਲਾਇਬ੍ਰੇਰੀ ਦੇ ਕੀਮਤੀ ਦਸਤਾਵੇਜ਼ ਤੇ ਇਤਿਹਾਸਿਕ ਵਸਤੂਆਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ। ਐਡਵੋਕੇਟ ਧਾਮੀ ਨੇ ਕਿਹਾ ਕਿ ਹਮਲੇ ਤੋਂ ਕਈ ਦਿਨ ਬਾਅਦ ਤਕ ਸਰਕਾਰ ਨੇ ਕਰਫਿਊ ਲਗਾ ਕੇ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਆਉਣ ਤੋਂ ਰੋਕੀ ਰੱਖਿਆ, ਤਾਂ ਜੋ ਸਰਕਾਰ ਵੱਲੋਂ ਕੀਤੇ ਜ਼ੁਲਮਾਂ ਦੇ ਨਿਸ਼ਾਨ ਮਿਟਾਏ ਜਾ ਸਕਣ। ਸਰਕਾਰ ਦੇ ਇਨ੍ਹਾਂ ਜ਼ੁਲਮਾਂ ਦੀਆਂ ਕੁਝ ਤਸਵੀਰਾਂ ਫ਼ੋਟੋਗ੍ਰਾਫਰ ਸ. ਸਤਪਾਲ ਸਿੰਘ ਦਾਨਸ਼ ਨੇ ਸਾਂਭੀਆਂ ਸਨ, ਜਿਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਸਚਿੱਤਰ ਪੁਸਤਕ ਦੇ ਰੂਪ ਵਿਚ ਤਿਆਰ ਕਰ ਕੇ ਜਾਰੀ ਕੀਤਾ ਹੈ। ਇਸ ਵਿਚ ਦਰਜ ਤਸਵੀਰਾਂ ਸਮੇਂ ਦੇ ਹਾਲਾਤ ਅਤੇ ਸਰਕਾਰ ਵੱਲੋਂ ਕੀਤੇ ਵਹਿਸ਼ੀਆਨਾ ਜ਼ੁਲਮਾਂ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਕਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ, ਸਿੱਖ ਰੈਂਫਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਅਤੇ ਸਿੱਖ ਅਜਾਇਬ ਘਰ ਵਿਚ ਰੱਖੀ ਜਾਵੇਗੀ, ਤਾਂ ਜੋ ਸੰਗਤ ਸਰਕਾਰ ਵੱਲੋਂ ਸਿੱਖਾਂ 'ਤੇ ਕੀਤੇ ਜ਼ੁਲਮ ਤੋਂ ਜਾਣੂ ਹੋ ਸਕਣ। ਇਸ ਤੋਂ ਇਲਾਵਾ ਇਸ ਦਾ ਡਿਜੀਟਾਈਜੇਸ਼ਨ ਕਰ ਕੇ ਵੀ ਵੱਖ-ਵੱਖ ਮਾਧਿਅਮਾਂ ਰਾਹੀਂ ਸੰਗਤ

ਤੀਕ ਪਹੁੰਚਾਇਆ ਜਾਵੇਗਾ।

ਕਿਤਾਬ ਜਾਰੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਜੋਗੇਸ਼ਵਰ ਸਿੰਘ, ਮੈਨੇਜਰ ਸ. ਜਤਿੰਦਰਪਾਲ ਸਿੰਘ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ ਆਦਿ ਮੌਜੂਦ ਸਨ।

੪ ਜੁਲਾਈ ੧੯੮੫ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮਾਗਮ

ਸ੍ਰੀ ਅੰਮ੍ਰਿਤਸਰ, ੪ ਜੁਲਾਈ- ਪੰਜਾਬੀ ਸੂਬਾ ਮੋਰਚੇ ਦੌਰਾਨ ਸਮੇਂ ਦੀ ਸਰਕਾਰ ਵੱਲੋਂ ੪ ਜੁਲਾਈ, ੧੯੮੫ ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਮਾਗਮ ਸਜਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਵਿੰਦਰ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮੇਂ ਸਮੇਂ ਹਾਕਮਾਂ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲੇ ਕਰ ਕੇ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੂਬਾ ਮੋਰਚੇ ਦੌਰਾਨ ਸਿੱਖਾਂ ਦੀ ਅਵਾਜ਼ ਨੂੰ ਦਬਾਉਣ ਲਈ ਵੀ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ੪ ਜੁਲਾਈ, ੧੯੮੫ ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ, ਜਿਸ ਨੂੰ ਕੌਮ ਭੁਲਾ ਨਹੀਂ ਸਕਦੀ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸਿੱਖਾਂ ਨਾਲ ਸਰਕਾਰਾਂ ਵੱਲੋਂ ਹਮੇਸ਼ਾਂ ਨਾ-ਇਨਸਾਫ਼ੀ ਕੀਤੀ ਜਾਂਦੀ ਰਹੀ ਹੈ। ਭਾਸ਼ਾ ਦੇ ਆਧਾਰ 'ਤੇ ਬਣੇ ਸੂਬਿਆਂ ਸਮੇਂ ਵੀ ਪੰਜਾਬੀਆਂ ਨਾਲ ਵਿਤਕਰਾ ਕੀਤਾ ਗਿਆ। ਇਸ ਦੇ ਵਿਰੋਧ ਵਿਚ ਜਦੋਂ

ਸਿੱਖ ਕੌਮ ਨੇ ਪੰਜਾਬੀ ਸੂਬਾ ਮੋਰਚਾ ਲਗਾਇਆ ਤਾਂ ਸਰਕਾਰ ਵੱਲੋਂ ਆਪਣੀ ਤਾਕਤ ਦੀ ਦੁਰਵਰਤੋਂ ਕਰ ਕੇ ਅਕਾਲੀ ਯੋਧਿਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਇਸੇ ਤਹਿਤ ਹੀ ਸਰਕਾਰ ਨੇ ਪੁਲਿਸ ਫੋਰਸ ਸੱਦ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ, ਜੋ ਅਜ਼ਾਦ ਭਾਰਤ ਵਿਚ ਸਿੱਖਾਂ ਨੂੰ ਵਿਤਕਰੇ ਵਖਰੇਵੇਂ ਦਾ ਅਹਿਸਾਸ ਕਰਵਾਉਣ ਵਾਲੀ ਸੀ। ਉਨ੍ਹਾਂ ਆਖਿਆ ਕਿ ਸਿੱਖਾਂ ਨੇ ਹਮੇਸ਼ਾ ਇਸ ਦੇਸ਼ ਲਈ ਲੜਾਈਆਂ ਲੜੀਆਂ ਪਰ ਸਰਕਾਰਾਂ ਨੇ ਸਿੱਖਾਂ ਦੀਆਂ ਹੱਕੀ ਮੰਗਾਂ ਨੂੰ ਸਦਾ ਨਜ਼ਰਅੰਦਾਜ਼ ਕੀਤਾ ਹੈ। ਇਸ ਦੌਰਾਨ ਸਜਾਏ ਗਏ ਧਾਰਮਿਕ ਦੀਵਾਨ ਸਮੇਂ ਢਾਡੀ ਜਥਿਆਂ ਨੇ ਵੀ ਸੰਗਤਾਂ ਨਾਲ ਇਤਿਹਾਸ ਦੀ ਸਾਂਝ ਪਾਈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਸ. ਜਸਪਾਲ ਸਿੰਘ ਢੱਡੇ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਇੰਚਾਰਜ ਸ. ਜਗਜੀਤ ਸਿੰਘ, ਐਕਸੀਅਨ ਸ. ਜਤਿੰਦਰਪਾਲ ਸਿੰਘ, ਸ. ਅਮਨਦੀਪ ਸਿੰਘ ਅਤੇ ਸੰਗਤ ਮੌਜੂਦ ਸੀ।

੩੫੦ ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਬੈਠਕ

ਸ੍ਰੀ ਅੰਮ੍ਰਿਤਸਰ, ੧੪ ਜੁਲਾਈ– ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੫੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਹੋਈ ਇਕੱਤਰਤਾ ਵਿਚ ਜਿੱਥੇ ਗੁਰਮਤਿ ਸਮਾਗਮ, ਸੈਮੀਨਾਰ, ਨਗਰ ਕੀਰਤਨ ਆਦਿ ਸਜਾਉਣ ਲਈ ਰੂਪ-ਰੇਖਾ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ, ਉੱਥੇ ਹੀ ਇਨ੍ਹਾਂ ਸਮਾਗਮਾਂ ਮੌਕੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਲੋਕ ਸਭਾ ਦੇ ਸਪੀਕਰ, ਚੀਫ ਜਸਟਿਸ ਆਫ਼ ਇੰਡੀਆ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਵਿਦੇਸ਼ਾਂ ਅੰਦਰ ਸਿੱਖ ਐਮ.ਪੀ. ਅਤੇ ਵਿਧਾਇਕਾਂ ਨੂੰ ਸ਼ਮੂਲੀਅਤ ਲਈ ਸੱਦਾ-ਪੱਤਰ ਦੇਣ ਦੀ ਵੀ ਸਾਂਝੀ ਰਾਇ ਬਣੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਾਲਮੇਲ ਕਮੇਟੀ ਦੀ ਬੈਠਕ ਵਿਚ ਵੱਖ-ਵੱਖ ਆਗੂਆਂ, ਮਹਾਂਪੁਰਖਾਂ ਅਤੇ ਵਿਦਵਾਨਾਂ ਨੇ ਬਹੁਤ ਭਾਵਪੂਰਤ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਸ਼ਤਾਬਦੀ ਸਮਾਗਮਾਂ ਦੀ ਰੂਪ-ਰੇਖਾ ਲਈ ਅਮਲ ਵਿਚ ਲਿਆਂਦਾ

ਜਾਵੇਗਾ। ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿਚ ਸਾਂਝੀ ਰਾਇ ਇਹ ਬਣੀ ਹੈ ਕਿ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਾਗਮਾਂ ਲਈ ਨਿੱਜੀ ਤੌਰ 'ਤੇ ਮਿਲ ਕੇ ਅਤੇ ਚਿੱਠੀ-ਪੱਤਰ ਰਾਹੀਂ ਸੱਦਾ ਦਿੱਤਾ ਜਾਵੇ। ਇਸ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖ-ਵੱਖ ਵਫ਼ਦਾਂ ਰਾਹੀਂ ਪ੍ਰਮੁੱਖ ਸ਼ਖ਼ਸੀਅਤਾਂ ਤਕ ਪਹੁੰਚ ਕਰੇਗੀ। ਉਨ੍ਹਾਂ ਦੱਸਿਆ ਕਿ ਇਕ ਅਹਿਮ ਫ਼ੈਸਲੇ ਤਹਿਤ ਕੇਂਦਰ ਸਰਕਾਰ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਕਿਹਾ ਜਾਵੇਗਾ। ਇਸ ਦੇ ਨਾਲ ਹੀ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿਚ ਨੌਵੇਂ ਪਾਤਸ਼ਾਹ ਨਾਲ ਸੰਬੰਧਿਤ ਸੈਮੀਨਾਰ ਆਯੋਜਿਤ ਕੀਤੇ ਜਾਣਗੇ ਅਤੇ ਗੁਰੂ ਸਾਹਿਬ ਦਾ ਇਤਿਹਾਸ ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਛਾਪਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਨੌਵੇਂ ਪਾਤਸ਼ਾਹ ਜੀ ਨੂੰ ਸਮਰਪਿਤ ਕੀਤੀ ਜਾਵੇਗੀ ਅਤੇ ਸਕੂਲਾਂ/ਕਾਲਜਾਂ ਵਿਚ ਵਿਸ਼ੇਸ਼ ਸਮਾਗਮ ਰੱਖੇ ਜਾਣਗੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਇਕ 'ਕੌਫ਼ੀ ਟੇਬਲ ਬੁੱਕ' ਤਿਆਰ ਕੀਤੀ ਜਾਵੇਗੀ ਅਤੇ ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬ ਸੰਖੇਪ ਰੂਪ ਵਿਚ ਪ੍ਰੇਰਣਾਦਾਇਕ ਵੀਡੀਓ ਬਣਾ ਕੇ ਸੰਗਤ ਤਕ ਪਹੁੰਚਾਏ ਜਾਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਅਕਾਦਮਿਕ ਪੱਧਰ 'ਤੇ ਲਏ ਗਏ ਫੈਸਲੇ ਬਾਰੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ 'ਤੇ ਚੇਅਰ ਸਥਾਪਿਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਮੌਕੇ ਅੰਤਰ-ਧਰਮ ਸੰਵਾਦ ਰਚਾਉਣ ਨੂੰ ਪਹਿਲ ਦਿੰਦਿਆਂ ਇਕ ਸਰਬ ਧਰਮ ਸੰਮੇਲਨ ਦਾ ਵੀ ਆਯੋਜਨ ਕੀਤਾ ਜਾਵੇਗਾ।

ਸ਼ਤਾਬਦੀ ਦੇ ਸੰਬੰਧ ਵਿਚ ਸਜਾਏ ਜਾਣ ਵਾਲੇ ਨਗਰ ਕੀਰਤਨਾਂ ਬਾਰੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਇਕ ਵਿਸ਼ਾਲ ਨਗਰ ਕੀਰਤਨ ਆਸਾਮ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਅਤੇ ਸ਼ਹਾਦਤ ਬਾਰੇ ਪ੍ਰੇਰਨਾ ਦਿੰਦਾ ੨੩ ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ। ਇਸੇ ਤਰ੍ਹਾਂ ਇਕ ਨਗਰ ਕੀਰਤਨ ਕਸ਼ਮੀਰ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ ਅਤੇ ਇਕ ਨਗਰ ਕੀਰਤਨ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦੇ ਮੁੱਖ ਸਮਾਗਮਾਂ ਦੌਰਾਨ ੫੧ ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਇਕ ਪੂਰਾ ਦਿਨ

ਬੱਚਿਆਂ ਨੂੰ ਸਮਰਪਿਤ ਸਮਾਗਮ ਕੀਤੇ ਜਾਣਗੇ। ੨੫ ਨਵੰਬਰ ਨੂੰ ਮੁੱਖ ਸਮਾਗਮ ਵਿਚ ਦੇਸ਼ ਦੁਨੀਆ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ ਅਤੇ ਕੌਮ ਦੇ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਹਾਜ਼ਰੀ ਭਰਨਗੇ।

ਉਨ੍ਹਾਂ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਨਾਲ ਸ਼ਹੀਦ ਹੋਣ ਵਾਲੇ ਪ੍ਰਮੁੱਖ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਲ ਬਾਬਾ ਜੀਵਨ ਸਿੰਘ ਜੀ ਨੂੰ ਸਮਰਪਿਤ ਸਮਾਗਮ ਵੀ ਕੀਤੇ ਜਾਣਗੇ ਅਤੇ ਦਸਵੇਂ ਪਾਤਸ਼ਾਹ ਜੀ ਦੇ ੩੫੦ਵੇਂ ਗੁਰਿਆਈ ਦਿਵਸ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇਗਾ। ਐਡਵੋਕੇਟ ਧਾਮੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਅਪੀਲ ਕੀਤੀ ਜਾਵੇਗੀ। ਇਸ ਸੰਬੰਧ ਵਿਚ ਪੂਰੇ ਦੇਸ਼ ਅੰਦਰ ਸਰਕਾਰਾਂ ਤਕ ਵੀ ਪਹੁੰਚ ਕਰ ਕੇ ਨਿਆਂ ਮੰਗਿਆ ਜਾਵੇਗਾ।

ਇਕੱਤਰਤਾ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਗਿਆਨੀ ਸਾਹਬ ਸਿੰਘ, ਬਾਬਾ ਸੇਵਾ ਸਿੰਘ ਕਾਰ-ਸੇਵਾ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਕਾਰ-ਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ. ਗੁਲਜਾਰ ਸਿੰਘ ਰਣੀਕੇ, ਸ. ਵੀਰ ਸਿੰਘ ਲੋਪੋਕੇ, ਸ. ਪਰਮਜੀਤ ਸਿੰਘ ਸਰਨਾ, ਸ. ਮਨਜੀਤ ਸਿੰਘ ਜੀ.ਕੇ., ਸ. ਪਰਮਜੀਤ ਸਿੰਘ ਰਾਣਾ, ਬਾਬਾ ਜਗਜੀਤ ਸਿੰਘ ਲੋਪੋਂ ਵਾਲਿਆਂ ਵੱਲੋਂ ਭਾਈ ਹਰਵਿੰਦਰ ਸਿੰਘ, ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ, ਡਾ. ਹਰਭਜਨ ਸਿੰਘ ਦੇਹਰਾਦੂਨ, ਸ. ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਜੂਨੀਅਰ ਮੀਤ ਪ੍ਰਧਾਨ, ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸ. ਰਵਿੰਦਰ ਸਿੰਘ ਖਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਬਾਬਾ ਬੂਟਾ ਸਿੰਘ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਪ੍ਰਿੰਸੀਪਲ ਧਰਮਿੰਦਰ ਸਿੰਘ ਉੱਭਾ, ਸ. ਬਲਜੀਤ ਸਿੰਘ ਸਟੱਡੀ ਸਰਕਲ ਅਤੇ ਸਹਿਜਪਾਠ ਸੰਸਥਾ ਵੱਲੋਂ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ।

ਮਹਾਰਾਣੀ ਜਿੰਦਾਂ (ਜਿੰਦ ਕੌਰ)

ਭਗਤ ਪੂਰਨ ਸਿੰਘ

ਸ. ਠਾਕੁਰ ਸਿੰਘ
ਸੰਧਾਵਾਲੀਆ

ਗਿਆਨੀ ਗਰਜਾ ਸਿੰਘ

ਸ.ਸੇਵਾ ਸਿੰਘ
ਠੀਕਰੀਵਾਲਾ

ਭਾਈ ਕਾਨ੍ਹ ਸਿੰਘ
ਨਾਭਾ

ਕਵੀਸ਼ਰ ਪੰਡਿਤ ਮੋਹਣ ਸਿੰਘ
ਘਰਿਆਲਾ

ਗਿਆਨੀ ਸੋਹਣ ਸਿੰਘ ਸੀਤਲ

ਸਿਰਦਾਰ ਕਪੂਰ ਸਿੰਘ

Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

GURMAT PARKASH

August 2025

Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-8-2025